# ਦੋ ਸ਼ਬਦ

## ਸ਼ਰਧਾ ਦਾ ਸ਼ੁਦਾਅ

ਇਸ ਸੰਸਾਰ ਵਿੱਚ ਦੋ ਵੱਡੀਆਂ ਤਾਕਤਾਂ ਹਨ—ਇਕ ਪੈਸੇ ਦੀ ਅਤੇ ਦੂਜੀ ਸਮਾਜ ਵਿੱਚ ਮਾਨਤਾ ਦੀ। ਸਿਆਣੇ ਕਹਿੰਦੇ ਹਨ, ਤਕੜੇ ਦਾ '**ਸੱਤੀ ਵੀਹੀਂ ਸੌ**' ਭਾਵ ਇਹ ਹੈ ਕਿ ਤਾਕਤ ਵਾਲੇ ਝੂਠ ਨੂੰ ਵੀ ਸੱਚ ਕਰਕੇ ਮਨਾ ਲੈਂਦੇ ਹਨ। ਇਸ ਲਈ ਸੰਸਾਰ ਵਿੱਚ ਇਹਨਾਂ ਸ਼ਕਤੀਆਂ ਨੂੰ ਹਾਸਲ ਕਰਨ ਦੀ ਦੌੜ ਲੱਗੀ ਹੋਈ ਹੈ। ਕਦੀ ਸ਼ਕਤੀ ਇੰਗਲੈਂਡ ਕੋਲ ਸੀ ਅਤੇ ਕਦੀ ਅਮਰੀਕਾ ਅਤੇ ਰੂਸ ਵੱਡੀਆਂ ਤਾਕਤਾਂ ਬਣ ਗਈਆਂ। ਪਰ ਤਾਕਤ ਨਾਲ ਸਰਬੱਤ ਦੇ ਭਲੇ ਦੀ ਗੱਲ ਤਾਂ ਕੋਈ ਵਿਰਲਾ ਹੀ ਕਰਦਾ ਹੈ। ਤਾਕਤ ਵਾਲਾ ਆਮ ਤੌਰ 'ਤੇ ਜਾਬਰ ਹੁੰਦਾ ਹੈ, ਲੋਕਾਈ 'ਤੇ ਜ਼ੁਲਮ ਕਰਦਾ ਹੈ ਅਤੇ ਸਰਬਨਾਸ਼ ਕਰਨ ਵਾਲੇ ਹਥਿਆਰ ਵੀ ਬਣਾਉਂਦਾ ਹੈ। ਆਪਣੀ ਈਨ ਮਨਾਉਣ ਲਈ ਘੱਟ ਸ਼ਕਤੀ ਵਾਲੇ ਨੂੰ ਮਜਬੂਰ ਵੀ ਕਰਦਾ ਹੈ।

ਅਕਾਲ ਪੁਰਖ ਨੇ ਇਨਸਾਨ ਵੀ ਕਈ ਤਰ੍ਹਾਂ ਦੇ ਪੈਦਾ ਕੀਤੇ ਹਨ। ਕੁਝ ਲੋਕ ਚਲਾਕ ਹੁੰਦੇ ਹਨ ਤੇ ਕੁਝ ਲੋਕ ਭੋਲੇ-ਭਾਲੇ ਅਤੇ ਸਿਧਰੇ ਹੁੰਦੇ ਹਨ। ਚਲਾਕ ਲੋਕ ਆਪਣੇ ਦਿਮਾਗ਼ ਦੀ ਗ਼ਲਤ ਵਰਤੋਂ ਕਰਕੇ, ਠੱਗੀਆਂ ਹੁਸ਼ਿਆਰੀਆਂ, ਧੋਖੇ-ਧੜੀਆਂ ਨਾਲ ਪੈਸਾ, ਧਨ, ਦੌਲਤ ਅਤੇ ਸ਼ੁਹਰਤ ਖੱਟਦੇ ਹਨ ਅਤੇ ਆਮ ਭੋਲੇ ਲੋਕ ਠੱਗੇ ਜਾਂਦੇ ਹਨ। ਇਹ ਸ਼ਾਤਰ ਲੋਕ ਆਪਣੇ ਨਿਸ਼ਾਨੇ ਤੋਂ ਇਲਾਵਾ ਕੁਝ ਨਹੀਂ ਸੋਚਦੇ। ਇਹ ਆਪਣੇ ਸ਼ਾਤਰ ਦਿਮਾਗ਼ ਨਾਲ ਵਿਉਂਤਾਂ ਘੜਦੇ ਰਹਿੰਦੇ ਹਨ।

ਗੁਰੂ ਨਾਨਕ ਦੇਵ ਜੀ ਇਹਨਾਂ ਲੋਕਾਂ ਬਾਰੇ ਆਸਾ ਦੀ ਵਾਰ ਵਿੱਚ ਫ਼ਰਮਾਉਂਦੇ ਹਨ:

**"ਵਾਇਨਿ ਚੇਲੇ ਨਚਨਿ ਗੁਰ॥**
**ਪੈਰ ਹਲਾਇਨਿ ਫੇਰਨਿ੍ ਸਿਰ॥**
**ਉਡਿ ਉਡਿ ਰਾਵਾ ਝਾਟੈ ਪਾਇ॥**
**ਵੇਖੈ ਲੋਕੁ ਹਸੈ ਘਰਿ ਜਾਇ॥**
**ਰੋਟੀਆ ਕਾਰਣਿ ਪੂਰਹਿ ਤਾਲ॥**
**ਆਪ ਪਛਾੜਹਿ ਧਰਤੀ ਨਾਲਿ॥"**



ਇਹ ਕਿਤਾਬ 'ਸ਼ਰਧਾ ਦਾ ਸ਼ੁਦਾਅ' ਵੀ ਇਹੋ ਜਿਹੇ ਸੰਸਾਰੀ ਜੀਵਾਂ ਦਾ ਬਿਰਤਾਂਤ ਬਿਆਨ ਕਰਦੀ ਹੈ, ਇਸ ਵਿੱਚ ਮੋਮੋ ਠੱਗਣੇ ਲੋਕਾਂ ਦਾ ਹਾਲ ਲਿਖਿਆ ਹੈ ਅਤੇ ਸ਼ਰਧਾ ਵਿੱਚ ਅੰਨ੍ਹੇ ਹੋਏ ਲੋਕਾਂ ਨੂੰ ਸ਼ੁਦਾਈਆਂ ਦੀ ਜਮਾਤ ਵਿੱਚ ਗਿਣਿਆ ਹੈ । ਇਸ ਕਿਤਾਬ ਦੇ ਲੇਖਕ ਅਮੀਨ ਮਲਿਕ ਜੀ ਅੱਜਕੱਲ੍ਹ ਲੰਡਨ ਵਿੱਚ ਰਹਿੰਦੇ ਹਨ ਪਰ ਜੰਮਪਲ ਲਹਿੰਦੇ ਪੰਜਾਬ ਦੇ ਹਨ। ਲਹਿੰਦੇ ਪੰਜਾਬ ਦੇ ਲੋਕ ਪੰਜਾਬੀ ਜ਼ੁਬਾਨ ਬੜੀ ਮਿੱਠੀ ਬੋਲਦੇ ਅਤੇ ਸੋਹਣੀ ਤਰ੍ਹਾਂ ਲਿਖਦੇ ਹਨ, ਪਰ ਅਮੀਨ ਮਲਿਕ ਜੀ ਦਾ ਤਾਂ ਕੋਈ ਜਵਾਬ ਹੀ ਨਹੀਂ। ਉਹਨਾਂ ਦੀ ਇਹ ਮਾਂ-ਬੋਲੀ ਹੈ ਅਤੇ ਆਪਣੀ ਮਾਂ-ਬੋਲੀ ਨੂੰ ਵੀ ਮਾਂ ਜਿੰਨਾ ਹੀ ਪਿਆਰ ਕਰਦੇ ਲੱਗਦੇ ਹਨ। ਉਹਨਾਂ ਦੀ ਇਹ ਕਿਤਾਬ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਉਹਨਾਂ ਨੂੰ ਸ਼ਰਧਾ ਦੇ ਸ਼ੁਦਾਈਆਂ ਦਾ ਫ਼ਿਕਰ ਲੱਗਿਆ ਹੋਇਆ ਹੈ। ਮੈਨੂੰ ਇਹ ਕਿਤਾਬ ਪੜ੍ਹ ਕੇ ਇਹ ਮਹਿਸੂਸ ਹੋਇਆ ਕੇ ਉਹ ਸਮਾਜ ਦੇ ਆਪ ਭੋਲੇ-ਭਾਲੇ ਲੋਕਾਂ ਨੂੰ ਠੱਗਾਂ ਤੋਂ ਸਾਵਧਾਨ ਕਰਨਾ ਚਾਹੁੰਦੇ ਹਨ। ਪਰ ਇਹ ਕੰਮ ਹੈ ਬੜਾ ਔਖਾ, ਕਿਉਂਕਿ ਅੰਨੀ, ਗੂੰਗੀ, ਬੋਲੀ ਸ਼ਰਧਾ ਦੇ ਸ਼ਰਧਾਲੂ ਨੂੰ ਕੋਈ ਅੱਖਾਂ ਵਾਲਾ ਮੱਤ ਦੇਵੇ ਉਹ ਅੱਗੋਂ ਅੱਖਾਂ ਕੱਢਣ ਨੂੰ ਪੈਂਦਾ ਹੈ। ਉਹ ਲਿਖਦੇ ਹਨ ਕਿ "ਕੀ ਕਸੂਰ ਸੀ ਬਾਬੇ ਨਾਨਕ ਦਾ ਜਿਸਦੀ ਦੁਨੀਆਂ ਵੈਰੀ ਹੋ ਗਈ ਅਤੇ ਪੈਰ-ਪੈਰ ਉੱਤੇ ਵੱਟੇ ਵੱਜੇ? ਕਿਹੜੀ ਬੁਰੀ ਮੱਤ ਦਿੰਦੇ ਸਨ ਹਜ਼ਰਤ ਮੁਹੰਮਦ ਸਾਹਿਬ ਕਿ ਉਹਨਾਂ ਦੇ ਦੰਦ ਤੋੜੇ ਗਏ ਤੇ ਸਿਰ ਵਿੱਚ ਕੂੜਾ ਸੁੱਟਿਆ, ਕਿਉਂਕਿ ਉਹਨਾਂ ਨੇ ਜੰਮਦੀਆਂ ਧੀਆਂ ਨੂੰ ਕਤਲ ਕਰਨ ਤੋਂ ਡੱਕਿਆ ਤੇ ਪੱਥਰਾਂ ਤੋਂ ਪੁੱਤਰ ਮੰਗਣ ਵਾਲਿਆਂ ਨੂੰ ਰੱਬ ਵਾਲੇ ਪਾਸੇ ਦਾ ਰਾਹ ਦੱਸਿਆ।" ਪਰ ਫਿਰ ਵੀ ਅਮੀਨ ਜੀ ਦੀ ਹਿੰਮਤ ਦੀ ਦਾਦ ਦੇਣੀ ਬਣਦੀ ਹੈ ਕਿ ਉਹਨਾਂ ਵਿਅੰਗਾਤਮਿਕ ਤਰੀਕੇ ਨਾਲ ਲੋਕਾਂ ਨੂੰ ਇਹੋ ਜਿਹੇ ਠੱਗਾਂ ਅਤੇ ਅਸਲੀ ਫ਼ਕੀਰਾਂ ਵਿੱਚ ਫ਼ਰਕ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਇਕ ਥਾਂ ਲਿਖਦੇ ਹਨ, "ਮੈਂ ਤਾਂ ਆਪ ਰੱਬ ਅੱਗੇ ਦੁਆ ਕਰਦਾ ਹਾਂ ਕਿ ਰੱਬਾ ਮੈਨੂੰ ਧਰਮ ਬਾਰੇ ਏਨੀ ਕੁ ਮੱਤ ਦੇ ਛੱਡੀਂ ਕਿ ਵਗਦੀ ਪਵਿੱਤਰ ਨਦੀ ਅਤੇ ਛੱਪੜ ਦੇ ਪਾਣੀ ਦੀ ਪਛਾਣ ਕਰ ਸਕਾਂ। ਇਹ ਮੇਰਾ ਅੱਜ ਵੀ ਯਕੀਨ ਹੈ ਜੇ ਕੋਈ ਰੱਬ ਵਾਲਾ ਫ਼ਕੀਰ ਟੱਕਰ ਜਾਏ ਤਾਂ ਉਸਦੇ ਪੈਰਾਂ ਦੀ ਮਿੱਟੀ ਵੀ ਮੇਰੇ ਮੱਥੇ ਦਾ ਤਿਲਕ ਹੈ। ਰੱਬ ਅੱਗੇ ਅਰਦਾਸ ਹੈ ਕਿ ਉਹ ਸਾਨੂੰ ਵੇਖਣ ਵਾਲੀ ਅੱਖ ਅਤੇ ਪਰਖਣ ਵਾਲੀ ਅਕਲ ਦੇਵੇ ਤਾਂ ਕਿ ਅਸੀਂ ਕਿਸੇ ਪਾਖੰਡੀ ਦੇ ਢਹੇ ਨਾ ਚੜ੍ਹ ਜਾਈਏ।

ਅਮੀਨ ਜੀ ਇਕ ਥਾਂ ਲਿਖਦੇ ਹਨ ਕਿ ਅੰਨ੍ਹੀ ਸ਼ਰਧਾ ਦੇ ਪਾਏ ਹੋਏ ਪੁਆੜੇ ਕਿਸੇ ਜ਼ਮਾਨੇ ਵਿੱਚ ਨਿੱਕੇ-ਨਿੱਕੇ ਹੁੰਦੇ ਸਨ। ਉਸ ਜ਼ਮਾਨੇ ਵਿੱਚ ਇਹ

ਪੀਰ ਬਾਬੇ ਸਿਰਫ਼ ਆਪਣੇ ਰੋਟੀ-ਟੁੱਕ ਜਾਂ ਕੜਾਹ-ਪਾਣੀ ਮੱਠਣ ਤਕ ਹੀ ਰਹਿੰਦੇ ਸਨ। ਹੁਣ ਇਸ ਕਾਰੋਬਾਰ ਨੇ ਪੂਰੀ ਦੁਨੀਆਂ ਉੱਤੇ ਪੰਜਾ ਜਮਾ ਲਿਆ ਹੈ। ਇਸ ਵੇਲੇ ਤਕ ਸਿਰਫ਼ ਪਾਕਿਸਤਾਨ ਵਿੱਚ ਹੀ ਫੌਜ ਅਤੇ ਤਾਲਿਬਾਨ ਵਿੱਚ ਹੋਣ ਵਾਲੀ ਲੜਾਈ ਨਾਲ ਪੰਜਾਹ ਹਜ਼ਾਰ ਬੰਦਾ ਮਾਰਿਆ ਜਾ ਚੁੱਕਾ ਹੈ। ਇਸ ਲੜਾਈ ਦੀ ਅੱਗ ਅੰਨ੍ਹੀ ਸ਼ਰਧਾ ਦੀ ਸ਼ੁਰਲੀ ਚਲਾਣ ਨਾਲ ਫੈਲੀ ਹੈ, ਜਿਸਨੂੰ ਜੇਹਾਦ ਦਾ ਨਾਂਅ ਦੇ ਕੇ ਅਗਲੇ ਜਹਾਨ ਵਿੱਚ ਜੰਨਤ ਹਾਸਲ ਕਰਨ ਦੇ ਲਾਲਚ ਵਿੱਚ ਅੰਨ੍ਹੇ ਹੋਏ ਸ਼ਰਧਾਲੂ ਸੋਚ ਵਿਚਾਰ ਤੋਂ ਵਾਂਝੇ ਹੋ ਗਏ। ਹਰ ਸ਼ਰਧਾਲੂ ਆਪਣੀ-ਆਪਣੀ ਸ਼ਰਧਾ ਨੂੰ ਰੱਬ ਦਾ ਹੁਕਮ ਆਖ ਕੇ ਰੱਬ ਦੇ ਹੁਕਮ ਦੀ ਹੀ ਉਲੰਘਣਾ ਕਰਕੇ ਰੱਬ ਦੀ ਖਲਕਤ ਨੂੰ ਕਤਲ ਕਰੀ ਜਾ ਰਿਹਾ ਹੈ।

ਭਾਰਤ ਵਿੱਚ ਵੀ ਇਹੋ ਜਿਹੇ ਠੱਗ ਬਥੇਰੇ ਹਨ ਜੋ ਕਿ ਲੋਕਾਂ ਨੂੰ ਧਰਮ ਦੇ ਨਾਮ 'ਤੇ ਸ਼ੁਦਾਈ ਬਣਾਈ ਜਾ ਰਹੇ ਹਨ ਅਤੇ ਉਹ ਕਿਹੜਾ ਨਿਕੰਮਾ ਇਨਸਾਨੀਅਤ ਤੋਂ ਡਿੱਗਿਆ ਭੈੜਾ ਕੰਮ ਹੈ ਜਿਹੜਾ ਉਹਨਾਂ ਦੇ ਡੇਰਿਆਂ ਵਿੱਚ ਨਹੀਂ ਹੁੰਦਾ। ਜਿਹੜੇ ਸ਼ਰਧਾਲੂਆਂ ਨੇ ਆਪਣੀ ਅਕਲ ਨੂੰ ਜਿੰਦਰਾ ਮਾਰ ਕੇ ਕੁੰਜੀ ਖੂਹ ਵਿੱਚ ਸੁੱਟੀ ਹੋਵੇ, ਉਹ ਸੁਣਿਆ ਹੈ ਇਕ ਹਜ਼ਾਰ ਰੁਪਏ ਦਾ ਇਕ ਘੀਆ ਅਤੇ ਇਕ ਹਜ਼ਾਰ ਰੁਪਏ ਕਿਲੋ ਦਾ ਗੁੜ ਵੀ ਇਸ ਲਈ ਖ਼ਰੀਦਦੇ ਹਨ ਕਿ ਉਸਨੂੰ ਬਾਬੇ ਦੇ ਹੱਥ ਲੱਗੇ ਹੋਏ ਹਨ। ਆਪਣੀਆਂ ਧੀਆਂ ਵੀ ਬਾਬੇ ਨੂੰ ਰੱਬ ਸਮਝ ਕੇ ਦੇ ਛੱਡਦੇ ਹਨ। ਬੰਦਾ ਇਸ ਕਿਸਮ ਦੇ ਢਾਅ-ਢੱਪੇ ਅਤੇ ਠੱਗਬਾਜ਼ੀਆਂ ਨੂੰ ਰੋਜ਼ ਵੇਖ ਰਿਹਾ ਹੈ, ਪਰ ਫਿਰ ਵੀ ਜਿੰਨੀ ਗਿਣਤੀ ਨਾਲ ਅੱਜ ਦੇ ਸ਼ੁਦਾਅ ਵਰਗੀ ਸ਼ਰਧਾ ਨਾਲ ਸ਼ੁਦਾਈ ਹੋਏ ਫਿਰਦੇ ਹਨ, ਪਹਿਲਾਂ ਕਦੀ ਵੀ ਨਹੀਂ ਸਨ ਵੇਖੇ। ਅਮੀਨ ਜੀ ਲਿਖਦੇ ਹਨ:

"ਇਕ ਬੰਨੇ ਹਰ ਕੋਈ ਆਖਦਾ ਹੈ ਅੱਜ ਦੁਨੀਆਂ ਬੜੀ ਸਿਆਣੀ ਹੋ ਗਈ ਹੈ ਅਤੇ ਹਰ ਬੰਦੇ ਨੂੰ ਸ਼ਊਰ (Etiquette) ਆ ਗਿਆ ਹੈ। ਜੇ ਇਹ ਗੱਲ ਸੱਚੀ ਹੈ ਤਾਂ ਫਿਰ ਸ਼ੁਦਾਈਆਂ ਦੀਆਂ ਡਾਰਾਂ ਕਿੱਥੋਂ ਆ ਗਈਆਂ? ਕਿੰਨੇ ਸਿਆਣੇ ਨੇ ਉਹ ਸ਼ਰਧਾਲੂ, ਮੁਰੀਦ, ਬਾਲਕੇ ਜਿਹੜੇ ਬਾਲਾਂ ਦੀ ਰੋਟੀ ਖੋਹ ਕੇ ਲੱਖਪਤੀ ਪੀਰ ਨੂੰ ਕਰੋੜਪਤੀ ਬਣਾਉਂਦੇ ਨੇ, ਪੀਰ ਦੀ ਕਾਰ ਦੀ ਉੱਡਣ ਵਾਲੀ ਧੂੜ ਨੂੰ ਖੰਡ ਜਾਣ ਕੇ ਫੱਕੀ ਜਾਂਦੇ ਨੇ। ਪਤਾ ਨਹੀਂ ਲੱਗਦਾ ਕਿ ਇਸ ਨਵੇਂ ਦੌਰ ਨੂੰ ਤਰੱਕੀਯਾਫਤਾ ਸਿਆਣਾ ਜ਼ਮਾਨਾ ਆਖਾਂ ਕਿ ਜਹਾਲਤ ਦੇ ਵਹਿਣ ਵਿੱਚ ਡੁੱਬਦੀ ਹੋਈ ਦੁਨੀਆਂ ਆਖਾਂ।

ਧਰਮ ਦੇ ਠੇਕੇਦਾਰਾਂ ਨੂੰ ਕਈ ਵਾਰੀ ਅੰਨ੍ਹਾ ਸ਼ੁਦਾਅ ਹੋ ਜਾਂਦਾ ਹੈ। ਉਹ ਆਪਣੀ ਗ਼ਲਤ ਸੋਚ 'ਤੇ ਵੀ ਪੂਰਾ ਪਹਿਰਾ ਦਿੰਦੇ ਹੋਏ ਕਈ ਵਿਗਿਆਨੀਆਂ



ਦੀ ਗੱਲ ਨੂੰ ਸੋਚੇ ਸਮਝੇ ਬਿਨਾਂ ਫਤਵੇ ਜਾਰੀ ਕਰ ਦਿੰਦੇ ਹਨ; ਜਿਵੇਂ ਕਿ ਸੁਕਰਾਤ ਨੂੰ ਜ਼ਹਿਰ ਦਾ ਪਿਆਲਾ ਪਿਆਇਆ, ਗਲੈਲੀਓ ਨੂੰ ਫ਼ਾਂਸੀ ਦਾ ਹੁਕਮ ਦਿੱਤਾ।

ਅੱਜ ਵੀ ਕੱਟੜਵਾਦੀਆਂ ਨੇ ਧਰਮ ਦੀ ਅੰਨ੍ਹੀ ਸ਼ਰਧਾ ਕਰਕੇ, ਦਾਭੋਲਕਰ ਪਾਨੇਸਰ ਕੁਲਵਰਗੀ ਅਤੇ ਗੌਰੀ ਲੋਕੇਸ਼ ਵਰਗਿਆਂ ਦੀ ਹੱਤਿਆ ਕੀਤੀ ਹੈ, ਕਿਉਂਕਿ ਇਹਨਾਂ ਲੋਕਾਂ ਨੇ ਅੰਧ-ਵਿਸ਼ਵਾਸਾਂ ਕਥਿਤ ਚਮਤਕਾਰਾਂ ਅਤੇ ਅਖੌਤੀ ਕਾਲੇ ਇਲਮਾਂ ਦੇ ਦਾਅਵੇਦਾਰਾਂ ਦੇ ਖ਼ਿਲਾਫ਼ ਸੰਘਰਸ਼ ਸ਼ੁਰੂ ਕੀਤਾ। ਇੰਝ ਲੱਗਦਾ ਹੈ ਕਿ ਕੁਝ ਇਨਸਾਨੀਅਤ ਦੇ ਦੁਸ਼ਮਣ ਲੋਕਾਂ ਨੇ ਰੋਟੀ-ਟੁੱਕ ਲਈ ਸ਼ੁਦਾਈਆਂ ਨੂੰ ਉਂਗਲੀ ਲਾਇਆ ਅਤੇ ਉਨ੍ਹਾਂ ਦਾ ਸ਼ੁਦਾਅ ਅੰਨ੍ਹਾ ਹੋ ਕੇ ਤਬਾਹੀ ਵੱਲ ਪਰਤ ਗਿਆ। ਹੁਣ ਇਸ ਸ਼ੁਦਾਅ ਨੂੰ ਹਕੂਮਤਾਂ ਕਰਨ ਵਾਲੇ ਇਨਸਾਨੀ-ਦੁਸ਼ਮਣ ਵਰਤ ਰਹੇ ਨੇ। ਪੈਸੇ ਨਾਲ ਸ਼ਰਧਾ ਵਿਕਦੀ ਹੈ, ਵੋਟ ਵਿਕਦੇ ਨੇ, ਇਨਸਾਨੀ ਜ਼ਿੰਦਗੀ ਵਿਕਦੀ ਹੈ।"

ਅਮੀਨ ਜੀ ਦੀ ਦਿਲ ਦੀਆਂ ਡੂੰਘਾਈਆਂ ਵਿੱਚੋਂ ਨਿਕਲੀ ਗੱਲ ਲਿਖ ਕੇ ਮੈਂ ਉਹਨਾਂ ਦਾ ਧੰਨਵਾਦ ਕਰਦੀ ਹਾਂ ਕਿ ਉਹਨਾਂ ਨੇ ਇਹ ਲੇਖ ਲਿਖ ਕੇ ਸਮਾਜ ਦੀਆਂ ਅੱਖਾਂ ਖੋਲ੍ਹਣ ਦਾ ਯਤਨ ਕੀਤਾ ਹੈ। "ਅਫ਼ਸੋਸ ਕਿ ਅੱਜ ਦਾ ਇਨਸਾਨ ਜਦੋਂ ਅਮਨ-ਪਸੰਦ ਘੁੱਗੀ ਤੋਂ ਕਾਂ ਬਣਿਆ ਤਾਂ ਬਦ-ਦਿਆਨਤੀ ਦੀ ਗੰਦੀ ਰੂੜੀ ਫੋਲਣ ਲੱਗ ਪਿਆ। ਜੀਅ ਕਰਦਾ ਹੈ ਅੱਜ ਦੇ ਜ਼ੁਲਮ ਜਾਬਰ ਅਤੇ ਜ਼ਿਆਦਤੀਆਂ ਲਿਖਦੇ-ਲਿਖਦੇ ਸਾਰੀ ਹਿਆਤੀ ਗੁਜ਼ਾਰ ਦੇਵਾਂ। ਇਹ ਰੱਬ ਦੀ ਬਣਾਈ ਹੋਈ ਹਰੀ-ਭਰੀ ਦੁਨੀਆਂ ਅੱਜ ਲਹੂ ਰੰਗੀ ਹੋ ਗਈ ਹੈ।"

ਧੰਨਵਾਦ ਹੈ ਭਗਤ ਪੂਰਨ ਸਿੰਘ ਪ੍ਰਿੰਟਿੰਗ ਪ੍ਰੈੱਸ ਦੇ ਸਟਾਫ਼ ਦਾ, ਜਿਨ੍ਹਾਂ ਨੇ ਬੜੀ ਸ਼ਿੱਦਤ ਨਾਲ ਸਾਰਾ ਕੰਮ ਸਿਰੇ ਚਾੜ੍ਹਿਆ ਹੈ ਅਤੇ ਜਾਗੀਰ ਸਿੰਘ ਨੂਰੀ ਜੀ ਦਾ ਜਿਹਨਾਂ ਨੇ ਪਰੂਫ਼ ਪੜ੍ਹੇ ਹਨ ਅਤੇ ਅਖ਼ੀਰ ਵਿੱਚ ਸਾਰੀ ਸੰਗਤ ਦਾ ਜਿਨ੍ਹਾਂ ਦੇ ਸਹਿਯੋਗ ਸਦਕਾ ਹੀ ਕਿਤਾਬਾਂ ਲਿਖਣ, ਛਾਪਣ ਅਤੇ ਸੰਗਤਾਂ ਤਕ ਪਹੁੰਚਾਉਣ ਦਾ ਕੰਮ ਲਗਾਤਾਰ ਜਾਰੀ ਹੈ।

**ਡਾ: ਇੰਦਰਜੀਤ ਕੌਰ,**

**ਪ੍ਰਧਾਨ,**

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.) ਅੰਮ੍ਰਿਤਸਰ।**

# ਸ਼ਰਧਾ ਦਾ ਸ਼ੁਦਾਅ

## -ਅਮੀਨ ਮਲਿਕ

ਸ਼ਰਧਾ ਇਕ ਨਿੱਕਾ ਜਿਹਾ ਸ਼ਬਦ ਹੈ ਜਿਸ ਨੂੰ ਉਰਦੂ ਅਰਬੀ ਵਿੱਚ ਅਕੀਦਤ ਆਖਿਆ ਜਾਂਦਾ ਹੈ। ਮੋਟੇ ਲਫ਼ਜ਼ਾਂ ਵਿੱਚ ਇਸ ਦਾ ਪ੍ਰਗਟਾਵਾ ਇੰਞ ਕਰਾਂਗੇ ਕਿ ਧਰਮ ਬਾਰੇ ਇਨਸਾਨੀ ਸੋਚ, ਯਕੀਨ, ਭਰੋਸਾ ਅਤੇ ਮਾਨਤਾ ਨੂੰ ਸ਼ਰਧਾ ਆਖਿਆ ਜਾਂਦਾ ਹੈ । ਇਹ ਸ਼ਰਧਾ ਇਨਸਾਨ ਨੂੰ ਰਾਹ ਵੀ ਦੱਸਦੀ ਏ ਤੇ ਡਾਹ ਵੀ ਲਾਉਂਦੀ ਹੈ । ਇਹ ਉਸਾਰੂ ਵੀ ਹੈ ਤੇ ਮਾਰੂ ਵੀ । ਇਹ ਦੋ ਧਾਰੀ ਤਲਵਾਰ ਹੈ ਜੋ ਹਿਫ਼ਾਜ਼ਤ ਵੀ ਕਰਦੀ ਏ ਪਰ ਪੁੱਠੀ ਵਰਤਣ ਨਾਲ ਆਪਣਾ ਗਲ ਵੀ ਕੱਟ ਦੇਂਦੀ ਹੈ । ਕੋਈ ਰੱਬ ਦਾ ਬੰਦਾ ਟੱਕਰ ਜਾਵੇ ਤਾਂ ਉਸ ਦੀ ਸ਼ਰਧਾ ਇਕ ਸ਼ੁਦਾਅ ਦਾ ਰੂਪ ਧਾਰ ਲਵੇ ਤਾਂ ਇਹ ਐਟਮ ਬੰਬ ਨਾਲੋਂ ਵੀ ਬਹੁਤਾ ਉਜਾੜਾ ਕਰਦੀ ਹੈ । ਸ਼ੁਦਾਅ ਵਰਗੀ ਕੁੱਦੀ ਹੋਈ ਸ਼ਰਧਾ ਇੰਞ ਹੀ ਹੈ ਜਿਵੇਂ ਕਿਸੇ ਬਘਿਆੜ ਨੂੰ ਭੇਡਾਂ ਦੇ ਵਾੜੇ ਵਿੱਚ ਛੱਡ ਦੇਈਏ । ਇੰਞ ਦੀ ਸ਼ਰਧਾ ਸਿਰਫ਼ ਕਿਸੇ ਦੇ ਘਰ ਦਾ ਹੀ ਉਜਾੜਾ ਨਹੀਂ ਕਰਦੀ ਸਗੋਂ ਮੁਹੱਲੇ, ਸ਼ਹਿਰ ਤੇ ਮੁਲਕਾਂ ਵਿੱਚ ਵੀ ਅੱਗ ਲਾ ਦੇਂਦੀ ਹੈ ।

ਅੱਜ ਦੇ ਜ਼ਮਾਨੇ ਦੀ ਮੁਸੀਬਤ ਇਹ ਹੈ ਕਿ ਜੇ ਇਸ ਅੰਨ੍ਹੀ, ਗੂੰਗੀ, ਬੋਲੀ ਸ਼ਰਧਾ ਦੇ ਸ਼ਰਧਾਲੂ ਨੂੰ ਕੋਈ ਅੱਖਾਂ ਵਾਲਾ ਮੱਤ ਦੇਵੇ ਤਾਂ ਉਹ ਅੱਗੋਂ ਅੱਖਾਂ ਕੱਢਣ ਨੂੰ ਪੈਂਦਾ ਹੈ । ਸਮਝੋ ਕਿ ਇਸ ਝੂਠੇ ਸਮਾਜ ਅਤੇ ਮੁਆਸ਼ਰੇ ਵਿੱਚ ਸੱਚੇ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ । ਉਸ ਉੱਤੇ ਕੁਫ਼ਰ ਦੇ ਫ਼ਤਵੇ ਲਾ ਕੇ ਥਾਂ-ਥਾਂ ਮਿੱਟੀ ਪਲੀਤ ਕੀਤੀ ਜਾਂਦੀ ਹੈ ਅਤੇ ਹੁੱਕਾ ਪਾਣੀ ਬੰਦ ਕਰ ਦਿੱਤਾ ਜਾਂਦਾ ਹੈ । ਗਏ ਵੇਲੇ ਜਾਂ ਅਤੀਤ ਉੱਪਰ ਝਾਤੀ ਮਾਰੋ ਤਾਂ ਮੇਰੀ ਇਸ ਸੱਚਾਈ ਦੀ ਤਸਦੀਕ ਇੰਞ ਹੁੰਦੀ ਹੈ ਕਿ ਕੀ ਕਸੂਰ ਸੀ ਬਾਬੇ ਨਾਨਕ ਦਾ, ਜਿਸ ਦੀ ਦੁਨੀਆਂ ਵੈਰੀ ਹੋ ਗਈ ਅਤੇ ਪੈਰ-ਪੈਰ ਉੱਤੇ ਵੱਟੇ ਵੱਜੇ? ਕਿਹੜੀ ਬੁਰੀ ਮੱਤ ਦੇਂਦੇ ਸਨ ਹਜ਼ਰਤ ਮੁਹੰਮਦ ਸਾਹਬ ਕਿ ਉਨ੍ਹਾਂ ਦੇ ਦੰਦ ਤੋੜੇ ਗਏ ਤੇ ਸਿਰ ਵਿੱਚ ਕੂੜਾ ਸੁੱਟਿਆ, ਕਿਉਂਕਿ ਉਨ੍ਹਾਂ ਨੇ ਜੰਮਦੀਆਂ ਧੀਆਂ ਨੂੰ ਕਤਲ ਕਰਨ ਤੋਂ ਡੱਕਿਆ ਤੇ ਪੱਥਰਾਂ ਤੋਂ ਪੁੱਤਰ ਮੰਗਣ ਵਾਲਿਆਂ ਨੂੰ ਇਕ ਰੱਬ ਵਾਲੇ ਪਾਸੇ ਦਾ ਰਾਹ ਦੱਸਿਆ ਸੀ । ਜ਼ਰਾ ਗਹੁ ਕਰ ਕੇ ਨੀਝ ਲਾਈਏ ਤਾਂ ਅੰਨ੍ਹੀ ਬੋਲੀ ਸ਼ਰਧਾ ਹੀ ਉਨ੍ਹਾਂ ਨੂੰ ਕਬੂਲ ਨਹੀਂ ਸੀ ਕਰਦੀ । ਉਹ ਲੋਕਾਂ ਨੂੰ ਮੱਤ ਦੇਂਦੇ ਪਰ ਪੁੱਠੀ ਸ਼ਰਧਾ ਅੱਗੋਂ ਲੱਤ ਮਾਰਦੀ ।



ਕੀ ਕਿਆਮਤ ਹੈ ਕਿ ਜੇ ਕੋਈ ਬੰਦਾ ਮੱਝ ਗਾਂ ਖ਼ਰੀਦਣ ਜਾਂਦਾ ਹੈ ਤਾਂ ਕਈ ਸਿਆਣੇ ਸਲਾਹ ਮਸ਼ਵਰੇ ਲਈ ਨਾਲ ਲਿਜਾਂਦਾ ਹੈ । ਫਿਰ ਡੰਗਰ ਨੂੰ ਟੋਰ ਫੇਰ ਕੇ, ਵੇਖ ਚਾਖ ਕੇ, ਠੋਕ ਵਜਾ ਕੇ ਤੇ ਸੋਚ ਵਿਚਾਰ ਕੇ ਲੈਂਦਾ ਹੈ । ਪਰ ਇਸ ਦੇ ਉਲਟ ਕਿਸੇ ਅਖੌਤੀ ਪੀਰ ਫ਼ਕੀਰ, ਗੁਰੂ, ਮੁੱਲਾਂ ਭਾਈ ਜਾਂ ਬਾਬੇ ਦੀ ਸ਼ਰਧਾ ਦੇ ਬੂਹੇ ਦੀ ਚੂਥੀ ਵਿੱਚ ਹੱਥ ਦੇਣ ਲੱਗਿਆਂ ਅਕਲ ਦੇ ਬੂਹੇ ਬੰਦ, ਮੱਤ ਨੂੰ ਅੱਗ ਤੇ ਦਿਮਾਗ਼ ਨੂੰ ਜਿੰਦਰੇ ਮਾਰ ਦਿੱਤੇ ਜਾਂਦੇ ਹਨ । ਉੱਤੋਂ ਪੀਰ ਸਾਹਬ ਦਾ ਵੀ ਹੁਕਮ ਹੁੰਦਾ ਹੈ ਕਿ ਧਰਮ ਜਾਂ ਮਜ਼ਹਬ ਦਾ ਅਕਲ ਜਾਂ ਮੱਤ ਨਾਲ ਕੋਈ ਵਾਸਤਾ ਨਹੀਂ । ਧਰਮ ਆਖਦਾ ਹੈ ਕਿ ਮੇਰੇ ਉੱਤੇ ਇਤਬਾਰ ਕਰਨ ਲੱਗਿਆਂ ਅਕਲ ਘਰ ਛੱਡ ਆਉ, ਕਿਉਂਕਿ ਤਫ਼ਤੀਸ਼ ਤਸਦੀਕ ਕਰਨ ਲੱਗਿਆਂ ਪੀਰਾਂ ਬਾਬਿਆਂ ਦੀਆਂ ਚਲਾਕੀਆਂ ਫੜੀਆਂ ਜਾਂਦੀਆਂ ਹਨ, ਇਸ ਕਰ ਕੇ ਉਨ੍ਹਾਂ ਦਾ ਹੁਕਮ ਹੈ ਕਿ ਮਜ਼ਹਬ ਉੱਤੇ ਗ਼ੌਰ ਕਰਨ ਵਾਲਾ ਕਾਫ਼ਰ ਹੋ ਜਾਂਦਾ ਹੈ । ਬਸ ਇਹੀ ਸਮਝੋ ਕਿ ਜਿਸ ਨੇ ਲਾਈ ਗੱਲੀਂ ਉਸੇ ਨਾਲ ਉੱਠ ਚੱਲੀ । ਕੈਸੀ ਅਜੀਬ ਗੱਲ ਹੈ ਕਿ ਅਕਲ ਵਰਤਣਾ ਮਨ੍ਹਾ ਹੈ । ਇਸ ਦਾ ਮਤਲਬ ਹੈ ਕਿ ਸਵਰਗ ਵਿੱਚ ਜਾਣ ਲਈ ਬੇਅਕਲ ਅਤੇ ਸ਼ੁਦਾਈ ਹੋਣਾ ਜ਼ਰੂਰੀ ਹੈ? ਅੰਨ੍ਹੇ, ਬੋਲੇ, ਗੂੰਗੇ ਸ਼ਰਧਾ ਵਾਲੇ ਨੂੰ ਕੋਈ ਲੋੜ ਨਹੀਂ ਰਹਿੰਦੀ ਕਿ ਮੱਝ, ਗਾਂ ਖ਼ਰੀਦਣ ਵਾਂਗ ਕਿਸੇ ਪੀਰ ਬਾਬੇ ਜਾਂ ਮੁੱਲਾਂ ਭਾਈ ਦੇ ਚਾਲੇ ਵੀ ਠੋਕ ਵਜਾ ਕੇ ਵੇਖ ਲਵੇ? ਮੂਰਖ ਸ਼ਰਧਾਲੂ ਨੇ ਕਦੇ ਨਹੀਂ ਸੋਚਿਆ ਕਿ ਅੱਲਾਹ ਵਾਲੇ ਤਾਂ ਬਾਬੇ ਨਾਨਕ, ਮਹਾਤਮਾ ਬੁੱਧ ਅਤੇ ਹਜ਼ਰਤ ਮੁਹੰਮਦ ਜਿਹੀ ਜ਼ਿੰਦਗੀ ਬਸਰ ਕਰਦੇ ਸਨ ਪਰ ਮੇਰਾ ਪੀਰ ਕਾਰਾਂ, ਕੋਠੀਆਂ ਅਤੇ ਮਹਿਲ-ਮਾੜੀਆਂ ਵਿੱਚ ਕਿਉਂ ਰਹਿੰਦਾ ਹੈ? ਅੱਜ ਨਾ ਬਾਬਾ ਨਾਨਕ ਜੀ ਜਿਹੇ ਪੀਰ ਅਤੇ ਨਾ ਭਾਈ ਮਰਦਾਨੇ ਜਿਹੇ ਸ਼ਰਧਾਲੂ ਰਹੇ । ਜਾਂ ਹੋ ਸਕਦਾ ਹੈ ਅੱਜ ਦਾ ਸ਼ਰਧਾਲੂ ਵੀ ਆਪਣਾ ਹੀ ਉੱਲੂ ਸਿੱਧਾ ਕਰ ਰਿਹਾ ਹੋਵੇ । ਜਿਵੇਂ, ਗੁਰੂ ਤੇ ਚੇਲਾ ਨਾਨਕਾ ਖੇਡਣ ਦਾਉ ਦਾਈ...।

ਕੋਈ ਜ਼ਮਾਨਾ ਸੀ ਜਦਕਿ ਇਸ ਅੰਨ੍ਹੀ ਸ਼ਰਧਾ ਦੇ ਪਾਏ ਹੋਏ ਪਵਾੜੇ ਨਿੱਕੇ-ਨਿੱਕੇ ਹੁੰਦੇ ਸਨ । ਇਹ ਧਰਮ ਦੇ ਮਾਮੇ ਅਤੇ ਠੇਕੇਦਾਰ ਆਪਣੇ ਕਲਾ ਅਤੇ ਫ਼ਨ ਦੀ ਬੀਨ ਐਨੀ ਸੁਰੀਲੀ ਵਜਾਂਦੇ ਨੇ ਕਿ ਸਿਰਫ਼ਿਰਿਆ ਸ਼ਰਧਾਲੂ ਸਿਰ ਮਾਰਨ ਲੱਗ ਪੈਂਦਾ ਹੈ । ਫਿਰ ਕਾਰੀਗਰ ਪੀਰ ਸਾਧੂ ਸੰਤ ਉਸ ਦੀ ਮੱਤ ਮਾਰ ਕੇ ਉਸ ਦੀਆਂ ਸੋਚਾਂ ਉੱਤੇ ਕਬਜ਼ਾ ਕਰ ਲੈਂਦਾ ਹੈ । ਅੱਜ ਇਸ ਖੇਡ ਨੂੰ 'ਬਰੇਨ ਵਾਸ਼' ਦਾ ਨਾਂ ਦਿੱਤਾ ਗਿਆ ਹੈ । ਕਿਸੇ ਜ਼ਮਾਨੇ ਵਿੱਚ ਇਹ

ਤਮਾਸ਼ਾ ਛੋਟੇ ਪੱਧਰ 'ਤੇ ਕੀਤਾ ਜਾਂਦਾ ਸੀ ਪਰ ਅੱਜ ਇਸ ਖੇਡ ਦਾ ਖਲਾਰ ਘਰਾਂ ਵਿੱਚੋਂ ਨਿਕਲ ਕੇ ਸ਼ਹਿਰਾਂ ਅਤੇ ਮੁਲਕਾਂ ਵਿੱਚ ਫੈਲ ਗਿਆ ਹੈ । ਉਸ ਜ਼ਮਾਨੇ ਵਿੱਚ ਇਹ ਪੀਰ ਬਾਬੇ ਸਿਰਫ਼ ਆਪਣੇ ਰੋਟੀ ਟੁੱਕ ਜਾਂ ਕੜਾਹ ਪਾਣੀ ਮੱਠਣ ਤਕ ਹੀ ਰਹਿੰਦੇ ਸਨ । ਹੁਣ ਇਸ ਕਾਰੋਬਾਰ ਨੇ ਪੂਰੀ ਦੁਨੀਆਂ ਉੱਤੇ ਪੰਜਾ ਜਮਾ ਲਿਆ ਹੈ । ਇਸ ਵੇਲੇ ਤਕ ਸਿਰਫ਼ ਪਾਕਿਸਤਾਨ ਵਿੱਚ ਹੀ ਫ਼ੌਜ ਅਤੇ ਤਾਲਿਬਾਨ ਵਿੱਚ ਹੋਣ ਵਾਲੀ ਲੜਾਈ ਨਾਲ ਪੰਜਾਹ ਹਜ਼ਾਰ ਬੰਦਾ ਮਾਰਿਆ ਜਾ ਚੁੱਕਾ ਹੈ । ਇਸ ਲੜਾਈ ਦੀ ਅੱਗ ਅੰਨ੍ਹੀ ਸ਼ਰਧਾ ਦੀ ਸ਼ੁਰਲੀ ਚਲਾਣ ਨਾਲ ਫੈਲੀ ਹੈ, ਜਿਸ ਨੂੰ ਜੇਹਾਦ ਦਾ ਨਾਂ ਦੇ ਕੇ ਅਗਲੇ ਜਹਾਨ ਵਿੱਚ ਜੰਨਤ ਹਾਸਲ ਕਰਨ ਦੇ ਲਾਲਚ ਵਿੱਚ ਅੰਨ੍ਹੇ ਹੋਏ ਸ਼ਰਧਾਲੂ ਸੋਚ ਵਿਚਾਰ ਤੋਂ ਵਾਂਝੇ ਹੋ ਗਏ ਹਨ । ਹਰ ਸ਼ਰਧਾਲੂ ਆਪਣੀ-ਆਪਣੀ ਸ਼ਰਧਾ ਨੂੰ ਰੱਬ ਦਾ ਹੁਕਮ ਆਖ ਕੇ ਰੱਬ ਦੇ ਹੁਕਮ ਦੀ ਹੀ ਉਲੰਘਣਾ ਕਰ ਕੇ ਰੱਬ ਦੀ (ਮਖ਼ਲੂਕ) ਖ਼ਲਕਤ ਨੂੰ ਕਤਲ ਕਰੀ ਜਾ ਰਿਹਾ ਹੈ । ਨਿੱਕੇ-ਨਿੱਕੇ ਅਲੂੰਏਂ ਮੁੰਡੇ ਮੌਲਵੀਆਂ ਦੀ ਉਂਗਲੀ ਲੱਗ ਕੇ ਸ਼ਰਧਾ ਦੇ ਨਸ਼ੇ ਵਿੱਚ ਮਦਹੋਸ਼ ਹੋ ਕੇ ਲੱਕ ਨਾਲ ਬੰਬ ਬੰਨ੍ਹ ਕੇ ਸਕੂਲਾਂ ਦੇ ਮਾਸੂਮ ਬਾਲ ਵੀ ਮਾਰੀ ਜਾ ਰਹੇ ਹਨ ।

ਇਸ ਪੂਰੀ ਦੁਨੀਆਂ ਉੱਤੇ ਲੱਗੀ ਹੋਈ ਅੱਗ ਅਤੇ ਛੱਲੀ ਦੇ ਵੈਰ ਨਾਲੋਂ ਜ਼ਿਆਦਾ ਖ਼ਤਰਨਾਕ ਸ਼ਰਧਾ ਦੇ ਸ਼ੁਦਾਈਆਂ ਦੀ ਵਿਸਥਾਰ, ਵਿਆਖਿਆ ਜਾਂ ਤਫ਼ਸੀਲ ਤਾਂ ਅੱਗੇ ਜਾ ਕੇ ਬਿਆਨ ਕਰਾਂਗਾ, ਪਹਿਲਾਂ ਹਰ ਘਰ, ਹਰ ਮੁਹੱਲੇ ਤੇ ਹਰ ਗਲੀ ਵਿੱਚ ਅੱਗ ਲਾਉਂਦੀ ਫਿਰਦੀ ਉਸ ਚੁੱਪਚਾਪ ਸ਼ਰਧਾ ਦੀ ਗੱਲ ਕਰ ਲਵਾਂ ਜਿਸ ਨੂੰ ਲੋਕ ਰੱਬ ਦੀ ਮਰਜ਼ੀ ਆਖ ਕੇ ਬੜੇ ਚਾਵਾਂ ਨਾਲ ਗ਼ਰਕ ਹੋ ਜਾਣ ਵਾਲੀ ਬੇੜੀ ਵਿੱਚ ਬੈਠ ਕੇ ਕਾਮਯਾਬੀ ਦੇ ਦੂਜੇ ਕੰਢੇ ਅਪੜਨ ਦੀ ਆਸ ਵਿੱਚ ਗੋਤੇ ਖਾ ਰਹੇ ਹਨ ।

ਹਰ ਖ਼ੁਸ਼ਨਸੀਬ ਹੋਸ਼ਮੰਦ ਇਨਸਾਨ, ਜਿਹੜਾ ਇੰਞ ਦੀ ਸ਼ਰਧਾ ਦੇ ਸ਼ੁਦਾਅ ਤੋਂ ਬਚਿਆ ਹੋਇਆ ਹੈ, ਇਸ ਕਿਸਮ ਦੇ ਤਮਾਸ਼ੇ ਵੇਖਦਾ ਹੀ ਹੋਵੇਗਾ। ਪਰ ਮੈਂ ਦੋ ਚਾਰ ਖੇਡਾਂ ਹੀ ਪੇਸ਼ ਕਰ ਰਿਹਾ ਹਾਂ ਤਾਂ ਜੋ ਇਸ ਪਾਗਲਖ਼ਾਨੇ ਵਿੱਚ ਖ਼ੁਸ਼ ਹੋ ਕੇ ਵੜੇ ਇਨਸਾਨਾਂ ਵਿੱਚੋਂ ਸ਼ਾਇਦ ਕੋਈ ਸਬਕ ਸਿੱਖ ਲਵੇ ।

ਆਖਦੇ ਨੇ, ਬਰਤਾਨੀਆਂ ਦੁਨੀਆਂ ਦਾ ਬੜਾ ਹੀ ਤਰੱਕੀਯਾਫ਼ਤਾ ਅਤੇ ਬੜੀਆਂ ਉੱਚੀਆਂ ਸੁੱਚੀਆਂ ਸੱਭਿਆਚਾਰਿਕ ਕਦਰਾਂ ਦਾ ਮਾਲਕ ਅਤੇ ਤਹਿਜ਼ੀਬ ਪੱਖੋਂ ਬੜਾ ਹੀ ਅੱਗੇ ਵਧ ਚੁੱਕਾ ਹੈ । ਇਸ ਹਕੀਕਤ ਤੋਂ ਮੈਂ ਵੀ



ਇਨਕਾਰ ਨਹੀਂ ਕਰਦਾ, ਪਰ ਇਕ ਕਹਾਵਤ ਹੈ ਕਿ ਜਿਹੜਾ ਇੱਥੇ ਭੈੜਾ ਉਹ ਲਾਹੌਰ ਵੀ ਭੈੜਾ। ਚੱਕੀ ਚੱਟਣ ਵਾਲੀ ਕੁੱਤੀ ਨੂੰ ਲੰਦਨ ਵਾੜ ਕੇ ਨੂਡਲ ਪੀਜ਼ਾ ਪਾਉਗੇ ਤਾਂ ਵੀ ਉਹ ਛੱਡ ਕੇ ਚੱਕੀ ਦੇ ਗੰਡ ਦਾ ਪਰੋਲਾ ਹੀ ਲੱਭਦੀ ਫਿਰੇਗੀ । ਇਸ ਸੱਚਾਈ ਦਾ ਸ਼ੀਸ਼ਾ ਮੈਂ ਇੰਞ ਵਿਖਾ ਦਿਆਂ ਕਿ ਮੱਕਾ ਸ਼ਰੀਫ਼ ਵਿੱਚ ਰੱਬ ਦੇ ਘਰ ਦੁਆਲੇ ਚੱਕਰ ਕੱਟਣ ਵਾਲਿਆਂ ਵਿੱਚ ਮੈਂ ਜੇਬ ਕਤਰੇ ਵੀ ਫੜੇ ਜਾਂਦੇ ਵੇਖੇ । ਇਹ ਫੜੇ ਜਾਣ ਵਾਲੇ ਖ਼ੈਰ ਨਾਲ ਮੁਸਲਮਾਨ ਹੀ ਸਨ । ਦੱਸਣਾ ਇਹ ਚਾਹਿਆ ਹੈ ਕਿ ਭੈੜੇ, ਰੱਬ ਦੇ ਘਰ ਆ ਕੇ ਵੀ ਭੈੜੇ ਹੀ ਰਹੇ । ਇਨ੍ਹਾਂ ਦੀ ਸ਼ਰਧਾ ਸਿਰਫ਼ ਧਨ ਦੌਲਤ ਸੀ, ਧਰਮ ਦੀ ਸ਼ਰਧਾ ਨਾਲ ਕੋਈ ਵਾਸਤਾ ਨਹੀਂ । ਮੇਰਾ ਵਿਸ਼ਾ ਮਜ਼ਹਬੀ ਸ਼ਰਧਾ ਦੇ ਸ਼ੁਦਾਅ ਦੀ ਮਿਰਗੀ ਪਏ ਲੋਕ ਹਨ । ਉਂਞ ਤਾਂ ਇਸ ਸ਼ਰਧਾ ਦੀ ਪੁੱਠੀ ਇੱਲਤ ਹਰ ਮਜ਼ਹਬ ਵਿੱਚ ਹੈ ਪਰ ਮੈਂ ਇਹਤਿਆਤ ਕਰਾਂਗਾ ਕਿ ਕਿਸੇ ਦੂਜੇ ਧਰਮ ਦੀ ਹਮਾਕਤ (Unwise Conduct) ਦਾ ਤਮਾਸ਼ਾ ਨਾ ਹੀ ਵਿਖਾਵਾਂ । ਕਿਧਰੇ ਉਹ ਨਾ ਹੋਵੇ ਕਿ ਲੋਕੀਂ ਮੇਰਾ ਤਮਾਸ਼ਾ ਬਣਾ ਦੇਣ । ਵੈਸੇ ਮੈਂ ਇਸਲਾਮੀ ਸੋਚ ਦੀ ਬਜਾਏ ਇਨਸਾਨੀ ਖ਼ਿਆਲ ਨੂੰ ਮੁੱਖ ਰੱਖ ਕੇ ਇਸ ਵਿਸ਼ੇ ਨੂੰ ਹੱਥ ਪਾਇਆ ਹੈ । ਇਹ ਮਸਲਾ ਕਿਸੇ ਖ਼ਾਸ ਧਰਮ ਦਾ ਨਹੀਂ ਬਲਕਿ ਹਰ ਇਨਸਾਨ ਦਾ ਮਸਲਾ ਹੈ ।

ਮੈਂ ਦੱਸ ਰਿਹਾ ਸਾਂ ਕਿ ਲੋਕ ਸਮਝਦੇ ਹੋਣਗੇ ਕਿ ਲੰਦਨ ਜਿਹੀ ਥਾਂ ਉੱਤੇ ਅੱਪੜ ਜਾਣ ਵਾਲੇ ਲੋਕ ਸ਼ੁਦਾਈ ਕਿਸਮ ਦੀ ਬਿਮਾਰ ਸ਼ਰਧਾ ਤੋਂ ਪਰਹੇਜ਼ ਗੁਰੇਜ਼ ਕਰਦੇ ਹੋਏ ਅਕਲ ਸਿਖ ਚੁੱਕੇ ਹੋਣਗੇ, ਪਰ ਜੋ ਕੁੱਝ ਇੱਥੇ ਹੁੰਦਾ ਹੈ ਉਹ ਸ਼ਾਇਦ ਨਾ ਲਾਹੌਰ ਹੁੰਦਾ ਹੋਵੇਗਾ ਨਾ ਲੁਧਿਆਣੇ । ਇਸ ਵਿੱਚ ਵੀ ਸ਼ੱਕ ਨਹੀਂ ਕਿ ਇੱਥੇ ਹਰ ਬਾਲ ਨੂੰ ਕਾਨੂੰਨੀ ਤੌਰ 'ਤੇ ਸਕੂਲੇ ਜਾਣਾ ਪੈਂਦਾ ਏ, ਵਰਨਾ ਮਾਂ-ਪਿਉ ਅੰਦਰ ਹੋ ਜਾਂਦੇ ਹਨ । ਇਸ ਦੇ ਬਾਵਜੂਦ ਇਕ ਨਿੱਕਾ ਜਿਹਾ ਸ਼ਰਧਾ ਦੇ ਸ਼ੁਦਾਅ ਦਾ ਨਮੂਨਾ ਆਪਣੇ ਹੀ ਘਰ ਤੋਂ ਸ਼ੁਰੂ ਕਰ ਰਿਹਾ ਹਾਂ ।

ਲੰਦਨ ਵਿੱਚ ਮੇਰਾ ਨਿੱਕਾ ਸਾਲਾ ਇਕ ਦਿਨ ਹਫਿਆ ਸਹਿਮਿਆ ਅਤੇ ਡਰਿਆ ਹੋਇਆ ਮੇਰੇ ਘਰ ਆਇਆ ਤੇ ਆਖਣ ਲੱਗਾ, "ਅਮੀਨ ਸਾਹਬ, ਅੱਜ ਮੈਨੂੰ ਰੱਬ ਨੇ ਹੀ ਰੱਖ ਲਿਆ ਜੇ।" ਮੈਂ ਦਿਲ ਵਿੱਚ ਸੋਚਿਆ, ਰੱਬ ਨੇ ਗ਼ਲਤੀ ਹੀ ਕੀਤੀ ਹੈ ਜਿਹੜਾ ਇੰਞ ਦੇ ਊਤ ਨੂੰ ਛੱਡ ਗਿਆ ਹੈ, ਕੀ ਥੁੜਿਆ ਸੀ ਦੁਨੀਆਂ ਦਾ ਇਸ ਤੋਂ ਬਗ਼ੈਰ? ਪਰ ਮੈਂ ਝੂਠੀ ਘਬਰਾਹਟ ਮੂੰਹ ਉੱਤੇ ਵਿਛਾ ਕੇ ਪੁੱਛਿਆ, "ਕਿਉਂ ਯਾਰ ਰਿਆਜ਼, ਕੀ ਹੋ ਗਿਆ ਸੀ?"

ਆਖਣ ਲੱਗਾ, "ਭਾਅ ਜੀ ਮੈਂ ਆਪਣੇ ਕਮਰੇ ਵਿੱਚ ਇਕੱਲਾ ਹੀ ਬੈਠਾ ਟੀ.ਵੀ. ਵੇਖ ਰਿਹਾ ਸਾਂ ਤੇ ਅਚਾਨਕ ਛੱਤ ਦਾ ਇਕ ਵੱਡਾ ਸਾਰਾ ਹਿੱਸਾ ਡਿੱਗ ਪਿਆ । ਸ਼ੁਕਰ ਹੈ ਮੇਰੇ ਤੋਂ ਇਕ ਗਜ਼ ਪਰ੍ਹੇ ਡਿੱਗਾ ਤੇ ਮੈਂ ਮਸਾਂ ਹੀ ਬਚਿਆ ਜੇ।" ਮੈਂ ਦਿਲ ਵਿੱਚ ਆਖਿਆ, ਛੱਤ ਨੇ ਵੀ ਬੁਰਾ ਹੀ ਕੀਤਾ ਜਿਹੜੀ ਪਰ੍ਹਾਂ ਹੋ ਕੇ ਡਿੱਗੀ....ਕਿੰਨਾ ਚੰਗਾ ਕਰਦੀ ਜੇ ਰਿਆਜ਼ ਦਾ ਤਾਲੂ ਸੇਕਦੀ ਤੇ ਇਸ ਤਰ੍ਹਾਂ ਇਕ ਬੋਤਲ ਪੀ ਕੇ ਸੋਹਲਿਆ ਫੇਰਨ ਵਾਲੇ ਹੱਥੋਂ ਬੀਵੀ ਤਾਂ ਬਚ ਜਾਂਦੀ । ਫਿਰ ਹੱਥ ਜੋੜ ਕੇ ਅਸਮਾਨ ਵੱਲ ਵੇਖਦੇ ਹੋਏ ਕਹਿਣ ਲੱਗਾ, "ਭਾਅ ਜੀ, ਕੁਝ ਰੱਬ ਦੇ ਨਾਂ ਦਾ ਦਿੱਤਾ ਹੀ ਕੰਮ ਆ ਗਿਆ ਜੇ।" ਮੈਂ ਕਿਹਾ, "ਬਿਲਕੁਲ ਰਿਆਜ਼, ਤੂੰ ਸੱਚ ਆਖਿਆ ਏ, ਮੇਰੇ ਖ਼ਿਆਲ ਵਿੱਚ ਤੂੰ ਹੱਥੋਂ ਤੇ ਕੁਝ ਨਹੀਂ ਦਿੱਤਾ ਪਰ ਮੂੰਹ ਨਾਲ ਦਾਰੂ ਪੀ ਕੇ ਬੀਵੀ ਨੂੰ ਰੱਬ ਵਾਸਤੇ ਬੜੀਆਂ ਗਾਲ੍ਹਾਂ ਦਿੱਤੀਆ ਨੇ।" ਰਿਆਜ਼ ਫਿਰ ਬੋਲਿਆ, "ਅਮੀਨ ਸਾਹਬ, ਮੇਰੇ ਬਾਲ-ਬੱਚੇ ਤਾਂ ਪਾਕਿਸਤਾਨ ਗਏ ਹੋਏ ਨੇ ਪਰ ਮੈਂ ਛੇਤੀ ਨਾਲ ਸ਼ੁਕਰਾਨੇ ਵਜੋਂ ਇਕ ਆਂਡਾ ਸੜਕ ਦੇ ਚੌਂਕ ਵਿੱਚ ਤੋੜ ਆਇਆ ਹਾਂ । ਹੁਣ ਤੁਹਾਨੂੰ ਪੁੱਛਣ ਆਇਆ ਹਾਂ ਕਿ ਇਕ ਕਾਲਾ ਕੁੱਕੜ ਛੁਰੀ ਫੇਰ ਕੇ ਕਿਸੇ ਚੌਕ ਵਿੱਚ ਨਾ ਸੁੱਟ ਆਵਾਂ?" ਮੈਨੂੰ ਪਤਾ ਲੱਗ ਗਿਆ ਕਿ ਇਸ ਵੇਲੇ ਅੰਨ੍ਹੀ ਸ਼ਰਧਾ ਦਾ ਸ਼ੁਦਾਅ ਪੂਰੇ ਜੋਬਨ ਉੱਤੇ ਹੈ । ਮੈਂ ਹਾਸੇ ਨੂੰ ਸੰਜੀਦਗੀ ਦੀ ਮੁੱਠ ਵਿੱਚ ਘੁੱਟ ਕੇ ਸੋਚਿਆ ਕਿ ਰਿਆਜ਼ ਸਾਹਬ ਇਕ ਚੌਕ ਨੂੰ ਸਵੇਰੇ ਆਂਡੇ ਦਾ ਨਾਸ਼ਤਾ ਤੇ ਕਰਵਾ ਆਏ ਨੇ ਤੇ ਹੁਣ ਕਿਸੇ ਚੌਕ ਨੂੰ ਰਾਤ ਦਾ ਡਿਨਰ ਦੇਣ ਲੱਗੇ ਨੇ । ਮੈਂ ਕਿਹਾ, "ਰਿਆਜ਼ ਸਾਹਬ, ਤੁਸਾਂ ਆਪਣੀ ਜਾਨ ਤੋਂ ਆਂਡਾ ਕੁਰਬਾਨ ਕਰ ਦਿੱਤੈ । ਇਸ ਤੋਂ ਵੱਧ ਕੀ ਕਰਨਾ ਜੇ।" ਉਹ ਆਖਣ ਲੱਗਾ, "ਨਹੀਂ-ਨਹੀਂ, ਭਾਅ ਜੀ, ਇਕ ਕੁੱਕੜ ਦੀ ਕੁਰਬਾਨੀ ਜ਼ਰੂਰੀ ਹੈ।" ਮੈਂ ਤਾਂ ਆਂਡਾ ਹਰਾਮ ਕਰਨ 'ਤੇ ਹੀ ਅਫ਼ਸੋਸ ਕਰ ਰਿਹਾ ਸਾਂ, ਹੁਣ ਕੁੱਕੜ ਦੀ ਬਰਬਾਦੀ ਬਰਦਾਸ਼ਤ ਨਹੀਂ ਸੀ ਹੋ ਰਹੀ । ਮੈਂ ਆਖਿਆ, "ਰਿਆਜ਼, ਰੱਬ ਨੇ ਤੇਰੀ ਜਾਨ ਬਖ਼ਸ਼ ਦਿੱਤੀ ਏ ਤੇ ਕੁੱਕੜ ਦੀ ਜਾਨ ਕਿਉਂ ਗਵਾਣ ਲੱਗੈਂ? ਨਾਲੇ ਇਸ ਮੁਲਕ ਵਿੱਚ ਤਾਂ ਸੜਕ ਉੱਤੇ ਨੱਕ ਵੀ ਸੁਣਕ ਦਈਏ ਤਾਂ ਪੁਲਿਸ ਫੜ ਲੈਂਦੀ ਏ, ਤੂੰ ਕੁੱਕੜ ਸੁੱਟ ਕੇ ਸਿੱਧਾ ਜੇਲ੍ਹ ਵਿੱਚ ਜਾਣ ਵਾਲੀ ਗੱਲ ਨਾ ਕਰੀਂ । ਨਾਲੇ ਅੱਜਕੱਲ੍ਹ ਮੁਸਲਮਾਨਾਂ ਉੱਤੇ ਉਂਞ ਵੀ ਕਹਿਰ ਵਰਤਿਆ ਪਿਐ ਤੇ ਕੁੱਕੜ ਦਾ ਲਹੂ ਵੇਖ ਕੇ ਪੁਲਿਸ ਨੇ ਆਖਣੈ ਕਿ ਤੂੰ ਦਹਿਸ਼ਤਗਰਦ ਏਂ ਤੇ ਕੁੱਕੜ ਤੋਂ ਬੰਦੇ ਮਾਰਨ ਦੀ ਜਾਚ ਸਿੱਖ ਰਿਹੈਂ।" ਅੰਦਰੋਂ ਮੇਰਾ ਜੀਅ ਕਰਦਾ ਸੀ ਕਿ ਜਿਉਂਦਾ ਕੁੱਕੜ ਮੈਨੂੰ ਲੱਭ ਜਾਵੇ ਤੇ ਰਾਤ ਦੀ ਹਾਂਡੀ ਬਣ ਜਾਏ । ਪਰ ਸ੍ਰੀਮਤੀ ਜਨਾਬਾ ਸ਼ਰਧਾ ਦਾ



ਹੁਕਮ ਸੀ ਕਿ ਰਿਆਜ਼ ਆਪਣੇ ਹੱਥ ਨਾਲ ਛੁਰੀ ਫੇਰ ਕੇ ਚੌਕ ਵਿੱਚ ਸੁੱਟੇ । ਰਿਆਜ਼ ਨੇ ਕਿਹਾ, "ਅਮੀਨ ਸਾਹਬ, ਮੈਂ ਅੱਧੀ ਰਾਤ ਨੂੰ ਵੇਖ ਚਾਖ ਕੇ ਦੂਰੋਂ ਹੀ ਸੁੱਟ ਕੇ ਦੌੜ ਜਾਵਾਂਗਾ...।" ਇੱਥੇ ਇਹ ਗੱਲ ਗਹੁ ਕਰਨ ਵਾਲੀ ਹੈ ਕਿ ਅੰਨ੍ਹੀ ਸ਼ਰਧਾ ਤੋਂ ਆਂਡੇ ਕੁੱਕੜ ਹਰਾਮ ਕਰਨ ਵਾਲਾ ਰਿਆਜ਼ ਚਾਲ੍ਹੀ ਵਰ੍ਹੇ ਪਹਿਲਾਂ ਵਜ਼ੀਰਆਬਾਦ ਤੋਂ ਆਇਆ ਰਿਆਜ਼ ਅਜੇ ਬੱਚਾ ਹੀ ਸੀ ਤੇ ਕੁਝ ਚਿਰ ਇੱਥੇ ਸਕੂਲ ਵਿੱਚ ਵੀ ਪੜ੍ਹਦਾ ਰਿਹਾ ਹੈ । ਪਰ ਉਹੀ ਗੱਲ 'ਮੂਰਖ ਨੂੰ ਮੱਤ ਨਸੀਹਤ ਤੇ ਪੱਥਰ ਨੂੰ ਕੀ ਪਾਲਾ, ਕਾਲੇ ਨੂੰ ਸੌ ਰੰਗ ਚੜ੍ਹਾਉ, ਫਿਰ ਕਾਲੇ ਦਾ ਕਾਲਾ'। ਜਾਂ ਉਰਦੂ ਵਿੱਚ ਇਕ ਸ਼ਿਅਰ ਹੈ 'ਇਲਮ ਸੇ ਜਾਹਿਲ ਕੀ ਜਹਾਲਤ ਨਹੀਂ ਜਾਤੀ, ਲਫ਼ਜ਼ ਨਾਦਾਨ ਕੋ ਉਲਟਾ ਕੀਆ ਨਾਦਾਨ ਹੀ ਰਹਾ।' ਮਤਲਬ ਇਹ ਕਿ ਸ਼ਬਦ ਨਾਦਾਨ ਨੂੰ ਉਲਟਾ ਕਰ ਕੇ ਵੀ ਲਿਖੋ ਤਾਂ ਨਾਦਾਨ ਹੀ ਲਿਖਿਆ ਮਿਲੇਗਾ ।

ਇਹ ਨਿੱਕੀ ਜਿਹੀ ਗੱਲ ਦੱਸ ਕੇ ਮੈਂ ਸ਼ਰਧਾ ਦੇ ਸ਼ੁਦਾਅ ਦੀ ਪੌੜੀ ਦੇ ਪਹਿਲੇ ਡੰਡੇ ਉੱਤੇ ਹੀ ਪੈਰ ਰੱਖਿਆ ਹੈ । ਹੌਲੀ-ਹੌਲੀ ਜਦੋਂ ਇਹ ਸ਼ੁਦਾਅ ਚੁਬਾਰੇ ਚੜ੍ਹਿਆ ਤਾਂ ਪਤਾ ਲੱਗੇਗਾ ਇਸ ਦੀ ਬਰਬਾਦੀ ਦਾ ਖਲਾਰ ਕਿੱਥੋਂ ਤੀਕ ਜਾਂਦਾ ਹੈ? ਤਾਊਨ, ਹੈਜ਼ਾ ਅਤੇ ਗਰਕੀ ਜਿਹੀ ਬਿਮਾਰੀ ਦਾ ਇਲਾਜ ਤਾਂ ਹੋ ਸਕਦਾ ਹੈ ਪਰ ਇਸ ਤਬਾਹ ਕਰਨ ਵਾਲੇ ਮਰਜ਼ ਦਾ ਹੁਣ ਕੋਈ ਦਾਰੂ ਨਹੀਂ । ਕਈ ਸ਼ੁਦਾਅ ਤਾਂ ਸਾਨੂੰ ਵਿਰਸੇ ਵਿੱਚ ਮਿਲੇ, ਯਾਨੀ ਜੋ ਦਾਦੇ ਪੜਦਾਦੇ ਕਰਦੇ ਆਏ, ਉਹੀ ਕਰੀ ਜਾ ਰਹੇ ਆਂ । ਰਿਆਜ਼ ਨੂੰ ਆਂਡਾ ਕੁੱਕੜ ਬਰਬਾਦ ਕਰਨ ਵਾਲਾ ਸ਼ੁਦਾਅ ਉਸ ਦੀ ਮਾਂ ਕੋਲੋਂ ਮਿਲਿਆ ਸੀ । ਕੁਝ ਸਾਡੇ ਮੁੱਲਾਂ, ਮਲਾਣੇ, ਪੀਰ, ਪੰਡਤਾਂ ਅਤੇ ਬਾਬਿਆਂ ਨੇ ਆਪਣਾ ਰੋਟੀ ਟੁੱਕ ਸਿੱਧਾ ਕਰਨ ਲਈ ਇਹ ਹੈਜ਼ਾ ਬਖ਼ਸ਼ਿਆ । ਇਸ ਤੋਂ ਉੱਤੇ ਜਾਈਏ ਤਾਂ ਸਿਆਸਤ ਨੇ ਇਸ ਸ਼ੁਦਾਅ ਦਾ ਹਥਿਆਰ ਆਲਮੀ ਪੱਧਰ 'ਤੇ ਵਰਤਿਆ । ਮਸਲਨ ਮੁੱਲਾਂ ਮੁਲਾਣਿਆਂ ਨੂੰ ਮਾਲ ਪਾਣੀ ਦੇ ਕੇ ਆਖਿਆ ਕਿ ਧਰਮ ਦੇ ਨਾਂ 'ਤੇ ਸ਼ੁਦਾਈ ਤਿਆਰ ਕਰੋ ਜੋ ਤਾਲਿਬਾਨ ਜਾਂ ਲਸ਼ਕਰਾਂ ਦੇ ਨਾਂ 'ਤੇ ਕਤਲੋਗ਼ਾਰਤ ਦਾ ਬਜ਼ਾਰ ਗਰਮ ਕਰ ਕੇ ਹਕੂਮਤਾਂ ਵਿੱਚ ਹਲਚਲ ਮਚਾ ਕੇ ਸਿਆਸੀ ਫ਼ਾਇਦੇ ਹਾਸਲ ਕੀਤੇ ਜਾਣ। ਕਿਸੇ ਨੂੰ ਆਖਿਆ ਗਿਆ ਕਿ ਇੱਥੇ ਸਾਡੇ ਧਰਮ ਨੂੰ ਢਾਹ ਲਾ ਕੇ ਮਸੀਤ ਦੀ ਥਾਂ ਮੰਦਰ ਜਾਂ ਗੁਰਦਵਾਰਾ ਬਣਾਇਆ ਗਿਆ ਹੈ ਜਿੱਥੇ ਰਹੀਮ ਦੀ ਥਾਂ ਰਾਮ ਦਾ ਨਾਂ ਚਾਲੂ ਕੀਤਾ ਜਾਣੈ । ਸੱਚ ਤਾਂ ਇਹ ਹੈ ਕਿ ਉਹੀ ਰਾਮ ਤੇ ਉਹੀ ਰਹੀਮ ਹੈ । ਉਹੀ ਅੱਲਾਹ ਅਤੇ ਉਹੀ ਭਗਵਾਨ ਹੈ । ਰੋਟੀ ਛਾਬੀ ਵਿੱਚ ਰੱਖੋ

ਭਾਵੇਂ ਚਾਂਦੀ ਦੇ ਥਾਲ ਵਿੱਚ, ਰੋਟੀ-ਰੋਟੀ ਹੀ ਰਹਿੰਦੀ ਹੈ । ਮੇਰੇ ਪੰਜਾਬ ਦੇ ਸ਼ਾਇਰ ਸਾਹਿਰ ਲੁਧਿਆਣਵੀ ਨੂੰ ਕਿਸੇ ਨੇ ਗਿਲਾ ਕਰਦੇ ਹੋਏ ਦੱਸਿਆ ਕਿ ਵੰਡ ਪਿੱਛੋਂ ਲੋਕਾਂ ਨੇ ਮਸਜਿਦ ਦੀ ਥਾਂ ਗੁਰਦਵਾਰਾ ਬਣਾ ਲਿਆ ਹੈ । ਸਾਹਿਰ ਨੇ ਆਖਿਆ, "ਇਹ ਤਾਂ ਬਹੁਤ ਹੀ ਚੰਗਾ ਹੋਇਆ ਕਿ ਉੱਥੇ ਰੱਬ ਦਾ ਹੀ ਨਾਂ ਲਿਆ ਜਾਂਦੈ । ਕਿਸੇ ਨੇ ਡੰਗਰ ਨਹੀਂ ਬੰਨ੍ਹ ਲਏ।" ਲਿਹਾਜ਼ਾ ਸ਼ਰਧਾ ਦੇ ਧਰਮੀ ਸ਼ੁਦਾਅ ਨੂੰ ਤਲਵਾਰ ਬਣਾ ਕੇ ਸਿਆਸੀ ਮੁਫ਼ਾਦ ਅਤੇ ਮਕਸਦ ਹਾਸਲ ਕਰਨ ਦਾ ਹਥਿਆਰ ਹੈ । ਜਿਵੇਂ ਤਾਲਿਬਾਨ ਆਖਦੇ ਨੇ, "ਸਾਡੇ ਸਿਵਾ ਸਭ ਕਾਫ਼ਿਰ ਨੇ । ਲਾਹੀ ਆਉ ਸਭ ਦੇ ਗਾਟੇ।" ਕਦੇ ਇਹ ਸ਼ੁਦਾਅ ਨਿੱਕੇ-ਨਿੱਕੇ ਕੋਠਿਆਂ ਤੀਕ ਹੀ ਅੱਪੜਿਆ ਸੀ ਪਰ ਹੁਣ ਇਹ ਲੁੱਚਾ ਸਭ ਤੋਂ ਉੱਚਾ ਹੈ । ਅੱਜ ਇਹ ਸ਼ੁਦਾਅ ਸਾਡੇ ਜਿਹੇ ਭੁੱਖੇ ਨੰਗੇ ਮੁਲਕਾਂ ਦੇ ਅਮੀਰਾਂ ਵਜ਼ੀਰਾਂ ਦੇ ਮਹਿਲਾਂ ਵਿੱਚੋਂ ਨਿਕਲ ਕੇ ਵਾਈਟ ਹਾਊਸ ਦਾ ਵੀ ਖ਼ਾਸ ਮਹਿਮਾਨ ਬਣ ਬੈਠਾ ਹੈ । ਇਸ ਮਹਿਮਾਨ ਨੇ ਹੀ ਗਿਆਰਾਂ ਵਰ੍ਹੇ ਇਰਾਨ ਇਰਾਕ ਦੀ ਜੰਗ ਲਵਾਈ ਰੱਖੀ ਸੀ । ਵਾਈਟ ਹਾਊਸ ਵਿੱਚ ਮਹਿਮਾਨ ਦੀ ਬੰਦੂਕ ਦਾ ਘੋੜਾ ਦਬਾਇਆ ਜਾਂਦਾ ਹੈ ਕਿ ਫਲਾਣੀ ਥਾਂ ਜਾ ਕੇ ਵੱਜ ।

ਵੇਖ ਲਵੋ! ਇਸ ਸ਼ਰਧਾ ਦੇ ਸ਼ੁਦਾਅ ਦੀ ਤਰੱਕੀ ਕਿ ਇਕ ਚੌਕ ਵਿੱਚ ਆਂਡਾ ਭੰਨਣ ਤੋਂ ਲੈ ਕੇ ਵਾਈਟ ਹਾਊਸ ਤਕ ਰਾਜ ਕਰਨ ਲੱਗ ਪਿਆ ਹੈ । ਬਸ ਸ਼ੁਦਾਈ ਜਿਊਂਦੇ ਰਹਿਣ ਜਿਹੜੇ ਭੰਗ ਰੰਗੀ ਸ਼ੁਦਾਅ ਦੀ ਸ਼ਰਦਾਈ ਹੱਸ ਕੇ ਪੀਂਦੇ ਨੇ ਤੇ ਫਿਰ ਅਕਲਮੰਦਾਂ ਦੀ ਮੌਜ ਹੀ ਮੌਜ ਹੈ । ਮੈਂ ਥੋੜ੍ਹੀ ਜਿਹੀ ਕੋਸ਼ਿਸ਼ ਕਰਦਾ ਤਾਂ ਰਿਆਜ਼ ਦਾ ਕੁੱਕੜ ਮੇਰੀ ਹਾਂਡੀ ਵਿੱਚ ਪੱਕ ਸਕਦਾ ਸੀ ।

ਆਪਣੇ ਨਾਲ ਨਿੱਕੇ-ਨਿੱਕੇ ਤਿੰਨ ਬੱਚੇ ਲੈ ਕੇ ਇਕ ਦਿਨ ਬੜੀ ਦੁਖੀ ਜਿਹੀ ਇਕ ਔਰਤ ਮੇਰੇ ਘਰ ਆਣ ਵੜੀ ਤੇ ਆਖਣ ਲੱਗੀ, "ਅਮੀਨ ਸਾਹਬ, ਤੁਸੀਂ ਇਸ ਇਲਾਕੇ ਵਿੱਚ ਬੜੇ ਜਾਣੇ-ਪਛਾਣੇ ਜਾਂਦੇ ਹੋ । ਸ਼ਾਇਰੀ ਸੁਣਾਉਂਦੇ ਤੇ ਕਿਤਾਬਾਂ ਵੀ ਲਿਖਦੇ ਹੋ, ਮੇਰੇ ਉੱਤੇ ਇਕ ਰਹਿਮ ਕਰੋ ਕਿ ਮੇਰੇ ਬੱਚਿਆਂ ਨੂੰ ਭੁੱਖੇ ਮਰਨੋਂ ਬਚਾ ਕੇ ਮੇਰਾ ਘਰ ਬਚਾ ਲਵੋ।" ਗੱਲ ਤਾਂ ਉਸ ਬੀਬੀ ਦੀ ਬੜੀ ਅਨੋਖੀ ਜਿਹੀ ਸੀ ਕਿਉਂਕਿ ਮੇਰੀ ਸ਼ਾਇਰੀ ਜਾਂ ਕਿਤਾਬਾਂ ਨਾਲ ਉਸ ਦੇ ਬੱਚਿਆਂ ਦੀ ਭੁੱਖ ਦਾ ਕੀ ਸੰਬੰਧ ਹੈ? ਕਿਤਾਬਾਂ ਲਿਖਣ ਵਾਲੇ ਸ਼ਾਇਰ ਤਾਂ ਆਪ ਭੁੱਖ ਦੇ ਢੇਕੇ ਲੈਂਦੇ ਫਿਰਦੇ ਨੇ, ਪਰ ਉਸ ਦੀ ਬਿਪਤਾ ਉੱਤੇ ਮੈਨੂੰ ਧਿਆਨ ਦੇਣਾ ਹੀ ਪਿਆ । ਮੈਂ ਕਥਾ ਪੁੱਛੀ ਤੇ ਉਸ ਨੇ ਦੱਸਿਆ, "ਮੇਰਾ ਖ਼ਾਵੰਦ ਕੰਮਕਾਰ ਕੋਈ ਨਹੀਂ ਕਰਦਾ ਤੇ ਸਰਕਾਰੀ ਭੱਤੇ ਉੱਤੇ ਹੀ ਸਾਡਾ ਝੱਟ



ਲੰਘਦੈ; ਪਰ ਥੇਹ ਹੋ ਜਾਵੇ ਮੇਰੇ ਇਕ ਗੁਆਂਢੀ ਦਾ ਕਿ ਉਸ ਗ਼ਰਕੀ ਪੈਣੇ ਨੇ ਰੋਜ਼ੀ ਰੋਟੀ ਵਿੱਚ ਵਾਧੇ ਲਈ ਇਕ ਪੀਰ ਸਾਹਬ ਦੀ ਦੱਸ ਪਾ ਦਿੱਤੀ । ਉਹ ਪੀਰ ਕਮਾਲ ਸ਼ਾਹ ਮਸੀਤੇ ਨਮਾਜ਼ ਜਮੂਆ ਵੀ ਪੜ੍ਹਾਂਦੈ ਤੇ ਪੀਰੀ ਮੁਰੀਦੀ ਦੇ ਨਾਲ-ਨਾਲ ਤਵੀਤ ਧਾਗੇ ਵੀ ਕਰਦੈ । ਸਾਡੇ ਲੇਖ ਸੜ ਗਏ ਕਿ ਮੇਰਾ ਖ਼ਾਵੰਦ ਉਸ ਦੇ ਅੱਡੇ ਚੜ੍ਹ ਗਿਆ । ਉਸ ਨੇ ਸਾਡੀ ਰੋਜ਼ੀ ਵਿੱਚ ਵਾਧਾ ਤਾਂ ਕੀ ਕਰਨਾ ਸੀ, ਉਲਟਾ ਮੇਰਾ ਖ਼ਾਵੰਦ ਚੱਤੇ ਪਹਿਰ ਮਸੀਤੇ ਵੜਿਆ ਰਹਿੰਦੈ । ਉੱਤੋਂ ਕਹਿਰ ਇਹ ਵਰਤਿਐ ਕਿ ਹਰ ਹਫ਼ਤੇ ਰੋਟੀ ਟੁਕ ਲਈ ਜਿਹੜਾ ਬੇਕਾਰੀ ਭੱਤਾ ਮਿਲਦੈ, ਉਹਦੇ ਵਿੱਚੋਂ ਵੀ ਬਹੁਤ ਸਾਰਾ ਗ਼ਰਕ ਪੈਣੇ ਪੀਰ ਦੀ ਨਜ਼ਰ ਨਿਆਜ਼ ਹੋ ਜਾਂਦੈ । ਤੁਸੀਂ ਮਿਹਰਬਾਨੀ ਕਰ ਕੇ ਮੇਰੇ ਖ਼ਾਵੰਦ ਨੂੰ ਕੋਈ ਅਕਲ ਮਤ ਦਿਉ, ਅਸੀਂ ਤਾਂ ਰੋਟੀਉਂ ਵੀ ਆਤਰ ਹੋ ਗਏ ਆਂ।"

ਮੈਂ ਆਖਿਆ, "ਬੀਬੀ ਤੇਰਾ ਦੁੱਖੜਾ ਤਾਂ ਡਾਢੈ ਪਰ ਖ਼ਾਵੰਦ ਜਿਹਦੇ ਢਹੇ ਚੜ੍ਹ ਗਿਐ, ਉਹਦੇ ਤਵੀਤ ਗੰਢੇ ਜਾਂ ਹੱਥਕੰਢੇ ਮੇਰੇ ਸ਼ਿਅਰਾਂ ਕਿਤਾਬਾਂ ਨਾਲੋਂ ਉੱਚੇ ਨੇ । ਅਖੇ 'ਉੱਥੇ ਡਾਂਗ ਨਹੀਂ ਕਿਸੇ ਦੀ ਚੱਲਣੀ ਕਿ ਜਿੱਥੇ ਚੱਲੇ ਤੀਰ ਅੱਖ ਦਾ'। ਕਮਾਲ ਸ਼ਾਹ ਆਪਣੇ ਕਾਰੋਬਾਰ ਵਿੱਚ ਲੱਤ ਅੜਾਉਣ ਵਾਲੇ ਦੀਆਂ ਲੱਤਾਂ ਵੀ ਤੁੜਵਾ ਦੇਂਦੈ । ਤੇਰੀ ਭੁੱਖ ਦੂਰ ਕਰਦਾ-ਕਰਦਾ ਮੈਂ ਆਪ ਹੀ ਮੰਜੀ ਉੱਤੇ ਨਾ ਪੈ ਜਾਵਾਂ । ਉਹਦੇ ਪਾਲੇ ਹੋਏ ਡਸ਼ਕਰੇ ਬਾਲਕੇ ਤਾਂ ਬਦਮਾਸ਼ਾਂ ਦੇ ਵੀ ਸਿਰੇ ਨੇ।" ਬੀਬੀ ਵਿਚਾਰੀ ਹੱਥ ਮਲਦੀ ਚਲੀ ਗਈ ਕਿਉਂਕਿ ਮੈਂ ਕਮਾਲ ਸ਼ਾਹ ਦੇ ਪੋਤੜਿਆਂ ਤੋਂ ਜਾਣੂ ਹਾਂ । ਇਕ ਵੇਰਾਂ ਹੋਣੀ ਤਕਦੀਰ ਨੂੰ ਮਸੀਤੇ ਜੁੰਮਾ ਪੜ੍ਹਨ ਚਲਾ ਗਿਆ ਸਾਂ ਤੇ ਇੰਞ ਦੀਆਂ ਮੱਤਾਂ ਸੁਣੀਆਂ ਕਿ ਮੈਂ ਮਸੀਤਾਂ ਹੀ ਛੱਡ ਦਿੱਤੀਆਂ । ਉਸ ਦੀਆਂ ਦੋ ਚਾਰ ਗੱਲਾਂ ਵੰਨਗੀ ਲਈ ਸੁਣ ਲਵੋ । ਆਖ ਰਿਹਾ ਸੀ, "ਉਏ ਮੇਰੇ ਮੁਰੀਦਾਂ ਨੂੰ ਕਾਹਦਾ ਗ਼ਮ, ਮੈਂ ਤਾਂ ਹੱਥ ਪਾ ਕੇ ਉਨ੍ਹਾਂ ਨੂੰ ਦੋਜ਼ਖ਼ ਵਿੱਚੋਂ ਕੱਢ ਲਿਆਵਾਂਗਾ । ਨਾਲੇ ਸਾਰੇ ਸੁਣ ਲਵੋ ਬੇਗ਼ੈਰਤੋ, ਆਪਣੇ ਬਾਲਾਂ ਨੂੰ ਮੇਰੇ ਕੋਲ ਮਸੀਤੇ ਪੜ੍ਹਨ ਘੱਲਿਆ ਕਰੋ । ਇੰਞ ਕਰਨ ਨਾਲ ਔਲਾਦ ਮਾਪਿਆਂ ਦੀ ਤਾਅਬੇਦਾਰ ਬਣ ਜਾਂਦੀ ਏ।" ਉਸ 'ਬੇਗ਼ੈਰਤੋ' ਆਖਿਆ ਤਾਂ ਮੈਂ ਮੂੰਹ ਵਿੱਚ ਆਖ ਦਿੱਤਾ 'ਆਪੇ ਹੀ ਹੋਵੇਂਗਾ । ਪੀਰ ਸਾਹਬ ਦਾ ਇਕ ਵੱਡੀ ਪੈਸੇ ਧੇਲੇ ਵੱਲੋਂ ਬੜੀ ਥਿੰਦੀ ਮਸੀਤ ਉੱਤੇ ਕਬਜ਼ਾ ਹੈ । ਲੰਦਨ ਜਿਹੀ ਥਾਂ ਤਿੰਨ ਮਕਾਨ ਖ਼ਰੀਦ ਲਏ ਨੇ । ਇਕ ਮੁਰੀਦ ਨੇ ਠੇਕਾ ਲਿਆ ਹੋਇਆ ਹੈ ਕਿ ਹਰ ਸਾਲ ਪੀਰ ਸਾਹਬ ਨੂੰ ਤਕਰੀਬਨ ਪੰਜਾਹ ਹਜ਼ਾਰ ਪੌਂਡ ਦੀ ਨਵੀਂ ਕਾਰ ਲੈ ਕੇ ਦੇਣੀ ਹੈ ਕਿਉਂ ਜੁ ਉਸ ਦੀ

ਸ਼ਰਧਾ ਹੈ ਕਿ ਉਸ ਦੇ ਘਰ ਰੋਟੀ ਟੁਕ, ਪੈਸਾ ਧੇਲਾ ਅਤੇ ਦਾਰੂ ਪਾਣੀ ਸਿਰਫ਼ ਪੀਰ ਸਾਹਬ ਦੀ ਦੁਆ ਨਾਲ ਹੀ ਆਉਂਦਾ ਹੈ । ਉਸ ਨੂੰ ਬੰਦਾ ਪੁੱਛੇ ਕਿ ਜੇ ਸਭ ਕੁਝ ਪੀਰ ਹੀ ਦੇਂਦਾ ਏ ਤਾਂ ਉੱਪਰ ਵਾਲਾ ਕੀ ਕਰ ਰਿਹਾ ਏ ਅੱਲਾਹ? ਨਾਲੇ ਇਸ ਪੀਰ ਤੋਂ ਬਗੈਰ ਮਲਿਕਾ ਐਲਿਜ਼ਾਬੈੱਥ ਕਿਸ ਦੀ ਮਿਹਰਬਾਨੀ ਨਾਲ ਮਹਿਲਾਂ ਵਿੱਚ ਰਹਿ ਰਹੀ ਹੈ? ਉੱਤੋਂ ਪੀਰ ਸਾਹਬ ਦੀ ਮਸੀਤੇ ਜੁੰਮਾ ਪੜ੍ਹਾਉਣ ਦੀ ਤਨਖ਼ਾਹ ਚੀਫ਼ ਮਨਿਸਟਰ ਨਾਲੋਂ ਵੀ ਵੱਧ ਹੈ । ਹੁਣ ਸ਼ਰਧਾ ਦੇ ਸ਼ੁਦਾਅ ਦਾ ਨਮੂਨਾ ਪੇਸ਼ ਹੈ ਕਿ ਕਮਾਲ ਸ਼ਾਹ ਦੀ ਤਾਅਬੇਦਾਰ ਜਵਾਨ ਧੀ ਨੇ ਆਪਣੀ ਮਰਜ਼ੀ ਨਾਲ ਇਕ ਮੁਸਲਮਾਨ ਮੁੰਡੇ ਨਾਲ ਵਿਆਹ ਕਰ ਲਿਆ ਤੇ ਪੀਰ ਸਾਹਬ ਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਕਿ ਮੁੰਡਾ ਮੇਰੇ ਜਿੱਡੀ ਉੱਚੀ ਜਾਤ ਤੇ ਹੈਸੀਅਤ ਦਾ ਨਹੀਂ । ਪੀਰ ਦੀ ਬੇਚੈਨੀ ਬੇਕਰਾਰੀ ਵੇਖ ਕੇ ਸ਼ੁਦਾਈ ਸ਼ਰਧਾਲੂ, ਚੇਲਿਆਂ ਨੇ ਆਖਿਆ 'ਸਰਕਾਰ ਸਾਨੂੰ ਹੁਕਮ ਕਰੋ' । ਦੋਜ਼ਖ਼ ਵਿੱਚੋਂ ਪਾਪੀ ਕੱਢ ਲਿਆਉਣ ਵਾਲੇ ਦਾ ਧੀ ਉੱਤੇ ਤਾਂ ਵੱਸ ਨਾ ਚੱਲਿਆ ਪਰ ਪ੍ਰੋਗਰਾਮ ਬਣਾਇਆ ਕਿ ਮੁੰਡੇ ਨੂੰ ਕਤਲ ਕਰ ਦਿੱਤਾ ਜਾਵੇ । ਤਿੰਨ ਸ਼ੁਦਾਈ ਤਿਆਰ ਹੋ ਗਏ ਤੇ ਛੁਰੀਆਂ ਕੁਹਾੜੀਆਂ ਲੈ ਕੇ ਦੋ ਤਿੰਨ ਦਿਨ ਮੁੰਡੇ ਦੇ ਘਰ ਕੋਲ ਕਾਰ ਵਿੱਚ ਮੌਕੇ ਦੀ ਤਾੜ ਵਿੱਚ ਬੈਠੇ ਰਹੇ । ਕਿਸੇ ਗੁਆਂਢੀ ਨੂੰ ਸ਼ੱਕ ਪਿਆ ਤਾਂ ਉਸ ਨੇ ਪੁਲਿਸ ਨੂੰ ਇਤਲਾਹ ਦੇ ਦਿੱਤੀ । ਸ਼ਰਧਾ ਦੇ ਤਿੰਨੇ ਹੀ ਸ਼ੁਦਾਈ ਟੋਹ ਕੇ ਛੁਰੀਆਂ ਸਮੇਤ ਨੱਪੇ ਗਏ ਤੇ ਕਰਨੀ ਵਾਲਾ ਪੀਰ ਉਸੇ ਰਾਤ ਹੀ ਲੰਦਨ ਛੱਡ ਗਿਆ । ਅਖੇ 'ਪਿੰਡ ਨੂੰ ਅੱਗ ਲੱਗੀ ਤੇ ਕੁੱਤਾ ਰੂੜੀਆਂ 'ਤੇ'। ਸ਼ਰਧਾ ਦੇ ਸ਼ੁਦਾਈਆਂ ਉੱਤੇ ਕੇਸ ਚੱਲਿਆ ਤਾਂ ਤਿੰਨੇ ਕੈਦ ਹੋ ਗਏ । ਇਹ ਮੈਨੂੰ ਨਹੀਂ ਪਤਾ ਕਿ ਕਿੰਨੀ ਕੈਦ ਹੋਈ ਸੀ । ਮਜ਼ੇ ਦੀ ਗੱਲ ਇਹ ਹੈ ਕਿ ਅੱਠ-ਦੱਸ ਵਰ੍ਹਿਆਂ ਬਾਅਦ ਠੰਢ-ਠੰਡੋਲਾ ਹੋਣ 'ਤੇ ਮੁਰੀਦਾਂ ਦੀ ਮਦਦ ਨਾਲ ਫਿਰ ਪੀਰ ਲੰਦਨ ਪਰਤ ਆਇਆ । ਫਿਰ ਉਹੀ ਚੱਕੀ ਤੇ ਉਹੀ ਹੱਥਾ । ਹੈ ਕੋਈ ਪੁੱਛਣ ਵਾਲਾ ਕਿ ਕਾਤਲ ਵੀ ਕਦੇ ਅੱਲਾਹ ਵਾਲਾ ਹੋ ਸਕਦਾ ਹੈ? ਨਾਲੇ ਇਸਲਾਮ ਆਖਦਾ ਏ ਜਾਤ ਕੋਈ ਉੱਚੀ ਨੀਵੀਂ ਨਹੀਂ ਹੁੰਦੀ ।

ਮੈਂ ਇਕ ਵਾਰ ਫਿਰ ਦੱਸਦਾ ਜਾਵਾਂ ਕਿ ਮੈਨੂੰ ਕੋਈ ਨਾਸਤਕ ਨਾ ਸਮਝ ਲਵੇ । ਆਪਣੀ ਹਿੰਮਤ ਹੈਸੀਅਤ ਮੁਜਬ ਰੱਬ ਦੇ ਹੁਕਮਾਂ ਦਾ ਪਾਬੰਦ ਹਾਂ, ਪਰ ਮਸੀਤ ਵਿੱਚ ਪੈਰ ਪਾਉਣ ਲੱਗਿਆਂ ਆਪਣੀ ਅਕਲ ਬਾਹਰ ਜੁੱਤੀ ਵਿੱਚ ਰੱਖ ਕੇ ਨਹੀਂ ਆਉਂਦਾ। ਧਰਮ ਇਹ ਨਹੀਂ ਆਖਦਾ ਕਿ ਅਕਲ ਦੀ ਵਰਤੋਂ ਪਾਪ ਹੈ । ਮੁੱਲਾ-ਮੁਲਾਣੇ ਤਾਂ ਰੋਟੀ ਟੁੱਕਰ ਲਈ ਆਖੀ ਜਾਂਦੇ ਨੇ ਕਿ



"ਮਜ਼ਹਬ ਵਿੱਚ ਅਕਲ ਦਾ ਕੋਈ ਦਖ਼ਲ ਨਹੀਂ।" ਇਹ ਮੌਲਵੀ ਲੋਕ ਆਪਣੇ ਦਿਲ ਦਾ ਆਪ੍ਰੇਸ਼ਨ ਅਕਲਮੰਦ ਡਾਕਟਰ ਕੋਲੋਂ ਕਰਵਾਉਂਦੇ ਨੇ ਪਰ ਉਨ੍ਹਾਂ ਦੀ ਉਂਗਲ ਲੱਗੇ ਸ਼ੁਦਾਈਆਂ ਲਈ ਕੋਈ ਦੂਜਾ ਹੁਕਮ ਹੈ ਕਿ ਅਕਲ ਵਰਤਣ ਨਾਲ ਕਾਫ਼ਰ ਹੋ ਜਾਈਦਾ ਹੈ । ਸ਼ੁਦਾਈਆਂ ਦਾ ਇਲਾਜ ਉਹ ਸਿਰਫ਼ ਤਵੀਤ ਕੰਡੇ ਜਾਂ ਹੱਥਕੰਡੇ ਨਾਲ ਕਰਦੇ ਨੇ । ਮੈਨੂੰ ਹੁਣ ਭਾਵੇਂ ਕੋਈ ਚੋਰ, ਨਾਸਤਕ ਜਾਂ ਬੇਈਮਾਨ ਆਖੇ, ਪਰ ਸੱਚ ਬੋਲਣ ਲੱਗਿਆਂ ਮੈਂ ਆਪਣੇ ਵਿਰੁੱਧ ਵੀ ਭਰ ਕੇ ਗਵਾਹੀ ਦੇ ਦੇਂਦਾ ਹਾਂ ਭਾਵੇਂ ਨਮੋਸ਼ੀ ਦੀ ਜੇਲ ਵਿੱਚ ਹੀ ਜਾਣਾ ਪਵੇ । ਇਹ ਗੱਲ ਮੈਂ ਅੱਗੇ ਵੀ ਆਪਣੀ ਇਕ ਕਹਾਣੀ ਵਿੱਚ ਦੱਸ ਚੁੱਕਾ ਹਾਂ ਕਿ ਮੈਂ ਸ਼ੁਦਾਈ ਸ਼ਰਧਾ ਦੀ ਖੁਰਲੀ ਤੋਂ ਕਿੱਲਾ ਪੁਟਾ ਕੇ ਆਪਣੀ ਅਕਲ ਨੂੰ ਕਿਵੇਂ ਵਰਤਿਆ ਸੀ । ਇਹ ਮੈਂ ਆਖ ਚੁੱਕਾ ਹਾਂ ਕਿ ਸ਼ਰਧਾ ਕਿਸੇ ਅੱਲਾਹ ਵਾਲੇ ਦੀ ਹੋਵੇ ਤਾਂ ਮੱਥਾ ਟੇਕਦਾ ਹਾਂ ਪਰ ਸ਼ਰਧਾ ਉਜਾੜੂ ਜਾਂ ਮਾਰੂ ਹੋਵੇ ਤਾਂ ਉਸ ਨਾਲ ਮੱਥਾ ਲਾ ਲੈਂਦਾ ਹਾਂ ।

ਮੈਂ ਗੱਲ ਕਰ ਰਿਹਾ ਸਾਂ, ਇਕ ਵੇਰਾਂ ਦਸਵੀਂ ਦਾ ਇਮਤਿਹਾਨ ਦੇ ਕੇ ਪਿਉ ਦਾ ਰੇਲਵੇ ਵਿੱਚੋਂ ਮੁਫ਼ਤ ਮਿਲਣ ਵਾਲਾ ਪਾਸ ਲੈ ਕੇ ਵੱਡੇ ਭਰਾ ਨਾਲ ਪਹਿਲੀ ਵਾਰ ਕਰਾਚੀ ਫਿਰਨ ਤੁਰਨ ਗਿਆ । ਪਿਉ ਕੋਲੋਂ ਕੋਈ ਖ਼ਰਚ ਪੱਠਾ ਮੰਗਿਆ ਤਾਂ ਬੜੇ ਤਰਲਿਆਂ ਨਾਲ ਸਿਰਫ਼ ਪੰਜ ਰੁਪਏ ਲੱਭੇ। ੧੯੫੭ ਵਿੱਚ ਪੰਜ ਵੀ ਮੇਰੇ ਜਿਹੇ ਲਈ ਬੜੇ ਸਨ। ਅਗਲੇ ਦਿਨ ਕਰਾਚੀ ਤੋਂ ਵਾਪਸੀ ਗੱਡੀ ਚੜ੍ਹਨਾ ਸੀ ਤੇ ਸਮੁੰਦਰ ਕੰਢੇ ਕਲਿਫ਼ਟਨ ਵੇਖਣ ਚਲੇ ਗਏ। ਸੱਤਾਂ ਦਿਨਾਂ ਵਿੱਚ ਪੰਜ ਰੁਪਿਆਂ ਦਾ ਫੱਕਾ ਮਾਰ ਲਿਆ ਸੀ ਪਰ ਸਮੁੰਦਰ ਕੰਢੇ ਸਿੱਪੀਆਂ ਘੋਗਿਆਂ ਦਾ ਇਕ ਹਾਰ ਵੇਖਿਆ ਤੇ ਛੱਬੋ ਯਾਦ ਆ ਗਈ । ਪੜ੍ਹਨ ਵਾਲਿਆਂ ਨੂੰ ਪਤਾ ਹੀ ਹੋਵੇਗਾ ਕਿ ਪਿੰਡ ਜੀਨਾ ਮਾਛਣ ਕੋਲੋਂ ਕਦੇ ਦਾਣੇ ਭੁਨਾਉਣ ਜਾਂਦਾ ਤੇ ਭੱਠੀ ਝੋਕਣ ਵਾਲੀ ਉਹਦੀ ਲਵੀ ਜਿਹੀ ਧੀ ਛੱਬੋ ਨਾਲ ਅੱਖਾਂ ਸੇਕਦੇ-ਸੇਕਦੇ ਦਿਲ ਨੂੰ ਸੇਕਾ ਲੱਗ ਗਿਆ ਸੀ ।

ਪਹਿਲਾਂ ਤੇ ਦਾਣੇ ਹੀ ਭੁਨਾਉਣ ਜਾਂਦਾ ਸਾਂ, ਹੁਣ ਕਲੇਜਾ ਵੀ ਆਭੂ ਹੋ ਗਿਆ ਸੀ । ਮਾਸੀ ਕੋਲੋਂ ਅੱਖ ਬਚਾਅ ਕੇ ਛੱਬੋ ਵੱਲ ਝਾਤੀ ਮਾਰਦਾ ਰਿਹਾ ਤੇ ਉਸ ਕਰਮਾਂ ਵਾਲੀ ਨੇ ਭੱਠੀ ਵਿੱਚ ਲੁੰਬਾ ਡਾਹੁੰਦੇ-ਡਾਹੁੰਦੇ ਹੱਸ ਕੇ ਮੇਰੇ ਦਿਲ ਨੂੰ ਧੁਖਣੀ ਲਾ ਦਿੱਤੀ । ਅਖ਼ੀਰ ਸੀਟੀ ਰਲ ਗਈ ਪਰ ਪਰੀਤ ਅਜੇ ਹੱਸ ਦੰਦਾਂ ਤਕ ਹੀ ਸੀ ਕਿ ਮਾਸੀ ਸਿਰ ਹੋ ਗਈ । ਭੱਠੀ ਛੁੱਟ ਗਈ ਤੇ ਇਕ ਦਿਨ ਕੋਠੇ 'ਤੋਂ ਸੈਨਤ ਵੱਜਣੀ ਵੀ ਬੰਦ ਹੋ ਗਈ। ਬਸ ਇਸੇ ਉਦਾਸੀ ਨੂੰ ਹੀ

ਮੈਂ ਕੁੱਛੜ ਚੁੱਕ ਕੇ ਕਰਾਚੀ ਚਲਾ ਗਿਆ । ਉੱਥੇ ਛੱਬੋ ਯਾਦ ਆਉਂਦੀ ਰਹੀ ਪਰ ਸਮੁੰਦਰ ਕੰਢੇ ਗਲ ਦਾ ਹਾਰ ਵੇਖਿਆ ਤਾਂ ਉਹ ਮੇਰੇ ਗਲ ਹੀ ਪੈ ਗਈ । ਹੁਣ ਕੀ ਕਰਾਂ? ਪੱਲੇ ਪੈਸੇ ਜ਼ਹਿਰ ਖਾਣ ਨੂੰ ਵੀ ਨਹੀਂ ਸਨ, ਹਾਰ ਲਈ ਸਵਾ ਰੁਪਿਆ ਕਿੱਥੋਂ ਲਵਾਂ? ਭਰਾ ਕੋਲੋਂ ਚਵਾਨੀ ਵਿਆਜ ਤੇ ਦੋ ਰੁਪਏ ਫੜੇ ਤੇ ਉਧਾਰ ਨਾਲ ਖ਼ਰੀਦਿਆ ਹਾਰ ਪਿਆਰ ਨਾਲ ਬੋਝੇ ਪਾ ਲਿਆ । ਇਹ ਗੱਲ ਦੱਸਣ ਦਾ ਅਸਲ ਕਾਰਨ ਮੈਂ ਹੁਣ ਤੁਹਾਡੇ ਪੱਲੇ ਪਾਉਣ ਲੱਗਾ ਹਾਂ ।

ਜਦੋਂ ਸਮੁੰਦਰ ਕੰਢੇ ਦੀਆਂ ਸਾਰੀਆਂ ਰੌਣਕਾਂ ਚੱਖ ਲਈਆਂ ਤਾਂ ਉਸ ਦੇ ਨਾਲ ਹੀ ਸੰਗਮਰਮਰ ਦਾ ਇਕ ਛੱਤਿਆ ਹੋਇਆ ਵੱਡਾ ਸਾਰਾ ਕਿਸੇ ਫ਼ਕੀਰ ਦਾ ਮਜ਼ਾਰ ਵੀ ਸੀ ਜਿਸ ਦੇ ਦਰਸ਼ਨ ਕਰਨ ਲਈ ਅਸੀਂ ਅੰਦਰ ਵੜ ਗਏ । ਅੰਦਰ ਵੜਦਿਆਂ ਹੀ ਮੇਰੇ ਤਾਂ ਡੇਲੇ ਬਾਹਰ ਆ ਗਏ । ਮੀਂਹ ਵਾਂਗ ਵਰ੍ਹਦਾ ਹੋਇਆ ਪੈਸਾ ਵੇਖ ਕੇ ਮੇਰੇ ਤਾਂ ਟਹੂ ਫੁੱਲ ਗਏ । ਸੋਚਿਆ, ਰੱਬਾ ਇਸ ਮਜ਼ਾਰ ਦਾ ਪ੍ਰਬੰਧ ਕਰਨ ਵਾਲੇ ਸ਼ਖ਼ਸ ਦੇ ਘਰ ਪੈਸਿਆਂ ਦਾ ਫਾਂਡਾ ਪੈ ਰਿਹੈ ਪਰ ਮੇਰੀ ਬੰਜਰ ਰੂਹ ਦੀ ਧਰਤੀ ਉੱਤੇ ਗ਼ਰੀਬੀ ਦਾ ਏਨਾ ਸੋਕਾ ਕਿਉਂ? ਗੱਲ ਇੰਞ ਸੀ ਕਿ ਫ਼ਕੀਰ ਦੀ ਕਬਰ ਦੇ ਆਲੇ-ਦਵਾਲੇ ਬੱਚਿਆਂ ਦੇ ਝੂਲੇ ਜਾਂ ਪਾਲਣੇ ਵਰਗੇ ਪੰਜ ਛੇ ਪੰਘੂੜੇ ਪਏ ਹੋਏ ਸਨ । ਜਿਹੜਾ ਵੀ ਆਉਂਦਾ ਉਨ੍ਹਾਂ ਵਿੱਚ ਪੈਸੇ ਸੁੱਟੀ ਆਉਂਦਾ । ਗੱਲ ਕੀ, ਉੱਥੇ ਪੈਸਾ ਗਲ-ਗਲ ਆਇਆ ਪਿਆ ਸੀ। ਲੋਕਾਂ ਦੇ ਸੁੜ੍ਹ (A Type of Saving) ਚੜ੍ਹੇ ਹੋਏ ਸਨ । ਹਰ ਕੋਈ ਪੈਸੇ ਸੁਟ ਕੇ ਦੁਆ ਮੰਗਦਾ ਤੇ ਚਲਾ ਜਾਂਦਾ । ਪੈਸੇ ਵੇਖ ਕੇ ਮੈਂ ਵੀ ਰੱਬ ਕੋਲੋਂ ਕੁਝ ਮੰਗਿਆ ਤੇ ਮੇਰੀ ਦੁਆ ਉਸੇ ਵੇਲੇ ਕਬੂਲ ਹੋ ਗਈ । ਮੈਂ ਤੇ ਮੇਰੇ ਭਰਾ ਨੇ ਕਬਰ ਦਵਾਲੇ ਤਿੰਨ ਚਾਰ ਫੇਰੇ ਲਾਏ ਤੇ ਮੇਰੇ ਦਿਨ ਫਿਰ ਗਏ । ਮੈਂ ਦਿਲ ਵਿੱਚ ਆਖਿਆ, ਰੱਬਾ ਇਹ ਦੌਲਤ ਜਾਂਦੀ ਕਿੱਥੇ ਹੈ? ਕਬਰ ਵਿੱਚ ਸੁੱਤਾ ਹੋਇਆ ਤਾਂ ਜਿਉਂਦਾ ਵੀ ਫ਼ਕੀਰ ਸੀ ਤੇ ਹੁਣ ਵੈਸੇ ਹੀ ਉਸ ਦੀਆਂ ਲੋੜਾਂ ਥੋੜਾਂ ਮੁੱਕ ਗਈਆਂ ਨੇ ।

ਸੋਚ ਹੀ ਰਿਹਾ ਸਾਂ ਕਿ ਇਸ ਦੌਲਤ ਦਾ ਵਾਰਸ ਨਜ਼ਰੀਂ ਪੈ ਗਿਆ । ਇਸ ਖੁੱਲ੍ਹੇ ਜਿਹੇ ਮਜ਼ਾਰ ਉੱਤੇ ਕਬਰ ਤੋਂ ਥੋੜ੍ਹਾ ਜਿਹਾ ਹੱਟ ਕੇ ਇਕ ਥੜ੍ਹੇ ਉੱਤੇ ਵਿਛਾਏ ਕਾਲੀਨ ਉੱਪਰ ਘੱਟੋ-ਘੱਟ ਢਾਈ ਮਣ ਦਾ ਇਕ ਬੰਦਾ ਵੱਡੀਆਂ-ਵੱਡੀਆਂ ਮੁੱਛਾਂ ਨੂੰ ਵੱਟ ਚਾੜ੍ਹੀ ਆਲੇ-ਦੁਆਲੇ ਰੱਖੇ ਰੇਸ਼ਮੀ ਸਿਰਹਾਣੇ ਨਾਲ ਢੋਹ ਲਾ ਕੇ ਬੈਠਾ ਹੋਇਆ ਸੀ । ਉਸ ਨੇ ਗਲ ਬੜੀ ਹੀ ਮਹਿੰਗੀ ਜਿਹੀ ਵੇਲ ਦਾ ਚਿੱਟਾ ਦੁੱਧ ਕੁੜਤਾ, ਗਲ ਵਿੱਚ ਪੰਜ ਤੋਲੇ ਦੀ ਸੋਨੇ ਦੀ ਸੰਗਲੀ, ਤੇੜ



ਲਾਚਾ ਤੇ ਸਿਰ ਉੱਤੇ ਫੁੰਮਣਾਂ ਵਾਲੀ ਸ਼ੀਸ਼ੇ ਲੱਗੀ ਟੋਪੀ । ਜਿਸਮਾਨੀ ਸਿਹਤ ਦੀ ਦੌਲਤ ਦੱਸਦੀ ਸੀ ਕਿ ਮਾਇਆ ਦਾ ਕੋਈ ਘਾਟਾ ਨਹੀਂ । ਰੰਗ ਸੂਹਾ ਲਾਲ, ਗਰਦਨ ਗਾਡੀ ਸੰਢੇ ਜਿੱਡੀ ਮੋਟੀ ਅਤੇ ਢਿੱਡ ਦਾ ਖਲਾਰ ਦੂਰ ਤਕ ਸੀ । ਦੋ ਬੰਦੇ ਮੋਟੀਆਂ-ਮੋਟੀਆਂ ਪਿੰਨੀਆਂ ਤੇ ਇਕ ਬੰਦਾ ਮੋਰ ਘੁੱਟ ਰਿਹਾ ਸੀ । ਇਕ ਬੰਦਾ ਇਵੇਂ ਹੀ ਕੰਨਾਂ ਦੇ ਪਟਾਕੇ ਕੱਢ ਰਿਹਾ ਸੀ । ਮੈਂ ਆਖਿਆ ਯਾ ਅੱਲਾਹ ਇਹ ਬੰਦਾ ਬੈਠੇ-ਬੈਠੇ ਹੀ ਥੱਕ ਗਿਆ ਹੈ ਪਰ ਇਸ ਗੱਲ ਦਾ ਮੈਨੂੰ ਕੋਈ ਸਾੜਾ ਨਹੀਂ ਸੀ । ਉਹ ਮੌਜ ਲੁੱਟੇ, ਮੈਨੂੰ ਕੀ? ਦੁੱਖ ਤੇ ਇਹ ਸੀ ਕਿ ਉਨ੍ਹਾਂ ਝੋਲਿਆਂ ਵਿੱਚੋਂ ਪਹਿਲੇ ਪੂਰ ਦੇ ਪੈਸਿਆਂ ਦਾ ਉਹਦੇ ਅੱਗੇ ਢੇਰ ਲੱਗਾ ਪਿਆ ਸੀ । ਦੋ ਬੰਦੇ ਦੁਆਨੀਆਂ, ਚੁਆਨੀਆਂ, ਅਠਿਆਨੀਆਂ ਤੇ ਰੁਪਏ ਵੱਖੋ-ਵੱਖ ਕਰ ਕੇ ਥੈਲੀਆਂ ਵਿੱਚ ਪਾ ਕੇ ਉਸ ਦੇ ਲਾਗੇ ਰੱਖ ਰਹੇ ਸਨ । ਮੈਂ ਆਪਣੇ ਭਰਾ ਨੂੰ ਦੱਸੇ ਬਗੈਰ ਦੋ-ਤਿੰਨ ਫੇਰੀਆਂ ਵਿੱਚ ਭਾਨ ਲੈਣ ਦੇ ਪੱਜ, ਝੋਲਿਆਂ ਵਿੱਚੋਂ ਪੰਜ-ਸੱਤ ਮੁੱਠਾਂ ਭਰ ਕੇ ਬੋਝਾ ਭਰ ਲਿਆ ਤੇ ਮਜ਼ਾਰ ਨੂੰ ਸਲਾਮ ਕਰ ਕੇ ਬਾਹਰ ਆ ਗਏ । ਮੈਂ ਬਾਹਰ ਆ ਕੇ ਫਿਰ ਸਲਾਮ ਕੀਤੀ ਕਿਉਂਕਿ ਮੇਰੀ ਮੁਰਾਦ ਉੱਥੇ ਹੀ ਪੂਰੀ ਹੋ ਗਈ ਸੀ । ਥੋੜ੍ਹੀ ਦੂਰ ਜਾ ਕੇ ਮੈਂ ਕਿਹਾ, ਲਉ ਭਰਾ ਜੀ, ਚੁਆਨੀ ਵਿਆਜ ਨਾਲ ਆਪਣੇ ਦੋ ਰੁਪਏ ਫੜੋ ਤੇ ਮੇਰੇ ਸਿਰੋਂ ਭਾਰ ਲੱਥੇ ।

ਉਹ ਹੈਰਾਨ ਹੋ ਗਿਆ ਤੇ ਆਖਣ ਲੱਗਾ "ਉਏ ਇਹ ਪੈਸੇ ਕਿੱਥੋਂ ਲਏ ਨੀ?" ਮੈਂ ਕਿਹਾ, "ਵੀਰ ਜੀ ਦੌਲਤ ਦੇ ਵਰ੍ਹਦੇ ਫਾਂਡੇ ਵਿੱਚੋਂ ਦੋ ਚਾਰ ਕਣੀਆਂ ਮੈਂ ਵੀ ਬੋਝੇ ਵਿੱਚ ਪਾ ਲਿਆਇਆ ਹਾਂ । ਤੂੰ ਤੇ ਦੋ ਰੁਪਏ ਵੀ ਚੁਆਨੀ ਵਿਆਜ ਲੈ ਕੇ ਦਿੱਤੇ ਸਨ ਪਰ ਰੱਬ ਦੇ ਰੰਗ ਵੇਖੋ ਤੇ ਉਸ ਦਾ ਦਿੱਤਾ ਦਾਨ ਵੇਖੋ ਕਿ ਬੋਝਾ ਭਰਿਆ ਪਿਆ ਹੈ । ਲੋਕਾਂ ਨੂੰ ਤੇ ਮਨ ਦੀ ਮੁਰਾਦ ਪਤਾ ਨਹੀਂ ਕਦੋਂ ਲੱਭਣੀ ਏ ਜਾਂ ਹੋ ਸਕਦਾ ਏ ਕੱਖ ਵੀ ਨਾ ਲੱਭੇ ਪਰ ਮੈਨੂੰ ਮੌਲਾ ਨੇ ਉਸੇ ਵੇਲੇ ਮਾਲੋ-ਮਾਲ ਕਰ ਦਿੱਤਾ ਹੈ । ਹਨੀਫ਼ ਨੂੰ ਪਤਾ ਲੱਗ ਗਿਆ ਕਿ ਮੈਂ ਉੱਥੋਂ ਪੈਸੇ ਚੁੱਕ ਲਿਆਇਆ ਹਾਂ । ਹੁਣ ਸਾਡੀਆਂ ਆਪਾ ਵਿਰੋਧੀ ਸ਼ਰਧਾ ਜਾਂ ਅਕੀਦਤਾਂ ਇਕ-ਦੂਜੇ ਨਾਲ ਭਿੜਨ ਲੱਗ ਪਈਆਂ । ਉਹ ਮੈਨੂੰ ਆਖਣ ਲੱਗਾ "ਉਏ ਪਾਪੀਆ ਤੂੰ ਵੇਖਿਆ ਨਹੀਂ ਕਿ ਉੱਥੇ ਪੈਸਿਆਂ ਦੀ ਰਾਖੀ ਕਰਨ ਵਾਲਾ ਕੋਈ ਵੀ ਨਹੀਂ ਸੀ ਕਿਉਂਕਿ ਸੁਣਿਆ ਏ ਇੱਥੋਂ ਜਿਹੜਾ ਪੈਸੇ ਚੋਰੀ ਕਰੇਗਾ ਉਹ ਅੰਨ੍ਹਾ ਹੋ ਜਾਂਦਾ ਏ।" ਮੈਂ ਕਿਹਾ, "ਭਰਾ ਜੀ, ਤੁਹਾਡੀ ਸ਼ਰਧਾ ਅੰਨ੍ਹੀ ਹੈ । ਮੇਰੀਆਂ ਅੱਖਾਂ ਵਾਲੀ ਸ਼ਰਧਾ ਆਖਦੀ ਏ ਕਿ ਬਗੈਰ ਸੋਚੇ ਸਮਝੇ ਉੱਥੇ ਪੈਸੇ ਸੁੱਟਣ ਵਾਲੇ ਅੰਨ੍ਹੇ ਜਾਂ ਮਨਾਖੇ ਨੇ ਤੇ ਅੱਖਾਂ ਵਾਲੇ ਅੱਖ ਬਚਾਅ ਕੇ

ਚੁੱਕਣ ਵਾਲੇ ਹੀ ਤਾਂ ਸੁਜਾਖੇ ਨੇ। ਸਭ ਤੋਂ ਵੱਡਾ ਸੁਜਾਖਾ ਤਾਂ ਉਹ ਮੋਟੇ ਗਾਟੇ ਵਾਲਾ ਹੈ ਜਿਸ ਦੇ ਅੱਗੇ ਢੇਰ ਲੱਗਾ । ਪਿਆ ਸੀ । ਹੁਣ ਤੂੰ ਮੇਰੇ ਵੱਲ ਹੀ ਵੇਖ ਲੈ, ਸਖਣੇ ਬੋਝੇ ਨਾਲ ਮੈਨੂੰ ਹਨੇਰ ਪਿਆ ਹੋਇਆ ਸੀ ਤੇ ਹੁਣ ਦੁਨੀਆਂ ਹੀ ਚਾਨਣ ਹੋਈ ਪਈ ਏ ਤੇ ਅੱਖਾਂ ਖੁੱਲ੍ਹ ਗਈਆਂ ਨੇ।"

ਉਹ ਆਖਣ ਲੱਗਾ, "ਇਹ ਪਾਪ ਹੈ" ਮੈਂ ਆਖਿਆ, ਜੇ ਅਕਲ ਮਤ ਦੀ ਵਰਤੋਂ ਪਾਪ ਹੈ ਤੇ ਅੰਨ੍ਹੇਵਾਹ ਕੁਝ ਕਰੀ ਜਾਣਾ ਕਿੱਥੋਂ ਦਾ ਪੁੰਨ ਹੈ? ਮੈਂ ਅੰਨ੍ਹਾ ਨਹੀਂ, ਉਹ ਪੈਸੇ ਸੁੱਟਣ ਵਾਲੇ ਅੰਨ੍ਹੇ ਸਨ । ਮੈਂ ਤੇ ਸਿਰਫ਼ ਸਾਢੇ ਅੱਠ ਰੁਪਏ ਹੀ ਲਿਆਂਦੇ ਨੇ ਤੇ ਅੱਖਾਂ ਵਿੱਚ ਨੂਰ ਆ ਗਿਆ ਹੈ । ਉਹ ਜਿਹੜਾ ਆਲੇ-ਦਵਾਲੇ ਮੁਜਰੇ ਵਰਗੇ ਤਕੀਏ ਰੱਖ ਕੇ ਲੱਤਾਂ ਘੁਟਵਾ ਰਿਹਾ ਸੀ, ਉਸ ਕੋਲੋਂ ਪੁੱਛ ਕੇ ਵੇਖ, ਹਰ ਪਾਸੇ ਚਾਨਣ ਹੀ ਚਾਨਣ ਹੈ । ਉਹ ਰਾਤ ਨੂੰ ਜਦੋਂ ਰਾਇਲ ਸੇਲੂਟ ਦੀ ਬੋਤਲ ਖੋਲ੍ਹ ਕੇ ਬੈਠੇਗਾ ਤਾਂ ਮੇਰੇ ਵਰਗੇ ਸ਼ੁਦਾਈਆਂ ਉੱਤੇ ਖਿੜ-ਖਿੜ ਹੱਸੇਗਾ ਕਿਉਂਕਿ ਉਹਨੂੰ ਪਤਾ ਹੈ ਕਿ ਮੇਰੀ ਬੋਤਲ ਭਰੀ ਹੋਈ ਏ ਤੇ ਸ਼ੁਦਾਈਆਂ ਦੀ ਸ਼ਰਧਾ ਵਾਲੀ ਅਕਲ ਦੀ ਬੋਤਲ ਸੱਖਣੀ ਪਈ ਹੈ। ਅੰਨ੍ਹੇਵਾਹ ਪੈਸੇ ਸੁੱਟਣ ਵਾਲੇ ਇੰਞ ਹੀ ਹਨ ਜਿਵੇਂ ਅੰਨ੍ਹੀ ਪੀਹੇ ਤੇ ਕੁੱਤੀ ਚੱਟੇ ।

ਜੇ ਇਹ ਅਖਾਣ ਨਹੀਂ ਸੁਣਿਆ ਤਾਂ ਵਿਆਖਿਆ ਇੰਞ ਹੈ ਕਿ ਅੱਖਾਂ ਤੋਂ ਮਨਾਖੀ ਜ਼ਨਾਨੀ ਵਿਚਾਰੀ ਗ਼ੱਲਾ ਪਾ ਕੇ ਚੱਕੀ ਚਲਾਈ ਜਾਂਦੀ ਸੀ ਤੇ ਅਕਲਮੰਦ ਕੋਲ ਬੈਠੀ ਕੁੱਤੀ ਗੰਡ ਵਿੱਚ ਡਿੱਗਣ ਵਾਲਾ ਆਟਾ ਚੱਟੀ ਜਾਂਦੀ ਸੀ । ਮੈਂ ਆਖਿਆ, ਭਰਾਵਾ ਛੱਡ ਤੂੰ ਸਾਰੀਆਂ ਗੱਲਾਂ ਨੂੰ, ਆ ਤੈਨੂੰ ਨਾਨ ਕਬਾਬ ਦਾ ਨੁਕਲ ਕਰਾਵਾਂ। ਉੱਤੋਂ ਮੈਂ ਇਕ ਦਵਾਨੀ ਫ਼ਕੀਰ ਨੂੰ ਵੀ ਦਾਨ ਕਰ ਦਿੱਤੀ । ਹਨੀਫ਼ ਦੀ ਸ਼ਰਧਾ ਇਨ੍ਹਾਂ ਪੈਸਿਆਂ ਦੇ ਨਾਨ ਕਬਾਬ ਖਾਣ ਅੱਗੇ ਵੀ ਲੱਤਾਂ ਅੜਾਉਂਦੀ ਸੀ, ਪਰ ਅਖੀਰ ਝੂਠੀ ਸ਼ਰਧਾ ਦੀਆਂ ਲੱਤਾਂ ਥਿੜਕ ਗਈਆਂ ਤੇ ਲੇਹੜ ਮਾਰ ਲਿਆ, ਪਰ ਉਸ ਦੀ ਸ਼ਰਧਾ ਵਿੱਚੋਂ ਇਕ ਹੋਰ ਢਕੌਂਸਲਾ ਨਿਕਲਿਆ ਤੇ ਆਖਣ ਲੱਗਾ, "ਉਏ ਤੂੰ ਦਸਵੀਂ ਦਾ ਇਮਤਿਹਾਨ ਦਿੱਤਾ ਹੋਇਆ ਏ, ਫੇਲ੍ਹ ਹੋ ਜਾਏਂਗਾ" ਮੈਂ ਕਿਹਾ, ਵੀਰ ਜੀ ਤੁਸੀਂ ਵਹਿਮ ਨਾ ਕਰੋ । ਮੇਰੇ ਪਰਚੇ ਉਸ ਮੋਟੇ ਗਾਟੇ ਵਾਲੇ ਕੋਲ ਨਹੀਂ ਆਉਣੇ । ਉਹ ਸਿਰਫ਼ ਪੈਸਿਆਂ ਦੀ ਹੀ ਮਾਰਕਿੰਗ ਕਰਦੈ ਤੇ ਅੰਨ੍ਹਿਆਂ ਦੀਆਂ ਅੱਖਾਂ ਵਿੱਚ ਧੂੜ ਪਾਉਂਦੈ ।

ਅਸਾਂ ਨਾਨ ਕਬਾਬ ਦਾ ਰੱਜ ਮਾਰਿਆ, ਉੱਤੋਂ ਇਕ-ਇਕ ਪੈਪਸੀ ਪੀ ਕੇ ਪੁਰਬਾਸ਼ ਹੋ ਗਏ । ਚੰਗਾ ਹੋਇਆ ਕਿ ਦੂਜੇ ਦਿਨ ਲਾਹੌਰ ਵਾਲੀ ਗੱਡੀ



ਚੜ੍ਹ ਗਏ ਨਹੀਂ ਤੇ ਖ਼ੌਰੇ ਮੈਂ ਰੋਜ਼ ਹੀ ਮੌਜੂ ਸ਼ਾਹ ਦੇ ਮਜ਼ਾਰ ਤੋਂ ਪੈਸੇ ਚੁੱਕਿਆ ਕਰਨੇ ਸਨ, ਜਿੰਨਾ ਚਿਰ ਪੁਲਿਸ ਨਾ ਫੜ ਲੈਂਦੀ ।

ਮੇਰੇ ਲੇਖ ਦਾ ਵਿਸ਼ਾ ਤਾਂ ਬੜਾ ਸੰਜੀਦਾ ਤੇ ਬੜੇ ਫ਼ਿਕਰ ਨਾਲ ਗਹੁ ਕਰਨ ਵਾਲਾ ਸੀ ਕਿਉਂਕਿ ਅੱਜ ਦੀ ਦੁਨੀਆਂ ਨੇ ਇਸ ਅੰਨ੍ਹੀ ਸ਼ਰਧਾ ਨਾਲ ਬੜਾ ਫ਼ਸਾਦ ਬਖ਼ਸ਼ ਦਿੱਤਾ ਹੈ, ਬਲਕਿ ਇਨਸਾਨੀਅਤ ਅਜਿਹੀ ਸ਼ਰਧਾ ਹੱਥੋਂ ਨੰਗੇ ਸਿਰ ਹੋ ਕੇ ਚੀਕ ਰਹੀ ਹੈ । ਇਸ ਕਾਲੀ ਹਨੇਰੀ ਨੇ ਸਮਾਜੀ, ਇਖ਼ਲਾਕੀ, ਮੁਆਸ਼ੀ ਅਤੇ ਇਨਸਾਨੀ ਕਦਰਾਂ ਦਾ ਫੱਕਾ ਮਾਰ ਲਿਆ ਹੈ; ਪਰ ਮੈਂ ਇਸ ਫ਼ਿਕਰਮੰਦ ਸੰਜੀਦਗੀ ਵਿੱਚ ਪਾਠਕਾਂ ਦੀ ਦਿਲਚਸਪੀ ਲਈ ਮਖ਼ੌਲੀਆ ਰੰਗ ਵੀ ਭਰ ਰਿਹਾ ਹਾਂ ਕਿ ਕਿਧਰੇ ਮੇਰੀ ਇਹ ਲਿਖਤ, ਪੜ੍ਹਨ ਦੀ ਬਜਾਏ ਆਲੂ ਛੋਲੇ ਪਾਉਣ ਦੇ ਹੀ ਕੰਮ ਨਾ ਆ ਜਾਵੇ, ਵਰਨਾ ਰੋਣ ਵਾਲੀ ਗੱਲ ਵਿੱਚ ਹਾਸੇ ਦਾ ਕੀ ਕੰਮ? ਮਜਬੂਰੀ ਹੈ ਕਿ ਖੰਡ ਦੀ ਗੋਲੀ ਵਿੱਚ ਕੌੜੀ ਦਵਾਈ ਪਾ ਕੇ ਵੀ ਖਵਾਣੀ ਪੈਂਦੀ ਏ ।

ਅੱਜ ਵੀ ਸੋਚਦਾ ਹਾਂ ਕਿ ਮੌਜੂ ਸ਼ਾਹ ਦੇ ਮਜ਼ਾਰ ਉੱਤੇ ਅੰਨ੍ਹੇਵਾਹ ਪੈਸਿਆਂ ਦਾ ਢੇਰ ਲਾਈ ਜਾਣ ਵਾਲਿਆਂ ਦੀ ਅੰਨ੍ਹੀ ਸ਼ਰਧਾ ਨੇ ਕਦੇ ਸੋਚਿਆ ਸੀ ਕਿ ਮਜ਼ਾਰ ਦੀ ਇਸ ਕਬਰ ਵਿੱਚ ਸੁੱਤੇ ਪਏ ਬਜ਼ੁਰਗ ਨੂੰ ਤਾਂ ਇਨ੍ਹਾਂ ਪੈਸਿਆਂ ਦੀ ਲੋੜ ਹੀ ਨਹੀਂ, ਨਾ ਹੀ ਇਹ ਪੈਸੇ ਗ਼ਰੀਬਾਂ, ਜ਼ਰੂਰਤਮੰਦਾਂ ਦੇ ਕੰਮ ਆਉਂਦੇ ਨੇ ਤੇ ਅਸੀਂ ਕਿਉਂ ਗਵਾਈ ਆਉਂਦੇ ਹਾਂ? ਮੈਂ ਉਸ ਉਮਰ ਵਿੱਚ ਇਸ ਨੂੰ ਸ਼ੁਦਾਅ ਹੀ ਆਖਦਾ ਸਾਂ । ਤਾਂ ਹੀ ਸਾਢੇ ਅੱਠ ਰੁਪਏ ਖਰੇ ਕਰ ਲਏ ਸਨ ।

ਅਖ਼ੀਰ ਇਕ ਦਿਨ ਮੇਰੀ ਸੋਚ-ਸੱਚੀ ਸਾਬਤ ਹੋ ਗਈ । ਹੋਇਆ ਇੰਞ ਕਿ ਇਕ ਦਿਨ ਨਵੀਂ ਹਕੂਮਤ ਨੇ ਮੁਲਕ ਦੀ ਵਾਗਡੋਰ ਸਾਂਭ ਲਈ ਤੇ ਇਕ ਵਡੇਰੇ ਦਾ ਸ਼ਊਰ ਜਾਗਿਆ। ਉਸ ਨੇ ਇੰਞ ਦੇ ਸਾਰੇ ਮਜ਼ਾਰਾਂ ਉੱਤੇ ਕਬਜ਼ਾ ਕਰ ਲਿਆ । ਚੇਲੇ ਚਿਮਟਿਆਂ ਨੂੰ ਛਿੱਤਰ ਫੇਰ ਕੇ ਕੱਢ ਦਿੱਤਾ। ਇਹ ਮਜ਼ਾਰ ਹਕੂਮਤ ਨੇ ਲੈ ਲਏ ਤੇ ਇਸ ਕਮਾਈ ਨੂੰ ਮੁਲਕੀ ਜ਼ਰੂਰਤਾਂ ਉੱਤੇ ਖ਼ਰਚ ਕਰਨ ਦਾ ਫ਼ੈਸਲਾ ਕਰ ਲਿਆ । ਇਹ ਤਾਂ ਰੱਬ ਹੀ ਜਾਣੇ ਕਿ ਹਕੂਮਤ ਅੱਗੋਂ ਕੀ ਕਰਦੀ ਹੋਵੇਗੀ, ਪਰ ਇਹ ਤਾਂ ਸਾਫ਼ ਹੋ ਗਿਆ ਕਿ ਸ਼ਰਧਾ ਦੇ ਸ਼ੁਦਾਈਆਂ ਦਾ ਸ਼ੁਦਾਅ ਗ਼ਲਤ ਸੀ ਜਾਂ ਮੈਨੂੰ ਤੇ ਘੱਟੋ-ਘੱਟ ਸਾਬਤ ਹੋ ਗਿਆ ਕਿ ਛੱਬੋ ਦੇ ਹਾਰ ਅਤੇ ਨਾਨ ਕਬਾਬ ਦੇ ਨੁੱਕਲ ਪਾਣੀ ਲਈ ਮੈਂ ਕੋਈ ਜ਼ਿਆਦਤੀ ਨਹੀਂ ਸੀ ਕੀਤੀ ਸਗੋਂ ਦਵਾਨੀ ਦਾਨ ਵੀ ਦਿੱਤੀ ਇਕ ਨਾਬੀਨੇ ਨੂੰ ।

ਮੈਂ ਬਜ਼ੁਰਗ ਫ਼ਕੀਰ ਦਾ ਕੁਝ ਨਹੀਂ ਸੀ ਵਿਗਾੜਿਆ । ਮੈਂ ਤੇ ਮੋਟੇ ਗਾਟੇ ਵਾਲੇ ਦੀ ਵਗਦੀ ਗੰਗਾ ਵਿੱਚੋਂ ਹੀ ਇਕ ਚੁਲੀ ਭਰੀ ਸੀ । ਮੇਰੇ ਤੋਂ ਬਾਅਦ ਮੋਟੀਆਂ ਗਰਦਨਾਂ ਵਾਲੇ ਫ਼ਾਰਗ ਕਰ ਦਿੱਤੇ ਗਏ । ਚੱਲਦੇ-ਚੱਲਦੇ ਇਸ ਨਾਲ ਹੀ ਜੁੜਿਆ ਇਹ ਕਿੱਸਾ ਵੀ ਸੁਣਾ ਦੇਵਾਂ ਕਿ ਲਾਹੌਰ ਰੇਲਵੇ ਕਾਲੋਨੀ ਵਿੱਚ ਜਦੋਂ ਭਰਾ ਕੋਲ ਪੜ੍ਹਦਾ ਸਾਂ ਤਾਂ ਨਾਲ ਹੀ ਜੀ.ਟੀ. ਰੋਡ ਦੇ ਕੰਢੇ ਉੱਪਰ ਨਿੱਕਾ ਜਿਹਾ ਮਜ਼ਾਰ ਸੀ । ਨਾਲ ਹੀ ਪੈਸੇ ਪਾਉਣ ਵਾਲੀ ਜ਼ਮੀਨ ਵਿੱਚ ਗੱਡੀ ਗੋਲਕ ਜਾਂ ਬਕਸਾ ਜਿਹਾ ਬਣਾਇਆ ਗਿਆ ਸੀ । ਇਸ ਮਜ਼ਾਰ ਦੇ ਬਹੁਤੇ ਸ਼ਰਧਾਲੂ ਟਾਂਗੇ ਵਾਲੇ ਸਨ । ਹਰ ਟਾਂਗੇ ਵਾਲਾ ਉਸ ਵਿੱਚ ਪੈਸੇ ਪਾਉਂਦਾ ਤੇ ਸਲਾਮ ਕਰ ਕੇ ਟਾਂਗਾ ਲੈ ਜਾਂਦਾ । ਹਕੂਮਤੀ ਕਬਜ਼ੇ ਤੋਂ ਬਾਅਦ ਹਕੂਮਤ ਨੇ ਗੋਲਕ ਨੂੰ ਜਿੰਦਰਾ ਮਾਰ ਦਿੱਤਾ ਤੇ ਮਹੀਨੇ ਪਿੱਛੋਂ ਸਰਕਾਰੀ ਅਹਿਲਕਾਰ ਗੋਲਕ ਖੋਲ੍ਹ ਕੇ ਪੈਸੇ ਲੈ ਜਾਂਦਾ । ਮਜ਼ਾਰ ਦਾ ਮਜਾਵਰ ਇਸ ਮਾਲ ਪਾਣੀ ਤੋਂ ਵਾਂਝਿਆ ਗਿਆ। ਉਸ ਨੇ ਕਬਰ ਤੋਂ ਲੈ ਕੇ ਥੱਲਿਉਂ ਹੀ ਗੋਲਕ ਤਕ ਸੁਰੰਗ ਕੱਢ ਲਈ ਤੇ ਪੈਸਿਆਂ ਨੂੰ ਹੱਥ ਮਾਰਨ ਲੱਗ ਪਿਆ । ਇਕ ਦਿਨ ਅਗਲਿਆਂ ਨੂੰ ਸੂਹ ਲੱਗ ਗਈ ਤੇ ਉਸ ਨੂੰ ਹੱਥਕੜੀਆਂ ਲਾ ਕੇ ਲੈ ਗਏ । ਇਹ ਸੱਭ ਮੇਰੀ ਅੱਖੀਂ ਡਿੱਠਾ ਮਾਜਰਾ ਹੈ ।

ਇਸ ਅੰਨ੍ਹੀ ਸ਼ਰਧਾ ਦਾ ਕਿਹੜਾ-ਕਿਹੜਾ ਪੁਆੜਾ ਲਿਖਾਂ? ਇਸ ਲਈ ਤਾਂ ਇਕ ਕਿਤਾਬ ਲਿਖਣ ਦੀ ਲੋੜ ਹੈ ।

ਅਸੀਂ ਨਿੱਕੇ-ਨਿੱਕੇ ਹੁੰਦੇ ਸਾਂ ਤੇ ਹਰ ਪਿੰਡ ਵਿੱਚ ਇਕੋ-ਇਕ ਹੀ ਮਸੀਤ ਹੁੰਦੀ ਸੀ । ਪਰ ਹੌਲੀ-ਹੌਲੀ ਲੋਭ-ਲਾਲਚ ਦਾ ਚਾਨਣ ਹੋਇਆ ਤੇ ਅੱਖਾਂ ਵਾਲਿਆਂ ਨੇ ਵੇਖਿਆ ਕਿ ਇਕ ਹੀ ਬੰਦਾ ਮਸੀਤੇ ਬੈਠਾ ਮੌਜਾਂ ਲਈ ਜਾ ਰਿਹਾ ਹੈ । ਉਨ੍ਹਾਂ ਸਿਆਣਿਆਂ ਨੇ ਆਪਣੀ ਮਨਪਸੰਦ ਸ਼ਰਧਾ ਜਾਂ ਅਕੀਦਤ ਦਾ ਬੜਾ ਹੀ ਖ਼ਤਰਨਾਕ ਹਥਿਆਰ ਵਰਤਿਆ । ਹੁੰਦੇ-ਹੁੰਦੇ ਲੋਕ ਵੰਡੇ ਗਏ, ਪੁਆੜੇ ਪੈ ਗਏ ਤੇ ਧਰਮ ਦੀ ਤੇਰ-ਮੇਰ ਇੱਥੋਂ ਤੀਕ ਵਧੀ ਕਿ ਦੁਸ਼ਮਣੀ ਦੀ ਹੱਦ ਤਕ ਚਲੀ ਗਈ । ਮਸੀਤਾਂ ਵੱਖਰੀਆਂ-ਵੱਖਰੀਆਂ ਹੋ ਗਈਆਂ, ਇਬਾਦਤਾਂ ਦੇ ਰੰਗ-ਢੰਗ ਬਦਲ ਗਏ । ਫ਼ਿਰਕਿਆਂ ਦੇ ਲੀੜੇ ਵੀ ਵੱਖਰੇ-ਵੱਖਰੇ ਡਿਜ਼ਾਈਨ ਦੇ ਹੋ ਗਏ । ਪੱਗਾਂ ਦੇ ਰੰਗ ਵੱਖਰੇ-ਵੱਖਰੇ ਹੋ ਗਏ ਅਤੇ ਢੰਗ ਬਦਲ ਗਏ । ਇਕ-ਇਕ ਪਿੰਡ ਵਿੱਚ ਤਿੰਨ-ਤਿੰਨ ਮਸੀਤਾਂ ਬਣ ਗਈਆਂ ਤੇ ਹਰ ਸ਼ਰਧਾ ਦੀਆਂ ਜਥੇਬੰਦੀਆਂ ਬਣ ਗਈਆਂ । ਅਖੇ ਇਹ ਸ਼ੀਆ ਮਸਜਿਦ, ਇਹ ਵਹਾਬੀ ਮਸਜਿਦ ਤੇ ਇਹ ਸੁੰਨੀ ਫ਼ਿਰਕੇ ਦੀ



ਮਸਜਿਦ ਹੈ । ਮੁੱਲਾਂ ਮੁਲਾਣਿਆਂ ਨੇ ਆਪਣੀ ਵਡਿਆਈ ਦਾ ਦਾਹਵਾ ਠੋਕਣ ਲਈ ਇਕ ਦੂਜੇ ਦੀ ਸ਼ਰਧਾ ਉੱਤੇ ਜ਼ਹਿਰ ਉਗਲਣਾ ਸ਼ੁਰੂ ਕਰ ਦਿੱਤਾ । ਫਿਰ ਇਕ ਦੂਜੇ ਦੀਆਂ ਮਸੀਤਾਂ ਉੱਤੇ ਹਮਲੇ ਹੋਣ ਲੱਗ ਪਏ । ਹੌਲੀ-ਹੌਲੀ ਬੰਬਾਂ ਗੋਲੀਆਂ ਦੀ ਵੀ ਵਰਤੋਂ ਹੋਣ ਲੱਗ ਪਈ । ਹਰ ਮਜ਼ਹਬੀ ਠੇਕੇਦਾਰ ਇਕ ਦੂਜੇ ਨੂੰ ਕਾਫ਼ਰ ਆਖ ਕੇ ਕਤਲ ਨੂੰ ਜਾਇਜ਼ ਆਖਣ ਲੱਗ ਪਿਆ । ਗੱਲ ਅੱਗੇ ਵਧੀ ਤੇ ਜੇਹਾਦ ਦਾ ਨਾਂ ਦੇ ਕੇ ਕਤਲੇਆਮ ਸ਼ੁਰੂ ਹੋ ਗਿਆ ।

ਅਸੀਂ ਸਾਰੇ ਮੁਲਕ ਵਿੱਚ ਸਾਰੀ ਉਮਰ ਇਕ ਹੀ ਈਦ ਹੁੰਦੀ ਵੇਖੀ ਸੀ ਤੇ ਰੱਬ ਦਾ ਹੁਕਮ ਵੀ ਇਹੀ ਹੈ ਕਿ ਚੰਨ ਨਜ਼ਰ ਆ ਜਾਵੇ ਤਾਂ ਅਗਲੇ ਦਿਨ ਈਦ ਕਰਨਾ ਫ਼ਰਜ਼ ਹੈ । ਪਰ ਹੁਣ ਤਿੰਨ-ਤਿੰਨ ਈਦਾਂ ਇਸ ਕਰ ਕੇ ਹੁੰਦੀਆਂ ਨੇ ਕਿ ਰੱਬ ਦੇ ਹੁਕਮ ਦੀ ਬਜਾਏ ਮੌਲਵੀ ਦਾ ਹੁਕਮ ਚੱਲਦਾ ਹੈ । ਲਾਹੌਰ ਇਕ ਮਸਜਿਦ ਦੇ ਬੂਹੇ ਅੱਗੇ ਮੈਂ ਪੱਕੇ ਰੰਗ ਨਾਲ ਲਿਖਿਆ ਵੇਖਿਆ ਕਿ "ਇਹ ਮਸਜਿਦ ਫ਼ਲਾਣੇ ਫ਼ਿਰਕੇ ਦੀ ਹੈ ਤੇ ਕਿਸੇ ਦੂਜੇ ਫ਼ਿਰਕੇ ਦਾ ਮੁਸਲਮਾਨ ਇੱਥੇ ਨਮਾਜ਼ ਨਹੀਂ ਪੜ੍ਹ ਸਕਦਾ।"

ਇਸ ਤੋਂ ਵੀ ਵੱਡਾ ਜ਼ੁਲਮ ਕੀ ਦੱਸਾਂ ਕਿ ਲੰਦਨ ਇਕ ਸ਼ੀਆ ਫ਼ਿਰਕੇ ਦਾ ਬੰਦਾ ਮਰ ਗਿਆ ਤੇ ਜਨਾਜ਼ੇ ਵਿੱਚ ਉਨ੍ਹਾਂ ਦੀ ਮਸੀਤ ਸੌੜੀ ਪੈ ਗਈ । ਦੂਜੇ ਫ਼ਿਰਕੇ ਕੋਲੋਂ ਉਨ੍ਹਾਂ ਦੀ ਮਸਜਿਦ ਵਿੱਚ ਜਨਾਜ਼ੇ ਦੀ ਨਮਾਜ਼ ਪੜ੍ਹਨ ਦੀ ਇਜਾਜ਼ਤ ਮੰਗੀ ਤੇ ਅਗਲਿਆਂ ਨੇ ਇਨਕਾਰ ਕਰ ਦਿੱਤਾ ਕਿ ਸਾਡੇ ਮੁੱਲਾਂ ਤੇ ਪ੍ਰਧਾਨ ਆਖਦੇ ਨੇ ਕਿ ਦੂਜੀ ਸ਼ਰਧਾ ਵਾਲਾ ਫ਼ਿਰਕਾ ਇੱਥੇ ਜਨਾਜ਼ਾ ਨਹੀਂ ਪੜ੍ਹਾ ਸਕਦਾ । ਕੀ ਕਿਆਮਤ ਹੈ ਕਿ ਇਕ ਮੁਸਲਮਾਨ ਦੂਜੇ ਮੁਸਲਮਾਨ ਦੀ ਮਸਜਿਦ ਵਿੱਚ ਨਹੀਂ ਵੜ ਸਕਦਾ । ਦੂਜੇ ਬੰਨੇ ਆਖਦੇ ਨੇ ਮਸਜਿਦ ਜਾਂ ਇਬਾਦਤਗਾਹ ਰੱਬ ਦਾ ਘਰ ਹੁੰਦਾ ਹੈ । ਜਦੋਂ ਮਸੀਤ ਲਈ ਚੰਦਾ ਮੰਗਦੇ ਨੇ ਤੇ ਆਖਦੇ ਨੇ "ਰੱਬ ਦੇ ਘਰ ਲਈ ਦਾਨ ਕਰੋ, ਤੁਹਾਨੂੰ ਰੱਬ ਜੰਨਤ ਵਿੱਚ ਘਰ ਦੇਵੇਗਾ।" ਘਰ ਰੱਬ ਦਾ ਤੇ ਮਲਕੀਅਤ ਉੱਤੇ ਕਬਜ਼ਾ ਇਨਸਾਨ ਦਾ...? ਇਹ ਸਭ ਕੁਝ ਕਿਉਂ ਹੋਇਆ? ਇਸ ਨਾਗਣ ਦਾ ਨਾਂ ਅੰਨ੍ਹੀ ਸ਼ਰਧਾ ਹੈ। ਇਕ ਰੱਬ, ਇਕ ਕਲਮਾ ਤੇ ਇਕ ਪੈਗ਼ੰਬਰ, ਪਰ ਸ਼ਰਧਾ ਦੇ ਸ਼ੁਦਾਅ ਨੇ ਬੰਦੇ ਨਾਲ ਬੰਦਾ ਲੜਾ ਦਿੱਤਾ ਅਤੇ ਕਤਲੋਗ਼ਾਰਤ ਤਕ ਗੱਲ ਅੱਪੜ ਗਈ ਹੈ । ਹੁਣ ਲੀੜਿਆਂ ਦੇ ਰੰਗਾਂ ਤੋਂ ਫ਼ਿਰਕੇ ਪਛਾਣੇ ਜਾਂਦੇ ਹਨ ਕਿ ਇਹ ਯੂਨੀਫ਼ਾਰਮ ਕਿਹੜੀ ਪਲਟਨ ਦੀ ਹੈ, ਇਹ ਵਰਦੀ ਕਿਸ ਰੈਜ਼ਮੈਂਟ ਦੀ ਹੈ । ਮੌਲਵੀ ਮੁੱਲਾਂ ਦੀ ਯੂਨੀਫ਼ਾਰਮ ਦੱਸਦੀ ਹੈ ਕਿ ਇਹ ਬੰਦਾ ਫ਼ਲਾਣੀ ਰੈਜ਼ਮੈਂਟ ਦਾ ਜਰਨੈਲ ਹੈ

ਕਿਉਂਕਿ ਉਸ ਦੇ ਗਲ ਪਾਏ ਚੋਗੇ ਨੂੰ ਗੋਟਾ ਤਿੱਲਾ ਲੱਗਾ ਹੁੰਦਾ ਏ ।

ਸੋਚਦਾ ਹਾਂ ਕਦੇ ਆਪਣੀਆਂ-ਆਪਣੀਆਂ ਭੇਡਾਂ ਪਛਾਣਨ ਲਈ ਉਨ੍ਹਾਂ ਨੂੰ ਰੰਗ ਲਾਏ ਜਾਂਦੇ ਸਨ ਪਰ ਅੱਜ ਦਾ ਤਾਂ ਇਨਸਾਨ ਵੀ ਪਸ਼ੂ ਬਣ ਗਿਆ ਹੈ । ਇਕ ਵੱਡੇ ਸ਼ਾਇਰ ਸਾਹਿਰ ਲੁਧਿਆਣਵੀ ਨੇ ਸੱਚ ਹੀ ਤਾਂ ਆਖਿਆ ਸੀ ਕਿ "ਹਰ ਦੌਰ ਕਾ ਇਨਸਾਨ ਇਕ ਨਇਆ ਖੁਦਾ ਲੈ ਕੇ ਆਇਆ ਹੈ, ਮੈਂ ਕਿਸ ਇਨਸਾਨ ਕੀ ਪੂਜਾ ਕਰੂੰ" ਇਸ ਸੱਚਾਈ ਨੂੰ ਵੇਖ ਲਵੋ ਕਿ ਹੁਣ ਹਰ ਫ਼ਿਰਕੇ ਦੀ ਵੱਖਰੀ ਸ਼ਰਧਾ ਮੁਜਬ ਵੱਖਰੀ-ਵੱਖਰੀ ਮਸੀਤ ਵਿੱਚ ਵੱਖਰੇ-ਵੱਖਰੇ ਟਾਈਮ ਨਾਲ ਮੌਲਵੀ ਬਾਂਗ ਦੇ ਰਿਹਾ ਹੈ । ਸੋਚਦਾ ਹਾਂ ਕਿ ਮੈਂ ਕਿਹੜੇ ਸਮੇਂ ਅਨੁਸਾਰ ਨਮਾਜ਼ ਪੜ੍ਹਾਂ? ਹਰ ਮੌਲਵੀ ਦੀ ਵੱਖਰੀ ਈਦ! ਮੈਂ ਆਪਣੇ ਰੱਬ ਕੋਲੋਂ ਪੁੱਛਦਾ ਹਾਂ ਕਿ ਯਾ ਅੱਲਾਹ ਮੈਂ ਕਿਹੜੀ ਅਤੇ ਕਿਸ ਦਿਨ ਵਾਲੀ ਈਦ ਮਨਾਵਾਂ?

ਮੇਰੀਆਂ ਇਹ ਗੱਲਾਂ ਸੁਣ ਕੇ ਕੋਈ ਲੰਮੀ ਸੋਚ ਵਾਲਾ ਹੀ ਕਿਸੇ ਨਤੀਜੇ ਉੱਤੇ ਅੱਪੜ ਸਕਦਾ ਏ ਕਿ ਇਹ ਸਭ ਕੁਝ ਕਿਸ ਨੇ ਕੀਤਾ ਅਤੇ ਕਿਉਂ ਹੋ ਗਿਆ । ਮੇਰੇ ਜਿਹੇ ਲਈ ਕੋਈ ਸਿੱਟਾ ਕੱਢਣਾ ਔਖਾ ਹੈ । ਆਪਣੀ ਮਾੜੀ ਜਿਹੀ ਅਕਲ ਮੁਜਬ ਇਹ ਹੀ ਆਖ ਸਕਦਾ ਹਾਂ ਕਿ ਕੁਝ ਇਨਸਾਨੀਅਤ ਦੇ ਦੁਸ਼ਮਣ ਲੋਕਾਂ ਨੇ ਰੋਟੀ ਟੁਕ ਤੇ ਲੋਭ-ਲਾਲਚ ਵਾਸਤੇ ਸ਼ੁਦਾਈਆਂ ਨੂੰ ਉਂਗਲੀ ਲਾਇਆ ਅਤੇ ਉਨ੍ਹਾਂ ਦਾ ਸ਼ੁਦਾਅ ਅੰਨ੍ਹਾ ਹੋ ਕੇ ਤਬਾਹੀ ਵੱਲ ਪਰਤ ਗਿਆ । ਹੁਣ ਇਸ ਸ਼ੁਦਾਅ ਨੂੰ ਹਕੂਮਤਾਂ ਕਰਨ ਵਾਲੇ ਇਨਸਾਨ-ਦੁਸ਼ਮਣ ਵਰਤ ਰਹੇ ਨੇ । ਪੈਸੇ ਨਾਲ ਸ਼ਰਧਾ ਵਿਕਦੀ ਹੈ, ਵੋਟ ਵਿਕਦੇ ਹਨ, ਇਨਸਾਨੀ ਜ਼ਿੰਦਗੀ ਵਿਕਦੀ ਹੈ । ਇਸ ਹਥਿਆਰ ਨਾਲ ਚੌਧਰ ਅਤੇ ਸਿਆਸਤ ਦੀ ਕੁਰਸੀ ਵੀ ਹਥਿਆਈ ਜਾ ਰਹੀ ਹੈ । ਨਿੱਕੀ ਜਿਹੀ ਇਕ ਹਕੀਕਤ ਬਿਆਨ ਕਰ ਕੇ ਮੈਂ ਆਪਣੀਆਂ ਗੱਲਾਂ ਦੀ ਤਸਦੀਕ ਅਤੇ ਹਕੀਕਤ ਜ਼ਾਹਰ ਕਰਦੇ ਹੋਏ ਦੱਸਦਾ ਹਾਂ ਕਿ ਮੇਰੇ ਇਲਾਕੇ ਵਿੱਚ ਕਈ ਵਰ੍ਹਿਆਂ ਤੋਂ ਇਕ ਸਰਦਾਰ ਹੀ ਹਰ ਵਾਰੀ ਕੌਂਸਲਰ ਚੁਣਿਆ ਜਾਂਦਾ ਸੀ । ਉਹ ਬੜਾ ਹੀ ਸ਼ਰੀਫ਼ ਤੇ ਸਕੂਲੇ ਪੜ੍ਹਾਉਣ ਵਾਲਾ ਈਮਾਨਦਾਰ ਇਨਸਾਨ ਹੈ । ਲੋਕ ਖ਼ੁਸ਼ੀ ਨਾਲ ਉਸ ਨੂੰ ਵੋਟ ਦੇ ਕੇ ਆਪਣੇ ਇਲਾਕੇ ਦਾ ਕੌਂਸਲਰ ਚੁਣ ਲੈਂਦੇ ਸਨ । ਇਸ ਨਾਲ ਹਰ ਫ਼ਿਰਕੇ ਅਤੇ ਹਰ ਮਜ਼ਹਬ ਦਾ ਬੰਦਾ ਖ਼ੁਸ਼ ਸੀ । ਇਕ ਪਾਕਿਸਤਾਨੀ ਵੀਰ ਦੇ ਦਿਮਾਗ਼ ਵਿੱਚ ਇਕ ਸ਼ਰਾਰਤ ਨੇ ਸਿਰ ਚੁੱਕਿਆ ਤੇ ਉਸ ਨੇ ਸੋਚਿਆ ਕਿ ਇਹ ਸ਼ਰਧਾ ਦਾ ਹਥਿਆਰ ਕਿਉਂ ਨਾ ਵਰਤਿਆ ਜਾਵੇ ਤੇ ਸ਼ੁਦਾਈਆਂ ਦੇ



ਸ਼ੁਦਾਅ ਕੋਲੋਂ ਕਿਉਂ ਨਾ ਕੰਮ ਲਿਆ ਜਾਵੇ? ਉਸ ਨੇ ਇਕ ਵੱਡੀ ਮਸੀਤ ਦੇ ਜਰਨੈਲ ਮੌਲਵੀ ਦੇ ਹੱਥ ਸਾਈ ਫੜਾਈ ਤੇ ਸੌਦਾ ਕੀਤਾ ਕਿ ਐਤਕੀਂ ਉਸ ਵਾਰਡ ਵਿੱਚੋਂ ਕੌਂਸਲਰ ਦੀ ਸੀਟ ਉੱਤੇ ਲੜਨਾ ਚਾਹੁੰਦਾ ਹਾਂ ਤੇ ਤੂੰ ਆਪਣੇ ਮੰਨਣ ਵਾਲੇ ਸ਼ੁਦਾਈਆਂ ਦੀ ਖੁਰਲੀ ਵਿੱਚ ਸ਼ਰਧਾ ਦਾ ਕੋਈ ਅਜਿਹਾ ਭਾਰਾ ਪਾ ਕਿ ਇਸ ਵਾਰ ਸਿਆਸਤ ਦਾ ਦੁੱਧ ਮੈਂ ਚੋ ਲਵਾਂ । ਮੌਲਵੀ ਨੇ ਕਿਹਾ "ਗੱਲ ਹੀ ਕੋਈ ਨਹੀਂ । ਸ਼ਰਧਾ ਮੌਜੂਦ ਹੈ ਅਤੇ ਸ਼ੁਦਾਈ ਜਿਉਂਦੇ ਨੇ।" ਅਗਲੇ ਜੁੰਮੇ ਯਾਨੀ ਸ਼ੁੱਕਰਵਾਰ ਦੇ ਇਕੱਠ ਵਿੱਚ ਉਨ੍ਹਾਂ ਨੇ ਆਪਣੀ ਅੰਨ੍ਹੀ ਸ਼ਰਧਾ ਦਾ ਫ਼ਤਵਾ ਜਾਰੀ ਕੀਤਾ ਕਿ "ਜਿਹੜਾ ਬੰਦਾ ਮੁਸਲਮਾਨ ਨੂੰ ਛੱਡ ਕੇ ਹੋਰ ਮਜ਼ਹਬ ਵਾਲੇ ਨੂੰ ਵੋਟ ਦੇਵੇਗਾ, ਕਾਫ਼ਰ ਹੋ ਜਾਵੇਗਾ" ਇਹ ਗੱਲ ਇਲਾਕੇ ਵਿੱਚ ਧੁੰਮ ਗਈ । ਇਕ ਦਿਨ ਮੈਨੂੰ ਉਹ ਸਰਦਾਰ ਮਿਲਿਆ ਤੇ ਮੈਂ ਸਰਸਰੀ ਗੱਲ ਕੀਤੀ ਤਾਂ ਉਹ ਫ਼ਕੀਰ ਤਬੀਅਤ ਆਖਣ ਲੱਗਾ, "ਮਲਿਕ ਜੀ ਮੈਨੂੰ ਵੀ ਪਤਾ ਲੱਗਾ ਸੀ ਪਰ ਮੈਂ ਤੇ ਕੌਂਸਲਰ, ਲੋਕਾਂ ਦੇ ਆਖੇ ਬਣ ਜਾਂਦਾ ਹਾਂ, ਇਹ ਮੇਰੀ ਜ਼ਰੂਰਤ ਨਹੀਂ । ਅਸੀਂ ਮੀਆਂ ਬੀਵੀ ਅਧਿਆਪਕ ਤੇ ਪੁੱਤਰ ਡਾਕਟਰ ਹੈ । ਪਰ ਜੇ ਮੁਸਲਮਾਨ ਮੈਨੂੰ ਵੋਟ ਨਾ ਦੇ ਕੇ ਕੁਫ਼ਰ ਤੋਂ ਬਚ ਸਕਦੇ ਨੇ ਤਾਂ ਮੈਂ ਖ਼ੁਸ਼ ਹਾਂ।" ਇੰਝ ਹੀ ਹੋਇਆ ਕਿ ਉਹ ਪਾਕਿਸਤਾਨੀ ਕੌਂਸਲਰ ਬਣ ਗਿਆ। ਇਸ ਤਰ੍ਹਾਂ ਮੇਰੀ ਇਸ ਗੱਲ ਦੀ ਤਸਦੀਕ ਹੋ ਜਾਂਦੀ ਹੈ ਕਿ ਸ਼ਰਧਾ ਸਿਆਸਤ ਉੱਤੇ ਵੀ ਰਾਜ ਕਰਦੀ ਹੈ ਅੱਜ । ਇਹ ਸ਼ਰਧਾ ਆਲਮੀ ਪੱਧਰ ਉੱਤੇ ਹਕੂਮਤਾਂ ਉਲਟਦੀ ਅਤੇ ਬਾਦਸ਼ਾਹੀਆਂ ਨੂੰ ਢਾਹ ਲਾਉਂਦੀ ਹੈ । ਮਸੀਤ ਵਿੱਚ ਕੀਤੇ ਪਾਪ ਬਾਰੇ ਜਦੋਂ ਮੈਨੂੰ ਪਤਾ ਲੱਗਾ ਤਾਂ ਮੇਰੇ ਸਬਰ ਨੇ ਬਗ਼ਾਵਤ ਲਈ ਧੌਣ ਚੁੱਕੀ ਕਿਉਂਕਿ ਅੰਗਰੇਜ਼ ਦੇ ਮੁਲਕ ਵਿੱਚ ਕੌਂਸਲਰ ਬਣਨ ਲਈ ਸਿੱਖ ਜਾਂ ਮੁਸਲਮਾਨ ਹੋਣ ਦੀ ਲੋੜ ਨਹੀਂ, ਸਿਰਫ਼ ਇਨਸਾਨ ਹੋਣ ਦੀ ਲੋੜ ਹੁੰਦੀ ਹੈ । ਨਾ ਤੇ ਸਿੱਖ ਨੇ ਗੁਰਦੁਆਰੇ ਨੂੰ ਪੋਚਾ ਫੇਰਨਾ ਸੀ ਤੇ ਨਾ ਮੁਸਲਮਾਨ ਨੇ ਮਸਜਿਦ ਦੇ ਮਨਾਰੇ ਉੱਚੇ ਕਰਨੇ ਸਨ । ਲੇਕਿਨ ਮਜਬੂਰ ਹੋ ਕੇ ਮੈਂ ਆਪਣੇ ਸਬਰ ਨੂੰ ਪੁਚਕਾਰ ਸ਼ਿਸ਼ਕਾਰ ਕੇ ਅਕਲ ਦੇ ਪਿੰਜਰੇ ਵਿੱਚ ਡੱਕਿਆ ਕਿਉਂਕਿ ਅੱਗੇ ਹੀ ਮੈਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਪਿਆਰ ਕਰਨ ਦੇ ਜੁਰਮ ਵਿੱਚ ਛਿੱਤਰ ਪਤਾਂਗ ਹੋ ਚੁੱਕੀ ਸੀ ਕਿ ਸਿੱਖਾਂ ਦੀ ਬੋਲੀ ਦਾ ਪ੍ਰਚਾਰ ਕਰਦਾ ਹੈ ਅਮੀਨ ਮਲਿਕ ।

ਧਰਮ ਦੇ ਨਾਂ ਉੱਤੇ ਵੰਡੀ ਜਾਣ ਵਾਲੀ ਅੰਨ੍ਹੀ ਸ਼ਰਧਾ ਅੱਜ ਦੇ ਦੌਰ ਵਿੱਚ ਬੜਾ ਹੀ ਵਿਗਾੜ ਪਾ ਰਹੀ ਹੈ । ਮੈਂ ਇਹ ਵੀ ਨਹੀਂ ਆਖਦਾ ਕਿ

ਧਰਮ ਜਿਹੀ ਠੰਢੀ ਛਾਂ ਛੱਡ ਕੇ ਕੁਫ਼ਰ ਦੀ ਅੱਗ ਵਿੱਚ ਛਾਲ ਮਾਰ ਦਿਉ। ਅੱਜ ਤਕ ਕਿਸੇ ਵੀ ਧਰਮ ਨੇ ਕੋਈ ਪੁੱਠੀ ਮੱਤ ਨਹੀਂ ਦਿੱਤੀ । ਪੂਜਾ ਦੇ ਰੰਗ ਢੰਗ ਵੱਖਰੇ ਹੋ ਸਕਦੇ ਨੇ ਪਰ ਰਾਹ ਹਰ ਧਰਮ ਨੇ ਸਿੱਧਾ ਹੀ ਦੱਸਿਆ ਹੈ । ਹਰ ਰਾਹ ਇਨਸਾਨੀਅਤ ਦੀ ਬਸਤੀ ਵੱਲ ਹੀ ਜਾਂਦਾ ਹੈ ਪਰ ਧਰਮਾਂ ਦੇ ਨਾਂ ਉੱਤੇ ਖੇਡਾਂ ਖੇਡਣ ਵਾਲੇ ਕਾਰੀਗਰ ਸ਼ਿਕਾਰੀਆਂ ਦੀ ਲੱਗੀ ਫਾਹੀ ਤੋਂ ਬੱਚਣਾ ਬੜਾ ਹੀ ਔਖਾ ਹੈ । ਇੱਥੇ ਮੇਰੇ ਇਕ ਵਿਛੜੇ ਯਾਰ ਸਵ. ਅਲਤਾਫ਼ ਹੁਸੈਨ ਦੀ ਗੱਲ ਵਾਰ ਵਾਰ ਯਾਦ ਆਉਂਦੀ ਏ ਜੋ ਬੜੀ ਢੁੱਕਦੀ ਫੱਬਦੀ ਹੈ । ਉਹ ਕਹਿੰਦਾ ਹੁੰਦਾ ਸੀ "ਉਏ ਮਲਿਕਾ, ਜ਼ਾਹਿਲ ਦੀ ਸ਼ਰਧਾ ਅਤੇ ਖੋਤੇ ਦੀ ਅੜੀ ਜਿੱਥੇ ਅੜ ਗਈ ਸੋ ਅੜ ਗਈ।" ਜਾਹਿਲ ਇਨਸਾਨ ਵਾਂਗ ਖੋਤੇ ਨੂੰ ਵੀ ਖੂਹ ਵਿੱਚ ਸੁੱਟਣਾ ਹੋਵੇ ਤਾਂ ਉਹਦੀ ਪਛਾੜੀ ਖੂਹ ਵੱਲ ਕਰ ਕੇ ਆਪਣੇ ਵੱਲ ਖਿੱਚੋ ਤਾਂ ਪੁੱਠੇ ਪਾਸੇ ਜਾ ਕੇ ਆਪਣੇ ਹੀ ਖੂਹ ਵਿੱਚ ਡਿੱਗ ਪਵੇਗਾ । ਇੰਝ ਹੀ ਇਕ ਅੱਖੀਂ ਡਿੱਠਾ ਇਸ ਅੰਨ੍ਹੀ ਤੇ ਜਾਹਿਲ ਸ਼ਰਧਾ ਦੀ ਕੁੱਖੋਂ ਜੰਮਿਆ ਇਕ ਦਰਦਨਾਕ ਹਾਦਸਾ ਸੁਣਾ ਰਿਹਾ ਹਾਂ ।

੧੯੫੮ ਦੀ ਗੱਲ ਹੈ ਕਿ ਸਾਡੇ ਨਾਲ ਦੇ ਪਿੰਡ "ਚੂਹਲੇ" ਵਿੱਚ ਇਕ ਪੀਰ ਨੇ ਆਪਣੇ ਸ਼ਰਧਾਲੂ ਨੂੰ ਸ਼ੁਦਾਅ ਦੀ ਸ਼ਰਦਾਈ ਦਾ ਪਿਆਲਾ ਪਿਆ ਕੇ ਆਖਿਆ ਕਿ "ਤੇਰੇ ਘਰ ਅਤੇ ਟੱਬਰ ਦੀ ਖ਼ੈਰ ਇਸੇ ਵਿੱਚ ਹੀ ਹੈ ਕਿ ਤੂੰ ਆਪਣੇ ਨਿੱਕੇ ਜਿਹੇ ਪੁੱਤਰ ਨੂੰ ਹੱਥੀਂ ਅੱਲਾਹ ਦੇ ਨਾਂ 'ਤੇ ਕੁਰਬਾਨ ਕਰ ਦੇ, ਕਿਉਂਕਿ ਇਹ ਰੱਬੀ ਹੁਕਮ ਹੋਇਆ ਹੈ । ਸ਼ਰਧਾਲੂ ਨੇ ਆਪਣੀ ਘਰਵਾਲੀ ਨੂੰ ਆਖਿਆ, "ਮੈਨੂੰ ਰੋਜ਼ ਹੀ ਰਾਤੀਂ ਖ਼ਵਾਬ ਵਿੱਚ ਅੱਲਾਹ ਆਖਦਾ ਏ ਕਿ ਮੇਰੇ ਹੁਕਮ ਨਾਲ ਪੁੱਤਰ ਨੂੰ ਕੁਰਬਾਨ ਕਰ ਦੇ।" ਘਰਵਾਲੀ ਨੇ ਬੜੇ ਹਾੜੇ, ਵਾਸਤੇ ਤੇ ਤਰਲੇ ਮਾਰੇ ਕਿ ਇੰਞ ਨਾ ਕਰੀਂ; ਪਰ ਜਾਹਿਲ ਦੀ ਪਛਾੜੀ ਵੀ ਬਰਬਾਦੀ ਦੇ ਖੂਹ ਵੱਲ ਸੀ । ਉਸ ਨੇ ਡਿੱਗਣਾ ਹੀ ਡਿੱਗਣਾ ਸੀ । ਇਕ ਦਿਨ ਬਾਹਰ ਪੈਲੀਆਂ ਵਿੱਚ ਖਲੋ ਕੇ ਮਾਸੂਮ ਬਾਲ ਦੇ ਗਲ ਉੱਤੇ ਛੁਰੀ ਫੇਰ ਦਿੱਤੀ । ਇਹ ਮਾਰੂ ਸ਼ਰਧਾ ਨਾਮੁਮਕਿਨ ਨੂੰ ਵੀ ਮੁਮਕਿਨ ਬਣਾ ਸਕਦੀ ਹੈ । ਗੱਲ ਅੱਗ ਵਾਂਗ ਖਿੱਲਰ ਗਈ ਤੇ ਹਰ ਪਾਸੇ ਰੌਲਾ ਪੈ ਗਿਆ । ਪੁਲੀਸ ਨੇ ਕਤਲ ਕੇਸ ਬਣਾ ਕੇ ਭਾਲ ਸ਼ੁਰੂ ਕਰ ਦਿੱਤੀ ਤੇ ਅਖ਼ੀਰ ਪੀਰ ਸਾਹਬ ਵੀ ਨੱਪੇ ਗਏ । ਦੋਹਾਂ ਨੂੰ ਛਿਤਰੌਲ ਹੋਈ ਤੇ ਵਿੱਚੋਂ ਥੋਹਰ ਵਰਗੀ ਕੰਡਿਆਲੀ ਅਸਲੀਅਤ ਨਿਕਲ ਆਈ ਕਿ ਪੁੱਤਰ ਦੀ ਕੁਰਬਾਨੀ ਦੇਣ ਵਾਲੇ ਬੰਦੇ ਦੇ ਸ਼ਰੀਕਾਂ ਨੇ ਪੀਰ ਸਾਹਬ ਨੂੰ ਪੈਸਾ ਚਾੜ੍ਹਿਆ ਤੇ ਜ਼ਮੀਨ ਦੇ ਲਾਲਚ ਲਈ ਪੀਰ ਨੂੰ ਵਰਤ ਕੇ



ਇਹ ਕਾਰਾ ਕਰਵਾ ਦਿੱਤਾ । ਇਹ ਸ਼ਰਧਾ ਦਾ ਸ਼ੁਦਾਅ ਵੀ ਇਕ ਅਜਿਹੀ ਸ਼ਰਦਾਈ ਹੈ ਜਿਸ ਨੂੰ ਪੀ ਕੇ ਅਕਲ ਦਾ ਮੱਕੂ ਠੱਪਿਆ ਜਾਂਦਾ ਹੈ ।

ਅੱਜਕੱਲ੍ਹ ਜਿਹੜੇ ਲੱਕ ਉੱਤੇ ਬੰਬ ਬੰਨ੍ਹ ਕੇ ਇਸਲਾਮ ਦੇ ਨਾਂ ਉੱਤੇ ਜੰਨਤ ਹਾਸਲ ਕਰਨ ਲਈ ਆਪਣੀ ਵੀ ਨਾਲ ਹੱਤਿਆ ਕਰ ਲੈਂਦੇ ਨੇ, ਉਨ੍ਹਾਂ ਇਸੇ ਹੀ ਸ਼ਰਦਾਈ ਦਾ ਘੁੱਟ ਪੀਤਾ ਹੁੰਦਾ ਹੈ ।

ਮੈਂ ਇਹ ਵੀ ਆਖ ਚੁੱਕਾ ਹਾਂ ਕਿ ਮਾਰੂ ਜਾਂ ਉਜਾੜੂ ਸ਼ਰਧਾ ਤੋਂ ਵੱਖ ਉਸਾਰੂ ਸ਼ਰਧਾ ਵੀ ਹੈ ਜੋ ਕਿਸਮਤ ਵਾਲੇ ਨੂੰ ਕਿਸੇ ਅੱਲਾਹ ਵਾਲੇ ਕੋਲੋਂ ਲੱਭ ਜਾਂਦੀ ਹੈ । ਇਹ ਟਕੇ-ਟੋਕਰੀ ਵਿਕਣ ਵਾਲੇ ਕੱਟੀ ਵੱਛੀ ਦੇ ਚੋਰ ਪੀਰਾਂ ਫ਼ਕੀਰਾਂ ਬਾਬਿਆਂ ਤੋਂ ਵੱਖ, ਕੁਝ ਰੱਬ ਦੇ ਨਾਂ ਵਾਲੇ ਵੀ ਇਸ ਦੁਨੀਆਂ ਵਿੱਚ ਹੀ ਵੱਸਦੇ ਨੇ । ਮੈਂ ਅਜਿਹੇ ਬੰਦਿਆਂ ਦਾ ਨਾਂ ਲਏ ਬਗੈਰ ਹੀ ਦੱਸਾਂਗਾ ਕਿ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਉਸ ਵੇਲੇ ਪੰਜਾਬ ਦੇ ਮੁਖ ਮੰਤਰੀ ਸਨ ਤੇ ਉਨ੍ਹਾਂ ਇਕ ਮੋਟੀ ਰਕਮ ਦੇ ਕੇ ਆਪਣੇ ਸੈਕਟਰੀ ਨੂੰ ਟੋਰਿਆ ਕਿ ਉਸ ਰੱਬ ਵਾਲੇ ਬੰਦੇ ਨੂੰ ਮੇਰੇ ਵੱਲੋਂ ਦੇ ਆਵੋ। ਸੈਕਟਰੀ ਨੇ ਜਾ ਕੇ ਰਕਮ ਪੇਸ਼ ਕੀਤੀ ਤੇ ਅੱਗੋਂ ਬਜ਼ੁਰਗ ਨੇ ਆਖਿਆ, "ਨਵਾਜ਼ ਸ਼ਰੀਫ਼ ਸਾਹਬ ਦਾ ਸ਼ੁਕਰੀਆ ਅਦਾ ਕਰ ਕੇ ਇਹ ਰਕਮ ਉਨ੍ਹਾਂ ਨੂੰ ਮੋੜ ਦਿਉ ਕਿਉਂਕਿ ਸਾਨੂੰ ਇਸ ਦੀ ਜ਼ਰੂਰਤ ਨਹੀਂ ਤੇ ਇਸ ਡੇਰੇ ਦੀਆਂ ਜ਼ਰੂਰਤਾਂ ਅਸੀਂ ਆਪਸ ਵਿੱਚ ਹੀ ਵੰਡ ਕੇ ਪੂਰੀਆਂ ਕਰ ਲੈਂਦੇ ਹਾਂ।" ਸੈਕਟਰੀ ਸਾਹਬ ਨੂੰ ਇਹ ਜਵਾਬ ਅੱਜ ਦੀ ਦੁਨੀਆਂ ਤੋਂ ਬਾਹਰ ਦਾ ਤੇ ਵੱਖਰਾ ਹੀ ਨਜ਼ਰ ਆਇਆ ਤੇ ਉਹ ਆਖਣ ਲੱਗੇ, "ਬਜ਼ੁਰਗੋ, ਵੇਖ ਲਵੋ, ਏਨੀ ਵੱਡੀ ਰਕਮ ਤੁਹਾਨੂੰ ਕਿਸੇ ਹੋਰ ਨੇ ਪੇਸ਼ ਨਹੀਂ ਕਰਨੀ ।" ਅੱਗੋਂ ਬਜ਼ੁਰਗ ਨੇ ਕਿਹਾ, "ਹਜ਼ੂਰ ਏਡੀ ਵੱਡੀ ਰਕਮ ਤੋਂ ਇਨਕਾਰ ਵੀ ਸਾਡੇ ਸਿਵਾ ਕਿਸੇ ਹੋਰ ਨੇ ਨਹੀਂ ਕਰਨਾ । ਮਿਹਰਬਾਨੀ ਫ਼ਰਮਾ ਕੇ ਰਕਮ ਤੁਸੀਂ ਵਾਪਸ ਲੈ ਜਾਉ।" ਮੈਂ ਜ਼ਾਤੀ ਤੌਰ ਉੱਤੇ ਵੀ ਇਸ ਬਜ਼ੁਰਗ ਦੇ ਡੇਰੇ ਉੱਤੇ ਗਿਆ, ਕਿਉਂਕਿ ਉਨ੍ਹਾਂ ਬਾਰੇ ਜੋ ਸੁਣਿਆ, ਉਸ ਦੀ ਤਸਦੀਕ ਵੀ ਕਰਨਾ ਚਾਹੁੰਦਾ ਸਾਂ ।

ਉਸ ਵੱਡੀ ਸਾਰੀ ਮਸੀਤ ਵਿੱਚ ਨਾ ਕੋਈ ਪੀਰ, ਨਾ ਕਿਸੇ ਪੀਰ ਦੀ ਪੰਜਾਂ ਤਾਰਿਆਂ ਵਾਲੀ ਯੂਨੀਫ਼ਾਰਮ ਅਤੇ ਨਾ ਤਿੱਲਾ ਗੋਟਾ ਲੱਗਾ ਰਾਂਝੇ ਵਾਲਾ ਸਿਰ ਉੱਤੇ ਪੱਗੜ। ਨਾ ਕੋਈ ਵੱਖਰੀ ਰੈਜ਼ਮੈਂਟ ਤੇ ਨਾ ਕੋਈ ਜਰਨੈਲ, ਨਾ ਸਿਪਾਹੀ। ਬਹੁਤ ਸਾਰੇ ਲੋਕ ਉੱਥੋਂ ਹੀ ਖਾ ਕੇ ਉੱਥੇ ਹੀ ਸੌਂ ਜਾਣ ਵਾਲੇ ਸਨ । ਨਾ ਕੋਈ ਚੰਦਾ ਭਾੜਾ, ਨਾ ਕੋਈ ਨਜ਼ਰ ਨਜ਼ਰਾਨਾ ਅਤੇ ਨਾ ਕੋਈ ਗੋਲਕ। ਉੱਥੇ ਸਾਰੇ ਅਮੀਰਾਂ ਵਰਗੇ ਫ਼ਕੀਰ ਹੀ ਨਜ਼ਰ ਆਏ । ਨਾ ਫੁੱਲੀਆਂ ਪਤਾਸੇ ਦੇ

ਕੇ ਕਿਸੇ ਪੀਰ ਦੇ ਸਿਰ ਪਗੜੀ ਧਰ ਕੇ ਗੋਡਿਆਂ ਨੂੰ ਹੱਥ ਲਾਉਂਦਾ ਵੇਖਿਆ ਤੇ ਨਾ ਹੀ ਉਸ ਸਾਰੀ ਜੰਞ ਦਾ ਕੋਈ ਲਾੜਾ ਨਜ਼ਰ ਆਇਆ ।

ਬੜੀ ਭਾਲ ਕਰ ਕੇ ਇਕ ਬਜ਼ੁਰਗ ਲੱਭਿਆ, ਸਲਾਮ ਕਰ ਕੇ ਹੱਥ ਮਿਲਾਇਆ ਤੇ ਮੈਂ ਅਰਜ਼ ਕੀਤੀ ਕਿ ਬਜ਼ੁਰਗੋ ਮੇਰੇ ਲਈ ਦੁਆ ਕਰਿਉ ਕਿ ਅੱਲਾਹ ਮੈਨੂੰ ਨਮਾਜ਼ 'ਤੇ ਲਾ ਦੇਵੇ ਤੇ ਮੈਂ ਵੀ ਸਿੱਧੇ ਰਾਹ 'ਤੇ ਚਲਾਂ।

ਉਹ ਬਜ਼ੁਰਗ ਪਿਆਰ ਨਾਲ ਨਿੰਮ੍ਹਾ ਜਿਹਾ ਮੁਸਕਰਾਇਆ ਤੇ ਆਖਣ ਲੱਗਾ, "ਬੇਟਾ ਤੂੰ ਰੋਜ਼ ਆਪਣੀ ਡਿਊਟੀ ਤੇ ਜਾਨੈਂ, ਤਨਖ਼ਾਹ ਲੈਨੈਂ ਤੇ ਘਰ ਦੇ ਸਾਰੇ ਕੰਮ ਬੜੇ ਆਹਰ ਨਾਲ ਵੇਲੇ ਸਿਰ ਕਰਨੈਂ। ਇਹ ਸਾਰੇ ਕੰਮ ਕਰਨ ਲਈ ਕਿਸ ਕੋਲੋਂ ਦੁਆ ਕਰਵਾਉਨੈਂ? ਬਗੈਰ ਕਿਸੇ ਕੋਲੋਂ ਦੁਆ ਕਰਵਾਏ ਦੁਨੀਆਂ ਦੇ ਕੰਮ ਇਸ ਲਈ ਕਰੀ ਜਾਨੈਂ ਕਿ ਇਸ ਵਿੱਚ ਫ਼ਾਇਦਾ ਤੇ ਕੋਈ ਲੱਭਤ ਹੈ । ਸਿੱਧੀ ਰਾਹ ਜਾਂ ਨਮਾਜ਼ ਲਈ ਹੀ ਦੁਆ ਦੀ ਕਿਉਂ ਲੋੜ ਪੈਂਦੀ ਏ? ਇਹ ਸਭ ਕੁਝ ਇਸ ਕਰ ਕੇ ਕਰੀ ਜਾਨੈਂ ਕਿ ਇਸ ਦਾ ਫ਼ਾਇਦਾ ਦੁਨੀਆਂ 'ਤੇ ਹੀ ਮਿਲ ਰਿਹਾ ਹੈ । ਜਿਸ ਦਿਨ ਤੈਨੂੰ ਇਹ ਯਕੀਨ ਹੋ ਜਾਵੇਗਾ ਕਿ ਉੱਤੇ ਵੇਖਣ ਵਾਲਾ ਰੱਬ ਵੀ ਹੈ, ਉਹ ਵੇਖ ਰਿਹੈ ਤੇ ਮੇਰੇ ਚੰਗੇ ਮੰਦੇ ਦੀ ਮੈਨੂੰ ਜਜ਼ਾ ਅਤੇ ਸਜ਼ਾ ਵੀ ਜ਼ਰੂਰ ਦੇਵੇਗਾ, ਉਸ ਦਿਨ ਤੈਨੂੰ ਕਿਸੇ ਕੋਲੋਂ ਦੁਆ ਮੰਗਵਾਉਣ (ਅਰਦਾਸ ਕਰਵਾਉਣ) ਦੀ ਲੋੜ ਨਹੀਂ ਪਵੇਗੀ । ਤੂੰ ਆਪਣਾ ਦਵਾ-ਦਾਰੂ ਤੇ ਦੁਆ ਆਪ ਹੀ ਬਣ ਜਾਵੇਂਗਾ । ਤੇਰੀ ਰਾਹ ਆਪ ਹੀ ਸਿੱਧੀ ਹੋ ਜਾਵੇਗੀ । ਬਸ, ਇਹ ਯਕੀਨ ਹੀ ਇਕ ਅਜਿਹੀ ਲਾਠੀ ਹੈ ਜੋ ਕਿਸੇ ਵੀ ਇਨਸਾਨ ਨੂੰ ਪਸ਼ੂ ਵਾਂਗ ਕਿਸੇ ਬੁਰਾਈ ਦੀ ਫ਼ਸਲ ਵਿੱਚ ਮੂੰਹ ਨਹੀਂ ਮਾਰਨ ਦੇਂਦੀ । ਬਾਕੀ, ਹਰ ਇਨਸਾਨ ਆਪਣੇ ਚੰਗੇ ਮੰਦੇ ਤੋਂ ਜਾਣੂ ਹੈ, ਕੁਝ ਦੱਸਣ ਦੀ ਲੋੜ ਨਹੀਂ । ਜਾ ਬੇਟਾ, ਪੰਜ ਵੇਲੇ ਨਮਾਜ਼ ਪੜ੍ਹਿਆ ਕਰ, ਇਹ ਹੀ ਰੱਬ ਦਾ ਹੁਕਮ ਹੈ । ਫਿਰ ਆਪ ਹੀ ਦੁਆ ਮੰਗ ਕਿ ਯਾ ਅੱਲਾਹ ਮੈਨੂੰ ਸਿੱਧੀ ਰਾਹ 'ਤੇ ਚਲਾਵੀਂ । ਜਿਹੜੀ ਦੁਆ ਤੂੰ ਰੱਬ ਕੋਲੋਂ ਡਰ ਕੇ ਆਪ ਮੰਗਣੀ ਏਂ, ਉਸ ਵਰਗੀ ਦੁਆ ਤੈਨੂੰ ਕਿਧਰੋਂ ਨਹੀਂ ਲੱਭਣੀ।"

ਇਹ ਗੱਲਾਂ ਸੁਣ ਕੇ ਮੈਂ ਉੱਥੇ ਸ਼ਾਮ ਵੇਲੇ ਦੀ ਨਮਾਜ਼ ਪੜ੍ਹੀ ਤੇ ਪਰਤ ਆਇਆ । ਜੀ ਕਰਦਾ ਰਿਹਾ, ਪਰ ਵੇਲੇ ਨੇ ਮਸਰੂਫ਼ੀਅਤ ਦੀ ਅਜਿਹੀ ਚੜ੍ਹੀ ਦਿੱਤੀ ਕਿ ਦੁਬਾਰਾ ਮੈਂ ਉਸ ਥਾਂ ਨਾ ਜਾ ਸਕਿਆ । ਹੁਣ ਮੇਰੀ ਕਿਹੜੀ ਅਤੇ ਕਿੰਞ ਦੀ ਸ਼ਰਧਾ ਹੈ, ਕਿਸੇ ਨੂੰ ਕੀ ਦੱਸਾਂ? ਦੁਆ ਹੈ ਕਿ ਧਰਮ ਬਾਰੇ ਕੋਈ ਵੀ ਬਦਨਸੀਬ ਸ਼ੁਦਾਅ ਵਰਗੀ ਅੰਨ੍ਹੀ ਸ਼ਰਧਾ ਦਾ ਪਿਆਲਾ ਸਾਫ਼-ਸੁੱਥਰੀ



ਝੀਲ ਦੀ ਬਜਾਏ ਕਿਸੇ ਗੰਦੇ ਛੱਪੜ ਵਿੱਚੋਂ ਭਰ ਕੇ ਨਾ ਪੀ ਲਵੇ । ਅਕਲ, ਰੱਬ ਦੀ ਦਿੱਤੀ ਹੋਈ ਇਕ ਅਜਿਹੀ ਨਾਯਾਬ ਤੇ ਕੀਮਤੀ ਸ਼ੈਅ ਹੈ ਕਿ ਇਹ ਦੋਹਾਂ ਜਹਾਨਾਂ ਨੂੰ ਸਵਾਰਨ ਤੇ ਸੁਧਾਰਨ ਦੇ ਕੰਮ ਆਉਂਦੀ ਹੈ । ਇਹ ਵੱਖਰੀ ਗੱਲ ਹੈ ਕਿ ਕਈ ਨਿਮਾਣੇ ਅਕਲ ਹੁੰਦਿਆਂ ਹੋਇਆਂ ਵੀ ਅਕਲ ਨੂੰ ਵਰਤਦੇ ਨਹੀਂ । ਲਾਠੀ ਹੱਥ ਵਿੱਚ ਹੁੰਦਿਆਂ ਵੀ ਕਾਲੇ ਨਾਗ ਦਾ ਹੱਥੀਂ ਡੰਗ ਮਰਵਾ ਲੈਂਦੇ ਨੇ ।

ਉਹ ਲੋਕ ਜੋ ਇਹ ਸਮਝਦੇ ਨੇ ਕਿ ਮੇਰਾ ਹਰ ਧੰਦਾ, ਹਰ ਜ਼ਰੂਰਤ ਅਤੇ ਰੋਟੀ ਪਾਣੀ ਪੀਰ ਦੇ ਹੱਥ ਹੀ ਹੈ, ਉਸ ਲਈ ਫਿਰ ਰੱਬ ਦੇ ਸਾਰੇ ਇਖ਼ਤਿਆਰਾਤ ਤਾਂ ਮੁੱਕ ਗਏ । ਇੰਞ ਦੀ ਸੋਚ ਨੂੰ ਗ਼ਰਕ ਕਰਨ ਵਾਸਤੇ ਹੀ ਤਾਂ ਮੁੱਲਾਂ, ਪੀਰ, ਮੁਲਾਣੇ ਅਤੇ ਬਾਬੇ ਆਖਦੇ ਨੇ ਕਿ ਧਰਮ ਅਤੇ ਸ਼ਰਧਾ ਬਾਰੇ ਸੋਚਣ ਵਾਲਾ ਕਾਫ਼ਰ ਹੋ ਜਾਂਦਾ ਹੈ । ਪ੍ਰੋਫ਼ੈਸਰ ਮੋਹਨ ਸਿੰਘ ਕਿੰਨੀ ਸੋਹਣੀ ਮੱਤ ਦੇ ਗਿਆ ਹੈ ਕਿ 'ਲਾਈ ਲੱਗ ਮੋਮਨ ਨਾਲੋਂ ਖੋਜੀ ਕਾਫ਼ਰ ਚੰਗਾ'।

ਇਹ ਕਹਾਣੀ ਮੈਂ ਇਸ ਕਰ ਕੇ ਸੁਣਾਈ ਹੈ ਕਿ ਇਕ ਵੱਢੋਂ ਹੀ ਹਰ ਕਿਸੇ ਦੀ ਦਿੱਤੀ ਹੋਈ ਮੱਤ ਨੂੰ ਮਿੱਟੀ ਵਿੱਚ ਮਿਲਾਣਾ ਦਰੁਸਤ ਨਹੀਂ । ਇਸ ਦੁਨੀਆਂ ਵਿੱਚ ਸਿੱਧੀ ਰਾਹ ਦੱਸਣ ਵਾਲੇ ਵੀ ਅਜੇ ਜਿਊਂਦੇ ਨੇ । ਹੁਣ ਮੈਨੂੰ ਕੋਈ ਇਹ ਸਵਾਲ ਵੀ ਕਰ ਸਕਦਾ ਏ ਕਿ ਚੰਗੇ ਮੰਦੇ ਦੀ ਪਛਾਣ ਕਰਨ ਦੀ ਕਸੌਟੀ 'ਤੇ ਤੋਲ ਜੋਖ ਕਿੱਥੋਂ ਲੱਭਦਾ ਏ? ਪਹਿਲੀ ਗੱਲ ਤਾਂ ਇਹ ਹੈ ਕਿ ਰੱਬ ਦਾ ਦਿੱਤਾ ਹੋਇਆ ਤੋਹਫ਼ਾ ਅਕਲ ਹੈ । ਇਸ ਅਕਲ ਦੀ ਵਰਤੋਂ ਨਾ ਕਰਨ ਵਾਲਾ ਇੰਞ ਹੀ ਹੈ ਜਿਵੇਂ ਕੋਈ ਅਲਕ ਵਛੇਰੇ ਉੱਤੇ ਬਗੈਰ ਵਾਗਾਂ ਤੋਂ ਬਹਿ ਕੇ ਛਾਂਟਾ ਮਾਰ ਦੇਵੇ । ਜੇ ਅਸੀਂ ਧੀ-ਭੈਣ ਦਾ ਸਾਕ ਕਰਨ ਲੱਗਿਆਂ ਮੁੰਡੇ ਵਾਲਿਆਂ ਦੀ ਗਲੀ ਮੁਹੱਲੇ ਜਾਂ ਆਂਢ-ਗੁਆਂਢ ਤੋਂ ਉਨ੍ਹਾਂ ਦੀ ਸੂਹ ਜ਼ਰੂਰ ਲੈਂਦੇ ਆਂ ਕਿ ਉਨ੍ਹਾਂ ਦੀ ਹਵਾ ਕਿੰਞ ਦੀ ਹੈ, ਉਨ੍ਹਾਂ ਦਾ ਅੱਗਾ-ਪਿੱਛਾ, ਚਾਲ-ਚਲਣ ਅਤੇ ਲੱਛਣ ਚਾਲੇ ਵੇਖੇ ਪਰਖੇ ਜਾਂਦੇ ਨੇ । ਇਸੇ ਹੀ ਤਰ੍ਹਾਂ ਕਿਸੇ ਪੀਰ ਬਾਬੇ ਦੀ ਸ਼ਰਧਾ ਦਾ ਗਲ ਗਲਾਵਾਂ ਗਲ ਪਵਾਉਣ ਤੋਂ ਪਹਿਲਾਂ ਉਸ ਦਾ ਰਹਿਣ-ਸਹਿਣ, ਖਾਣ-ਪੀਣ, ਰੋਟੀ-ਟੁਕ ਦਾ ਆਹ ਤੇ ਘਰ-ਕੁੱਲਾ ਵੇਖਣਾ ਵੀ ਜ਼ਰੂਰੀ ਹੈ । ਮੈਂ ਤੇ ਆਪਣੇ ਪੀਰ ਨੂੰ ਪਹਿਲਾ ਸਵਾਲ ਇਹ ਕਰਾਂਗਾ ਕਿ ਬਾਬਾ ਜੀ ਤੁਹਾਡਾ ਜ਼ਰੀਆ ਮੁਆਸ਼ ਯਾਨੀ ਰੋਟੀ ਦਾ ਕੀ ਆਸਰਾ ਹੈ । ਜੇ ਉਹ ਆਖੇ ਕਿ 'ਮੇਰੇ ਮੁਰੀਦ, ਚੇਲੇ ਜਾਂ ਸ਼ਰਧਾਲੂ ਹੀ ਮੇਰੇ ਘਰ ਕਿਸੇ ਸ਼ੈਅ ਦੀ ਘਾਟ ਨਹੀਂ ਆਉਣ ਦੇਂਦੇ' ਤੇ ਮੈਂ ਉਸ ਪੀਰ ਨੂੰ ਪੈਰ ਉੱਤੇ ਹੀ ਆਖ਼ਰੀ ਸਲਾਮ

ਆਖਾਂਗਾ। ਜੇ ਇਸਲਾਮ ਦੇ ਮੋਢੀ, ਮੁਸਲਮਾਨੀ ਧਰਮ ਦੇ ਬਾਨੀ ਤੇ ਇਸ ਰਾਹ ਉੱਤੇ ਪਾਉਣ ਵਾਲੇ ਹਜ਼ਰਤ ਮੁਹੰਮਦ ਸਾਹਬ ਦੁਨੀਆਂ ਭਰ ਦੀ ਗ਼ਰੀਬੀ ਝੱਲ ਕੇ ਊਠ ਅਤੇ ਬੱਕਰੀਆਂ ਚਾਰ ਕੇ ਬਾਲਣ ਵੀ ਆਪ ਇਕੱਠਾ ਕਰਦੇ ਰਹੇ ਨੇ ਤੇ ਫਿਰ ਉਹਦੇ ਇਸਲਾਮ ਦੀ ਵੈਸਾਖੀ ਬਣਾ ਕੇ ਦੌੜਨ ਵਾਲੇ ਪੀਰ, ਲੋਕਾਂ ਦੇ ਮਾਲ ਉੱਤੇ ਮੌਜਾਂ ਕਿਵੇਂ ਲੁੱਟ ਸਕਦੇ ਨੇ? ਜੇ ਹਜ਼ਰਤ ਮੁਹੰਮਦ ਸਾਹਬ ਨੇ ਆਪਣੀ ਰੋਜ਼ੀ ਆਪਣੇ ਹੱਥ ਨਾਲ ਕਮਾ ਕੇ ਖਾਧੀ ਏ ਤਾਂ ਪੀਰ ਸਾਹਬ ਉਨ੍ਹਾਂ ਨਾਲੋਂ ਉੱਚੇ ਕਿਵੇਂ ਹੋ ਗਏ? ਜੇ ਚਾਹੁੰਦੇ ਤਾਂ ਉਹ ਸੋਨੇ ਦੇ ਘਰ ਵਿੱਚ ਰਹਿ ਸਕਦੇ ਸਨ ਪਰ ਕੱਚੇ ਕੋਠੇ ਵਿੱਚ ਜ਼ਿੰਦਗੀ ਗੁਜ਼ਾਰੀ ਤੇ ਦੋ ਲੀੜਿਆਂ ਵਿੱਚ ਹੀ ਦੁਨੀਆਂ ਤੋਂ ਚਲੇ ਗਏ...ਇਹ ਤਾਂ ਹੈ ਮੇਰੀ ਪਹਿਲੀ ਪਰਖ। ਇਸ ਤੋਂ ਬਾਅਦ ਹਰ ਕੋਈ ਜਾਣਦਾ ਏ ਕਿ ਅੱਲਾਹ ਵਾਲੇ ਨੂੰ ਜਾਂ ਕਿਸੇ ਫ਼ਕੀਰ ਨੂੰ ਨਾ ਅਮੀਰ ਬਣਨ ਦਾ ਸ਼ੌਕ ਅਤੇ ਨਾ ਅਮੀਰ ਅਖਵਾਉਣ ਦਾ ਚਾਅ। ਜੇ ਉਸ ਪੀਰ ਜਾਂ ਅਖੌਤੀ ਫ਼ਕੀਰ ਦੇ ਸਾਰੇ ਚਾਲੇ ਅਤੇ ਠਾਠ ਬਾਠ ਅਮੀਰਾਂ ਵਾਲੇ ਨੇ ਤਾਂ ਉਹ ਅੱਲਾਹ ਵਾਲਾ ਨਹੀਂ ਹੋ ਸਕਦਾ । ਗੱਲ ਚੰਗੀ ਹੈ ਜਾਂ ਮੰਦੀ, ਪਰ ਮੈਂ ਇਕ ਅਜਿਹੀ ਮਹਿਫ਼ਲ ਵਿੱਚੋਂ ਵੀ ਉੱਠ ਆਇਆ ਸਾਂ ਜਿੱਥੇ ਮੇਰੀ ਸ਼ਰਧਾ ਦਾ ਸੂਰਜ ਨਹੀਂ ਸੀ ਡੁੱਬਦਾ । ਇਕ ਮਸੀਤ ਵਿੱਚ ਲੋਕਾਂ ਨੂੰ ਚੰਦਾ ਇਕੱਠਾ ਕਰ ਕੇ ਰੱਬ ਦੇ ਨਾਂ ਦਾ ਲੰਗਰ ਪਾਣੀ ਛਕਾਣਾ ਸੀ ਤੇ ਮੇਰੇ ਜਿਹੇ ਨੂੰ ਵੀ ਵਾਜ ਮਾਰ ਲਈ । ਮੁੱਖ ਮਹਿਮਾਨ ਉਸ ਮਸੀਤ ਦੇ ਇਮਾਮ ਤੇ ਪੀਰ ਸਾਹਬ ਸਨ । ਸਾਰੀ ਦੁਨੀਆਂ ਥੱਲੇ ਵਿਛੇ ਖ਼ੂਬਸੂਰਤ ਕਾਲੀਨ ਉੱਤੇ ਬੈਠੀ ਹੋਈ ਸੀ ਤੇ ਜਰਨੈਲੀ ਚੋਲਾ ਪਾ ਕੇ ਆਏ ਪੀਰ ਜੀ ਨੂੰ ਮਸੀਤੇ ਰੱਬ ਦੇ ਘਰ ਦੀ ਮੇਜ਼ ਕੁਰਸੀ ਲਾ ਦਿੱਤੀ ਗਈ । ਜੇ ਰੱਬ ਦੇ ਘਰ ਵਿੱਚ ਵੀ ਸਭ ਬਰਾਬਰ ਨੇ ਤਾਂ ਫਿਰ ਪੀਰ ਸਾਹਬ ਨੂੰ ਟੰਗਣੇ ਉੱਤੇ ਕਿਉਂ ਟੰਗਿਆ ਗਿਐ? ਇਹੀ ਮੌਲਵੀ ਜੀ ਹਰ ਰੋਜ਼ ਬਰਾਬਰੀ ਦਾ ਸਬਕ ਦੇਂਦੇ ਹੋਏ ਰੋਜ਼ ਇਹ ਸ਼ੇਅਰ ਪੜ੍ਹਦੇ ਨੇ ਕਿ "ਏਕ ਹੀ ਸਫ਼ ਮੇਂ ਖੜੇ ਹੋ ਗਏ ਮਹਿਮੂਦੋ ਅੱਯਾਜ਼।" ਆਖਣ ਵਾਲੀਆਂ ਗੱਲਾਂ ਹੋਰ ਤੇ ਕਰਨ ਵਾਲੀਆਂ ਹੋਰ। ਇਹ ਦੀਨ ਅਤੇ ਇਸਲਾਮ ਦੀ ਮਹਿਫ਼ਲ ਸੀ, ਜੇ ਦੁਨੀਆਂਦਾਰੀ ਦਾ ਸਮਾਗਮ ਹੁੰਦਾ ਤੇ ਨਵਾਜ਼ ਸ਼ਰੀਫ਼ ਜਾਂ ਮੂਦੀ ਨੂੰ ਉੱਚੀ ਕੁਰਸੀ ਢੁਕਦੀ ਸੀ । ਮੈਂ ਉੱਥੇ ਮੁਫ਼ਤ ਦੀ ਰੋਟੀ ਕੀ ਖਾਣੀ ਸੀ, ਬਸ ਇਹ ਦਿਲ ਸਾੜਨ ਵਾਲਾ ਮਾਜਰਾ ਵੇਖ ਕੇ ਉੱਠ ਆਇਆ...ਭੁੱਖਾ ਭਾਣਾ...। ਕੀ ਇਹ ਜ਼ਿਆਦਤੀ ਨਹੀਂ ਕਿ ਕੋਈ ਪੀਰ ਫ਼ਕੀਰ ਜਾਂ ਮੁੱਲਾਂ ਹੱਥ ਹਿਲਾਏ ਬਗੈਰ ਤੇਰੇ ਮੇਰੇ ਜਿਹੇ ਮਜ਼ਦੂਰਾਂ ਦੀ ਦਿੱਤੀ ਕਮਾਈ ਉੱਤੇ ਮਹਿਲਾਂ ਵਿੱਚ ਰਵ੍ਹੇ, ਕਾਰਾਂ ਵਿੱਚ ਫਿਰੇ ਅਤੇ ਚੰਗਾ ਚੋਖਾ ਖਾਵੇ ਤੇ ਅੱਗੋਂ ਸਾਨੂੰ ਆਖੇ ਕਿ ਮੈਂ ਜੋ ਵੀ ਕਵ੍ਹਾਂ



ਉਸ ਨੂੰ ਰੱਬ ਦਾ ਹੁਕਮ ਜਾਣ ਕੇ ਅੰਨ੍ਹੇਵਾਹ ਮੰਨੀ ਜਾਉ...? ਬਸ ਇਹੀ ਜੇ ਸ਼ਰਧਾ ਦਾ ਸ਼ੁਦਾਅ।

ਹੋ ਸਕਦਾ ਹੈ ਹਰ ਪਾਠਕ ਮੇਰੀ ਕਮਜ਼ੋਰ ਜਾਂ ਨਾਕਸ ਅਕਲ ਨਾਲ ਇਤਫ਼ਾਕ ਨਾ ਕਰੇ ਜਾਂ ਮੈਨੂੰ ਹੀ ਸ਼ੁਦਾਈ ਮਿੱਥ ਲਵੇ । ਮੈਂ ਇਹ ਸਭ ਕੁਝ ਕਿਸੇ ਧਰਮ ਦੇ ਮੁਸਾਫ਼ਰ ਦੀ ਰਾਹ ਬਦਲਣ ਵਾਸਤੇ ਨਹੀਂ ਲਿਖ ਰਿਹਾ । ਜੇ ਕਿਸੇ ਦੇ ਮਾਂਹ ਨਰੋਏ ਨੇ, ਉਹ ਬਾਦੀ ਨਹੀਂ ਤਾਂ ਉਸ ਨੂੰ ਉਹ ਰਾਹ ਮੁਬਾਰਕ ਹੋਵੇ । ਦੱਸ ਚੁੱਕਾ ਹਾਂ ਕਿ ਅੱਜ ਵੀ ਦੁਨੀਆਂ ਵਿੱਚ ਰੱਬ ਦੇ ਬੰਦੇ ਵੀ ਵੱਸਦੇ ਨੇ । ਮੈਂ ਤਾਂ ਸਿਰਫ਼ ਆਪਣੇ ਹੀ ਦੀਨ-ਈਮਾਨ ਅਤੇ ਸ਼ਰਧਾ ਦਾ ਹਾਲ ਸੁਣਾ ਰਿਹਾ ਹਾਂ ਵਰਨਾ ਮੈਂ ਕੌਣ ਹੁੰਦਾ ਹਾਂ ਕਿਸੇ ਨੂੰ ਮੱਤ ਦੇਣ ਵਾਲਾ? ਮੇਰੇ ਪੱਲੇ ਹੈ ਕੀ? ਅਖੇ ਲੱਤੋਂ ਲੰਗੜੀ ਤੇ ਅੰਬਰਸਰ ਦਾ ਦਾਈਆ । ਮੈਂ ਤਾਂ ਆਪ ਰੱਬ ਅੱਗੇ ਦੁਆ ਕਰਦਾ ਹਾਂ ਕਿ ਰੱਬਾ ਮੈਨੂੰ ਧਰਮ ਬਾਰੇ ਏਨੀ ਕੁ ਮੱਤ ਦੇ ਛੱਡੀਂ ਕਿ ਵੱਗਦੀ ਪਵਿੱਤਰ ਨਦੀ ਅਤੇ ਛੱਪੜ ਦੇ ਪਾਣੀ ਦੀ ਪਛਾਣ ਕਰ ਸਕਾਂ । ਮੈਨੂੰ ਸੂਝ ਹੋਵੇ ਕਿ ਕਿਹੜੀ ਰਾਹ ਮਸਜਿਦ, ਮੰਦਰ ਅਤੇ ਗੁਰੂਘਰ ਵੱਲ ਜਾਂਦੀ ਹੈ ਅਤੇ ਕਿਹੜੀ ਜੂਏਖ਼ਾਨੇ ਜਾਂ ਸ਼ਰਾਬਖ਼ਾਨੇ ਵੱਲ ਜਾ ਰਹੀ ਹੈ । ਇਹ ਮੇਰਾ ਅੱਜ ਵੀ ਯਕੀਨ ਹੈ ਕਿ ਜੇ ਕੋਈ ਰੱਬ ਵਾਲਾ ਫ਼ਕੀਰ ਟੱਕਰ ਜਾਏ ਤਾਂ ਉਸ ਦੇ ਪੈਰਾਂ ਦੀ ਮਿੱਟੀ ਵੀ ਮੇਰੇ ਮੱਥੇ ਦਾ ਤਿਲਕ ਹੈ । ਰੱਬ ਅੱਗੇ ਅਰਦਾਸ ਹੈ ਕਿ ਉਹ ਸਾਨੂੰ ਵੇਖਣ ਵਾਲੀ ਅੱਖ ਅਤੇ ਪਰਖਣ ਵਾਲੀ ਅਕਲ ਦੇਵੇ ਤਾਂ ਕਿ ਅਸੀਂ ਕਿਸੇ ਪਖੰਡੀ ਦੇ ਢਹੇ ਨਾ ਚੜ੍ਹ ਜਾਈਏ । ਜੇ ਕੋਈ ਅਜੇ ਵੀ ਧਰਮ ਬਾਰੇ ਜਾਂ ਮੇਰੀ ਸ਼ਰਧਾ ਨੂੰ ਭੈਂਗੀ ਅੱਖ ਨਾਲ ਵੇਖ ਰਿਹਾ ਹੈ ਤਾਂ ਦੱਸ ਦੇਵਾਂ ਕਿ ਮੈਂ ਪਖੰਡਾਂ ਦੀ ਪੀਰੀ ਮੁਰੀਦੀ ਦੀ ਜੇਲ ਭੁਗਤਣ ਵਾਲਿਆਂ ਵਿੱਚੋਂ ਨਹੀਂ । ਪਰ ਮੇਰੀ ਨਜ਼ਰ ਵਿੱਚ ਅੱਜ ਵੀ ਅਜਿਹੇ ਸ਼ਖ਼ਸ ਹਨ ਜਿਨ੍ਹਾਂ ਦੀ ਬਜ਼ੁਰਗੀ, ਪਾਕੀਜ਼ਗੀ ਅਤੇ ਨੇਕੀ ਨੂੰ ਸਲਾਮ ਕਰਦਾ ਹਾਂ । ਇਨ੍ਹਾਂ ਵਿੱਚੋਂ ਇਕ ਹਨ ਚੌਧਰੀ ਮੁਹੰਮਦ ਅਮੀਰ ਜਿਨ੍ਹਾਂ ਨੂੰ ਰੇਲਵੇ ਵਿੱਚ ਕੰਮ ਕਰਦੇ ੨੯ ਵਰ੍ਹੇ ਵੇਖਿਆ । ਉਨ੍ਹਾਂ ਵੱਡੇ-ਵੱਡੇ ਅਹੁਦਿਆਂ ਉੱਤੇ ਕੰਮ ਕੀਤਾ ਅਤੇ ਆਖ਼ਰ ਰੇਲਵੇ ਦੇ ਚੀਫ਼ ਇੰਜੀਨੀਅਰ ਹੋ ਕੇ ਬੜੇ ਵਕਾਰ ਨਾਲ ਰਿਟਾਇਰ ਹੋ ਗਏ। ਉਹ ਇਕ ਨਿੱਕੇ ਜਿਹੇ ਕਸਬੇ ਚਕਵਾਲ ਦੇ ਜੰਮਪਲ ਨੇ ਜੋ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੀ ਅਤੇ ਬੜੇ ਹੀ ਵੱਡੇ ਗੀਤਕਾਰ ਮਦਨ ਮੋਹਨ ਦੀ ਵੀ ਜੰਮਣ ਭੋਇੰ ਹੈ । ਚੌਧਰੀ ਸਾਬ੍ਹ ਰਿਟਾਇਰ ਹੋ ਕੇ ਇਸ ਪਿੰਡ ਵਰਗੀ ਜਗ੍ਹਾ ਦੇ ਇਕ ਮੁਹੱਲੇ ਵਿੱਚ ਜ਼ਿੰਦਗੀ ਗੁਜ਼ਾਰਨ ਲੱਗ ਪਏ । ਏਨੀ ਹੈਸੀਅਤ

ਦਾ ਬੰਦਾ ਜੋ ਰੇਲਵੇ ਦਾ ਮਾਲਕ ਬਣ ਕੇ ਰਿਟਾਇਰ ਹੋਇਆ, ਆਪਣੀ ਮਿੱਟੀ 'ਤੇ ਜਾ ਵੱਸਿਆ । ਉਸ ਦੇ ਥੱਲੇ ਕੰਮ ਕਰਨ ਵਾਲੇ ਅਫ਼ਸਰ ਅੱਜ ਵੱਡੇ-ਵੱਡੇ ਸ਼ਹਿਰਾਂ ਵਿੱਚ ਇਕ-ਇਕ ਏਕੜ ਜ਼ਮੀਨ ਦੀ ਕੋਠੀ ਬਣਾ ਕੇ ਰਹਿ ਰਹੇ ਹਨ । ਚੌਧਰੀ ਸਾਬ੍ਹ ਕਦੀ ਮੇਰੇ ਵੀ ਅਫ਼ਸਰ ਹੁੰਦੇ ਸਨ ਤੇ ਮੈਂ ਉਸ ਵੇਲੇ ਵੀ ਇਸ ਫ਼ਕੀਰ ਤਬੀਅਤ ਇਨਸਾਨ ਦੀ ਅਜ਼ਮਤ ਅਤੇ ਇਨਸਾਨੀਅਤ ਨੂੰ ਸਲਾਮ ਕਰਦਾ ਸਾਂ । ਉਹ ਆਪਣੇ ਦਫ਼ਤਰ ਵਿੱਚ ਭੋਇੰ ਉੱਤੇ ਹੀ ਪੰਜ ਨਮਾਜ਼ਾਂ ਪੜ੍ਹਦੇ ਵੇਖੇ ।

ਮੈਂ ਵੀ ਰਿਸ਼ਵਤ ਦੇ ਗੁਨਾਹ ਤੋਂ ਇਨਕਾਰ ਕਰਨ ਦੇ ਜੁਰਮ ਵਿੱਚ ਰਿਟਾਇਰਮੈਂਟ ਲੈ ਕੇ ਲੰਦਨ ਆ ਗਿਆ, ਪਰ ਚੌਧਰੀ ਅਮੀਰ ਮੈਨੂੰ ਹਰ ਥਾਂ ਯਾਦ ਆਉਂਦਾ ਰਿਹਾ । ਉਂਞ ਵੀ ਆਪਣੀ ਚੰਗੀ ਜਾਂ ਬੁਰੀ ਆਦਤ ਮੁਜਬ ਨਾ ਕਿਸੇ ਚੰਗੇ ਦੀ ਉਂਗਲੀ ਛੱਡੀ ਅਤੇ ਨਾ ਹੀ ਕਦੇ ਬੁਰੇ ਦਾ ਖਹਿੜਾ ਛੱਡਿਆ । ਮੈਂ ਲਾਹੌਰ ਜਾ ਕੇ ਚੌਧਰੀ ਸਾਬ੍ਹ ਦੀ ਭਾਲ ਕੀਤੀ ਤਾਂ ਪਤਾ ਲੱਗਾ ਕਿ ਉਹ ਫ਼ਕੀਰ ਆਪਣੇ ਪਿੰਡ ਚਕਵਾਲ ਵਿੱਚ ਹੀ ਝੁੱਗੀ ਪਾਈ ਬੈਠਾ ਹੈ । ਲੱਭ-ਲਭਾ ਕੇ ਫ਼ੋਨ ਉੱਤੇ ਰਾਬਤਾ ਕੀਤਾ, ਹਾਲ ਚਾਲ ਪੁੱਛਿਆ ਤਾਂ ਆਖਣ ਲੱਗੇ, "ਅਮੀਨ, ਇਹ ਸ਼ਹਿਰਾਂ ਦੇ ਸ਼ੋਰ-ਸ਼ਰਾਬੇ ਅਤੇ ਕਾਰਾਂ-ਕੋਠੀਆਂ ਸਰਕਾਰੀ ਮਹਿਕਮੇ ਵਿੱਚ ਹੀ ਵੇਖ ਚੁੱਕਾ ਹਾਂ । ਇਹ ਪਿੰਡ ਮੇਰੀ ਮਿੱਟੀ ਹੈ ਤੇ ਇਕ ਦਿਨ ਇਸ ਮਿੱਟੀ ਵਿੱਚ ਹੀ ਜਾਣੈ।" ਮੈਂ ਕੰਮਕਾਜ ਵੱਲੋਂ ਪੁੱਛਿਆ ਤਾਂ ਆਖਣ ਲੱਗੇ, "ਅਮੀਨ, ਰੱਟਾ ਤਾਂ ਸਾਰਾ ਇਸ ਰੋਟੀ ਦਾ ਹੀ ਹੁੰਦੈ। ਉਸ ਲਈ ਮੇਰੀ ਪੈਨਸ਼ਨ ਵੀ ਜ਼ਿਆਦਾ ਹੈ । ਜੋ ਕੁਝ ਹੋਰ ਰੇਲਵੇ ਵੱਲੋਂ ਮਿਲਿਆ, ਉਸ ਨਾਲ ਪਿੰਡ ਵਿੱਚ ਇਕ ਮਸੀਤ ਸ਼ੁਰੂ ਕਰ ਦਿੱਤੀ ਏ ਤੇ ਗਲੀਆਂ ਵਿੱਚ ਗ਼ਰੀਬਾਂ ਦੇ ਆਵਾਰਾ ਫਿਰਦੇ ਬਾਲਾਂ ਨੂੰ ਫੜ-ਫੜਾ ਕੇ ਮਸੀਤੇ ਲੈ ਆਇਆ ਹਾਂ ਤੇ ਪੜ੍ਹਾ ਛੱਡਦਾ ਹਾਂ । ਇਸ ਤੋਂ ਚੰਗਾ ਮੈਨੂੰ ਕੋਈ ਵੀ ਕਾਰੋਬਾਰ ਨਹੀਂ ਸੀ ਲੱਗਿਆ । ਇਕ ਪੁੱਤਰ ਹੈ ਜੋ ਬੜਾ ਤਾਅਬੇਦਾਰ ਡਾਕਟਰ ਹੈ । ਨਾ ਮੇਰੇ ਉੱਤੇ ਕਿਸੇ ਦਾ ਭਾਰ ਅਤੇ ਨਾ ਹੀ ਮੈਂ ਕਿਸੇ ਉੱਤੇ ਭਾਰ।" ਮੈਂ ਮਸੀਤ ਅਤੇ ਬਾਲਾਂ ਦੇ ਖ਼ਰਚੇ ਵੱਲੋਂ ਪੁੱਛਿਆ ਤਾਂ ਹੱਸ ਕੇ ਆਖਣ ਲੱਗੇ, "ਅਮੀਨ, ਇਹ ਮਸੀਤ ਰੱਬ ਦਾ ਘਰ ਹੈ ਅਤੇ ਇਹ ਗ਼ਰੀਬ ਬਾਲ ਰੱਬ ਦੀ ਮਖ਼ਲੂਕ। ਰੱਬ ਆਪ ਹੀ ਜ਼ੁੰਮੇਵਾਰ ਹੈ ਅਤੇ ਉਹ ਹੀ ਕਾਰਸਾਜ਼ ਹੈ । ਉਹ ਸਭ ਦਾ ਪਾਲਣਹਾਰ ਹੈ । ਕਈ ਖਾਂਦੇ-ਪੀਂਦੇ ਲੋਕ ਮਸੀਤ ਦੀਆਂ ਇੱਟਾਂ ਸੀਮੈਂਟ ਅਤੇ ਬਾਲਾਂ ਦੀ ਮਦਦ ਕਰ ਛੱਡਦੇ ਨੇ।" ਮੈਂ ਲੰਦਨ ਤੋਂ ਡਰਦੇ ਡਰਦੇ ਨੇ ਚਕਵਾਲ ਫ਼ੋਨ ਕੀਤਾ ਅਤੇ



ਚੌਧਰੀ ਸਾਬ੍ਹ ਦੀ ਮਿੰਨਤ ਕੀਤੀ ਕਿ ਜੇ ਮੈਂ ਰੱਬ ਦੇ ਘਰ ਜਾਂ ਉਸ ਦੀ ਮਖ਼ਲੂਕ ਦੀ ਮਦਦ ਕਰਨਾ ਚਾਹਾਂ ਤਾਂ ਕਬੂਲ ਕਰ ਲਵੋਗੇ? ਨਿੰਮ੍ਹਾ ਜਿਹਾ ਹੱਸ ਕੇ ਕਹਿਣ ਲੱਗਾ, "ਅਮੀਨ! ਜੇ ਤਾਂ ਤੇਰੇ ਪੈਸੇ ਮੇਰੀ ਆਪਣੀ ਜ਼ਾਤ ਲਈ ਹੁੰਦੇ ਤਾਂ ਮੈਂ ਕਬੂਲ ਕਰਦਾ ਜਾਂ ਇਨਕਾਰ ਕਰ ਦੇਂਦਾ । ਪਰ ਇਹ ਮਾਮਲਾ ਤੇਰਾ ਅਤੇ ਰੱਬ ਦਾ ਹੈ । ਇੰਞ ਹੀ ਸਮਝ ਕਿ ਤੂੰ ਟਿਕਟ ਲੈ ਕੇ ਗੱਡੀ ਬਹਿ ਜਾਂਦਾ ਏਂ ਤੇ ਡਰਾਈਵਰ ਕੋਲੋਂ ਇਜਾਜ਼ਤ ਮੰਗਣ ਦੀ ਲੋੜ ਨਹੀਂ ਹੁੰਦੀ ਕਿਉਂਕਿ ਟਿਕਟ ਦੇ ਪੈਸੇ ਉੱਤੇ ਹਕੂਮਤ ਕੋਲ ਚਲੇ ਜਾਂਦੇ ਨੇ ਤੇ ਡਰਾਈਵਰ ਸਿਰਫ਼ ਗੱਡੀ ਚਲਾ ਰਿਹੈ।" ਇਹ ਸਾਹਿਤਕ ਕਿਸਮ ਦੀ ਮਿਸਾਲ ਸੁਣ ਕੇ ਬੜਾ ਮਜ਼ਾ ਆਇਆ ਤੇ ਮੈਨੂੰ ਉਹ ਵੇਲੇ ਯਾਦ ਆ ਗਏ ਜਦੋਂ ੧੯੮੦ ਵਿੱਚ ਮੇਰੀ ਪੋਸਟਿੰਗ ਬਤੌਰ ਮਕੈਨੀਕਲ ਇੰਸਟਰੱਕਟਰ ਵਾਲਟਨ ਟਰੇਨਿੰਗ ਸੈਂਟਰ ਵਿੱਚ ਹੋਈ ਅਤੇ ਚੌਧਰੀ ਅਮੀਰ ਸਾਬ੍ਹ ਉੱਥੇ ਡਾਇਰੈਕਟਰ ਮਕੈਨੀਕਲ ਸਨ । ਮੈਂ ਆਪਣੀ ਚਿੱਠੀ ਦਿੱਤੀ ਤਾਂ ਮੈਨੂੰ ਪੁੱਛਣ ਲੱਗ ਪਏ, "ਪੜ੍ਹਾਉਣਾ ਤੇਰਾ ਸ਼ੌਕ ਵੀ ਹੈ ਕਿ ਸਿਰਫ਼ ਨੌਕਰੀ ਹੀ ਕਰਨੀ ਹੈ?" ਮੈਂ ਇਸ ਗੱਲ ਦੇ ਜਵਾਬ ਵਿੱਚ ਕੁਝ ਗੱਲਾਂ ਕੀਤੀਆਂ ਤਾਂ ਚੌਧਰੀ ਸਾਬ੍ਹ ਨਿੰਮ੍ਹਾ ਜਿਹਾ ਹੱਸ ਕੇ ਆਖਣ ਲੱਗੇ, "ਤੁਮ ਕੋਈ ਸ਼ਾਇਰੀ ਵਾਇਰੀ ਭੀ ਕਰਤੇ ਹੋ?" ਮੈਂ ਨਾਂਹ ਵਿੱਚ ਜਵਾਬ ਦਿੱਤਾ ਤਾਂ ਆਖਣ ਲੱਗੇ, "ਗੁਫ਼ਤਗੂ ਤੋ ਸ਼ਾਇਰੋਂ ਜੈਸੀ ਕਰਤੇ ਹੋ ਯਾ ਕਿਸੀ ਯੂਨੀਅਨ ਕੇ ਲੀਡਰ ਦਿਖਾਈ ਦੇਤੇ ਹੋ।" ਅੱਜ ਸੋਚਦਾ ਹਾਂ ਕਿ ਜਦੋਂ ਮੇਰਾ ਸਾਹਿਤ ਨਾਲ ਕੋਈ ਲੈਣਾ-ਦੇਣਾ ਨਹੀਂ ਸੀ, ਚੌਧਰੀ ਅਮੀਰ ਨੇ ਮੇਰੇ ਵਿੱਚ ਜ਼ਹਾਨਤ ਨਾਲ ਹੀ ਵੇਖ ਲਿਆ ਸੀ । ਕੁਝ ਚਿਰ ਇਸ ਅੱਲਾਹ ਵਾਲੇ ਬੰਦੇ ਨਾਲ ਕੰਮ ਕਰਨ ਦਾ ਸਵਾਦ ਲਿਆ ਤੇ ਫਿਰ ਡਿਪਟੀ ਚੀਫ਼ ਇੰਜੀਨੀਅਰ ਹੋ ਕੇ ਉਹ ਹੈੱਡਕੁਆਰਟਰ ਚਲੇ ਗਏ । ਪਰ ਉਹ ਜਿੱਥੇ ਵੀ ਗਏ, ਮੇਰੀ ਸ਼ਰਧਾ ਉਨ੍ਹਾਂ ਦਾ ਪਿੱਛਾ ਕਰਦੀ ਹੀ ਰਹੀ । ਚੌਧਰੀ ਸਾਬ੍ਹ ਤੋਂ ਬਾਅਦ ਵਾਲਟਨ ਰਿਸ਼ਵਤ ਦਾ ਸੂਰ ਖਾਣ ਵਾਲੇ ਆ ਗਏ ਤੇ ਮੈਂ ਆਪਣੇ ਪੇਸ਼ੇ ਸਮੇਤ ਰਿਸ਼ਵਤ ਖਾਣ ਵਾਲੇ ਨੂੰ ਵੀ ਲੱਤ ਮਾਰ ਆਇਆ ਅਤੇ ਨੌਕਰੀ ਛੱਡ ਕੇ ਲੰਦਨ ਆ ਗਿਆ ।

ਇਹ ਕਿੱਸਾ ਵਿਸ਼ੇ ਤੋਂ ਹਟ ਕੇ ਹੈ ਪਰ ਇਸ ਲਈ ਦੱਸਣਾ ਪਿਆ ਹੈ ਕਿ ਸ਼ਰਧਾ ਤੋਂ ਮੈਂ ਵੀ ਖ਼ਾਲੀ ਨਹੀਂ । ਮੈਂ ਅੱਜ ਵੀ ਪਿੰਡ ਚਕਵਾਲ ਵਿੱਚ ਬਣਨ ਵਾਲੀ ਮਸੀਤ ਅਤੇ ਉੱਥੇ ਪੜ੍ਹਨ ਵਾਲੇ ਗ਼ਰੀਬਾਂ ਦੇ ਬਾਲਾਂ ਲਈ ਸਭ ਕੁਝ ਵਾਰਨ ਨੂੰ ਤਿਆਰ ਹਾਂ । ਚੌਧਰੀ ਅਮੀਰ ਕੋਈ ਪੀਰ, ਮੁੱਲਾਂ ਜਾਂ ਪੰਡਤ

ਭਾਈ ਨਹੀਂ । ਨਾ ਹੀ ਉਸ ਨੇ ਕਦੀ ਮੇਰੇ ਕੋਲੋਂ ਕੁਝ ਮੰਗਿਆ ਹੈ । ਕੁਝ ਦੇਵਾਂ ਵੀ ਤਾਂ ਸ਼ੁਕਰੀਆ ਵੀ ਕਦੀ ਅਦਾ ਨਹੀਂ ਕਰਦੇ ਕਿਉਂਕਿ ਉਹ ਜਾਣਦੇ ਨੇ ਕਿ ਇਹ ਪੈਸੇ ਰੱਬ ਨੂੰ ਦਿੱਤੇ ਨੇ ਤੇ ਰੱਬ ਹੀ ਸ਼ੁਕਰੀਆ ਅਦਾ ਕਰੇਗਾ ।

ਸੋ, ਮੈਂ ਅਰਜ਼ ਕਰ ਰਿਹਾ ਸਾਂ ਕਿ ਯਕੀਨ ਦਾ ਕੋਠਾ ਛੱਤਣ ਲਈ ਸ਼ਰੀਂਹ ਦਾ ਨਹੀਂ, ਟਾਲ੍ਹੀ ਸ਼ਤੂਤ (ਸ਼ਹਿਤੂਤ) ਜਾਂ ਫਲਾਵਾ ਦਾ ਸ਼ਹਿਤੀਰ ਪਾਉ ਤਾਕਿ ਉਸ ਨੂੰ ਘੁਣ, ਸਿਉਂਕ ਜਾਂ ਖਪਰਾ ਨਾ ਲੱਗੇ । ਸਾਗ ਪਤੀਲੇ ਦੀ ਬਜਾਏ ਮਿੱਟੀ ਦੀ ਹਾਂਡੀ ਵਿੱਚ ਹੀ ਪਕਦਾ ਹੈ ਜਿਵੇਂ ਝੋਨੇ ਦੀ ਪਨੀਰੀ ਕਦੀ ਬਰੇਤੇ ਜਾਂ ਮੈਰੇ ਵਿੱਚ ਨਹੀਂ ਉੱਗਦੀ ।

ਹੈਰਾਨੀ ਤਾਂ ਇਹ ਹੈ ਕਿ ਜੇ ਕੋਈ ਜੱਚਦੀ-ਮਿੱਚਦੀ, ਰਲਦੀ-ਮਿਲਦੀ ਜਾਂ ਕੋਈ ਚੱਜ ਦੀ ਪੁੱਜਦੀ ਸ਼ਰਧਾ ਹੋਵੇ ਤਾਂ ਬੰਦਾ ਆਖ ਸਕਦਾ ਹੈ ਕਿ ਚਲੋ ਭੁਲੇਖਾ ਲੱਗ ਗਿਆ । ਪਰ ਜੇ ਕੋਈ ਲੰਦਨ ਵਿੱਚ ਬਾਲਾਂ ਦੇ ਗੁਜ਼ਾਰੇ ਲਈ ਬੇਕਾਰੀ ਭੱਤਾ ਲੈਣ ਵਾਲੇ ਬੰਦੇ ਨੂੰ ਸ਼ਰਧਾ ਦਾ ਸ਼ੁਦਾਅ ਚੰਬੜ ਗਿਆ ਤੇ ਉਹ ਆਪਣੇ ਬਾਲਾਂ ਦੇ ਮੂੰਹ 'ਚੋਂ ਰੋਟੀ ਖੋਹ ਕੇ ਇਕ ਐਸੇ ਪੀਰ ਦੇ ਪੈਰਾਂ ਵਿੱਚ ਪੈਸੇ ਰੱਖੀ ਜਾ ਰਿਹਾ ਹੈ ਜਿਸ ਕੋਲ ਸੱਤ-ਸੱਤ ਕਰੋੜ ਦੇ ਤਿੰਨ ਮਕਾਨ ਅਤੇ ਥੱਲੇ ਚਾਲ੍ਹੀ ਲੱਖ ਰੁਪਏ ਦੀ ਕਾਰ ਵੀ ਹੈ, ਜਿਸ ਨੂੰ ਉਸ ਦਾ ਡਰਾਈਵਰ ਚਲਾਉਂਦਾ ਹੈ । ਅਜਿਹੇ ਵਿੱਚ ਮਾੜੇ-ਮੋਟੇ ਅਨਪੜ੍ਹ ਹਮਾਤੜਾਂ ਦੀ ਸ਼ਰਧਾ ਦਾ ਕੀ ਹਾਲ ਹੋਵੇਗਾ?

ਇਸ ਲੰਦਨ ਵਿੱਚ ਹੀ ਹੋਣ ਵਾਲਾ ਇਕ ਹੋਰ ਕਾਰਾ ਸੁਣ ਲਉ ਜਿਸ ਨੂੰ ਸੁਣ ਕੇ ਪਿੱਟਣ ਨੂੰ ਦਿਲ ਕਰਦਾ ਹੈ । ਇਕ ਨਿੱਜੀ ਟੀ.ਵੀ. ਉੱਤੇ ਸਈਅਦ ਪੀਰ ਸ਼ਾਹ ਸਾਬ੍ਹ ਪ੍ਰੋਗਰਾਮ ਕਰਦੇ ਨੇ ਤੇ ਉਨ੍ਹਾਂ ਦੀ ਵਾਰਦਾਤ ਬਿਲਕੁਲ ਹੀ ਵੱਖਰੀ ਹੈ । ਉਨ੍ਹਾਂ ਨੂੰ ਸੰਨ੍ਹ ਲਾਉਣ ਵਾਸਤੇ ਕੋਈ ਹਥਿਆਰ ਵੀ ਨਹੀਂ ਵਰਤਣਾ ਪੈਂਦਾ । ਇਹ ਪੀਰ ਆਖਦਾ ਹੈ ਕਿ ਫ਼ਲਾਣੇ ਨਬੀ ਦੇ ਨਾਂ ਦੀ ਕੋਈ ਸੁਖਣਾ ਸੁਖੋ, ਪਰ ਸੁਖਣਾ ਸੁੱਖਣ ਤੋਂ ਪਹਿਲਾਂ ਮੇਰੇ ਕੋਲੋਂ ਇਜਾਜ਼ਤ ਲੈਣੀ ਜ਼ਰੂਰੀ ਹੈ ਕਿਉਂਕਿ ਮੈਨੂੰ ਰੱਬ ਵੱਲੋਂ ਦਾਦ ਹੈ ਤੇ ਇਜਾਜ਼ਤ ਦੇਣ ਦੀ ਸਿਰਫ਼ ਮੇਰੇ ਕੋਲ ਹੀ ਅਥਾਰਟੀ ਹੈ । ਦੂਜਾ ਹੁਕਮ ਇਸ ਵਾਰਦਾਤੀਏ ਦਾ ਇਹ ਹੈ ਕਿ ਜੇ ਤੁਹਾਡੀ ਸੁਖਣਾ ਜਾਂ ਮੰਨਤ ਪੂਰੀ ਹੋ ਜਾਏ ਤਾਂ ਜਿਹੜੀ ਰਕਮ ਤੁਸਾਂ ਸੁੱਖੀ ਹੋਈ ਹੈ, ਉਹ ਸਿਰਫ਼ ਉਸ ਬੰਦੇ ਨੂੰ ਹੀ ਦੇਣੀ ਹੈ ਜਿਸ ਦੀ ਜ਼ਾਤ ਸਈਅਤ ਹੋਵੇਗੀ । ਹੁਣ ਪੀਰ ਜੀ ਦੀਆਂ ਦੋਹਾਂ ਗੱਲਾਂ ਉੱਤੇ ਗ਼ੌਰ ਕਰੋ ਤਾਂ ਸਿੱਧਾ-ਸਿੱਧਾ ਮਖ਼ੌਲ ਲੱਗਦਾ ਹੈ, ਪਰ ਜਿਨ੍ਹਾਂ ਨੇ ਅਕਲ ਦੀ ਚਾਟੀ ਵਿੱਚ



ਪੁੱਠੀਆਂ ਸੋਚਾਂ ਦਾ ਅਚਾਰ ਪਾ ਕੇ ਉੱਤੇ ਬੇਅਕਲੀ ਦਾ ਢੱਕਣ ਦੇ ਦਿੱਤਾ ਹੋਵੇ ਤਾਂ ਉਸ ਅਚਾਰ ਨੂੰ ਸ਼ੁਦਾਅ ਦੀ ਉੱਲੀ ਤਾਂ ਲੱਗ ਹੀ ਜਾਂਦੀ ਹੈ । ਮੰਨਿਆ ਕਿ ਇਸ ਦੁਨੀਆਂ ਵਿੱਚ ਲੋੜਾਂ, ਮੁਸੀਬਤਾਂ ਅਤੇ ਜ਼ਰੂਰਤਾਂ ਕਿਸੇ ਵੇਲੇ ਵੀ ਇਨਸਾਨ ਦੇ ਗਲ ਦਾ ਫਾਹਾ ਬਣ ਜਾਂਦੀਆਂ ਨੇ ਪਰ ਇਸ ਦਾ ਮਤਲਬ ਇਹ ਨਹੀਂ ਕਿ ਤੰਗ ਆ ਕੇ ਇਨ੍ਹਾਂ ਠੱਗ ਪੀਰਾਂ-ਬਾਬਿਆਂ ਦੇ ਹੱਥ ਆਪਣੀ ਨਕੇਲ ਫੜਾ ਦਿਉ ।

ਮੈਂ ਆਪਣਾ ਕਲੇਜਾ ਸਾੜਨ ਲਈ ਇਹ ਟੀ.ਵੀ. ਪ੍ਰੋਗਰਾਮ ਬੜੇ ਆਹਰ ਨਾਲ ਵੇਖਦਾ ਸਾਂ । ਕੋਈ ਜ਼ਨਾਨੀ ਆ ਕੇ ਆਖਦੀ ਹੈ, "ਸ਼ਾਹ ਸਾਬ੍ਹ, ਮੇਰੀ ਧੀ ਦੀ ਮੰਗਣੀ ਦੋ ਵੇਰਾਂ ਟੁੱਟ ਗਈ ਏ ਤੇ ਸੁਖਣਾ ਸੁੱਖਣ ਦੀ ਇਜਾਜ਼ਤ ਦਿਉ।"

"ਇਜਾਜ਼ਤ ਹੈ।" ਇਹ ਆਖ ਕੇ ਸ਼ਾਹ ਸਾਬ੍ਹ ਮਿਹਰਬਾਨੀ ਕਰ ਦੇਂਦੇ ਹਨ । ਸੁਖਣਾ ਪੂਰੀ ਹੋਵੇ, ਨਾ ਹੋਵੇ ਉਸ ਦੇ ਛਿੱਤਰ ਉੱਤੇ । ਸ਼ਾਹ ਜੀ ਨੇ ਡੋਲੀ ਵਿੱਚ ਪਾ ਦਿੱਤੀ ਹੈ, ਅੱਗੋਂ ਭਾਵੇਂ ਜਾਂਦਿਆਂ ਹੀ ਰੰਡੀ ਹੋ ਜਾਏ । ਕੋਈ-ਕੋਈ ਆਸ ਉਮੀਦ ਜਾਂ ਖ਼ਾਹਿਸ਼ ਰੱਬ ਪੂਰੀ ਵੀ ਕਰ ਦੇਂਦਾ ਹੈ । ਮਸਲਨ ਉਸ ਕੁੜੀ ਦੀ ਮੰਗਣੀ ਕਦੀ ਤਾਂ ਪੁੱਗ ਹੀ ਜਾਣੀ ਹੁੰਦੀ ਹੈ । ਹੁਣ ਕੁੜੀ ਦੀ ਮਾਂ ਸਮਝਦੀ ਏ ਕਿ ਸ਼ਾਹ ਸਾਬ੍ਹ ਦੀ ਇਜਾਜ਼ਤ ਅਤੇ ਸੁੱਖਣ ਦੀ ਬਰਕਤ ਨਾਲ ਇਹ ਕੰਮ ਹੋ ਗਿਆ ਹੈ । ਹੁਣ ਉਹ ਆਪਣੀ ਮਿਥੀ ਹੋਈ ਸੁਖਣਾ ਦੀ ਰਕਮ ਤਾਰਨ ਵਾਸਤੇ ਕਿਹੜੇ ਗਲੀਆਂ-ਮੁਹੱਲਿਆਂ ਵਿੱਚੋਂ ਸਈਅਦ ਬੰਦਾ ਲੱਭਦੀ ਫਿਰੇ? ਪੀਰ ਸ਼ਾਹ ਸਾਬ੍ਹ ਨੂੰ ਇਸ ਗੱਲ ਦਾ ਪੱਕ ਹੁੰਦਾ ਹੈ ਕਿ ਮੰਨਤ ਪੂਰੀ ਹੋ ਗਈ ਤਾਂ ਦੌਲਤ ਉਸ ਦੇ ਘਰ ਹੀ ਆਵੇਗੀ । ਹੁਣ ਆਪਣੇ ਘਰ ਦਾ ਸਰਨਾਵਾਂ ਵੀ ਦੱਸਦਾ ਹੈ—ਤੇ ਇਕ ਦਿਨ ਮੈਂ ਇਹ ਆਖਦਾ ਵੀ ਸੁਣਿਆ ਕਿ "ਦੁਨੀਆਂ ਵਿੱਚ ਇਮਾਨਦਾਰ ਲੋਕ ਵੀ ਹਨ । ਕਿਸੇ ਨੇ ਲਿਫ਼ਾਫ਼ੇ ਵਿੱਚ ਪੈਸੇ ਪਾ ਕੇ ਮੈਨੂੰ ਘੱਲੇ ਪਰ ਉਹ ਗ਼ਲਤ ਪਤੇ ਉੱਪਰ ਚਲੇ ਗਏ । ਪਰ ਉਸ ਘਰ ਵਾਲੇ ਮੇਰੇ ਘਰ ਆ ਕੇ ਪੈਸੇ ਦੇ ਗਏ।" ਜ਼ਰਾ ਖ਼ਬਾਸਤ, ਚਲਾਕੀ ਅਤੇ ਮੱਕਾਰੀ ਦਾ ਅੰਦਾਜ਼ ਵੇਖੋ ਕਿ ਪੀਰ ਸਾਬ੍ਹ ਪੈਸੇ ਹਾਸਲ ਕਰਨ ਵਾਲੇ ਦਾਅ ਵੀ ਨਾਲ ਹੀ ਦੱਸ ਗਏ ਨੇ ।

ਇਹ ਤਮਾਸ਼ਾ ਰੋਜ਼ ਵੇਖ-ਵੇਖ ਕੇ ਮੇਰੀ ਕੁੱਤੀ ਆਦਤ ਭੌਂਕਣ ਲੱਗ ਪਈ । ਇਹ ਵੀ ਪਤਾ ਸੀ ਕਿ ਜੇ ਆਪਣਾ ਅਸਲੀ ਨਾਂ ਦੱਸ ਕੇ ਕਾਰਵਾਈ ਕੀਤੀ ਤਾਂ ਸ਼ਰਧਾ ਦੇ ਹਲਕਾਏ ਸ਼ੁਦਾਈਆਂ ਨੇ ਮੇਰੀ ਕੁੱਤੇਖਾਣੀ ਕਰਨੀ ਹੈ

ਕਿਉਂਕਿ ਅੱਗੇ ਵੀ ਕਈ ਵਾਰ ਟੀ.ਵੀ. ਉੱਤੇ ਜਦੋਂ ਮੈਂ ਬੁਰੇ ਨੂੰ ਬੁਰੇ ਦਾ ਬੀਜ ਆਖਿਆ ਤਾਂ ਟੀ.ਵੀ. ਮੇਰਾ ਹੁੱਕਾ-ਪਾਣੀ ਬੰਦ ਕਰ ਕੇ ਮੇਰਾ ਨਾਂ ਸੁਣਦੇ ਹੀ ਮੇਰੀ ਫ਼ੋਨਕਾਲ ਕੱਟ ਦੇਂਦੇ ਸਨ । ਰਾਣੀ ਨੇ ਕਈ ਵੇਰਾਂ ਮੇਰੀ ਖੁੰਬ ਠੱਪੀ ਕਿ, "ਤੂੰ ਕੀ ਲੈਣੈ ਇਸ ਸੁਰ ਦੇ ਸ਼ਿਕਾਰ ਵਿੱਚੋਂ? ਕਿਉਂ ਸਾਰੀ ਦੁਨੀਆਂ ਨੂੰ ਮਗਰ ਪਵਾ ਲੈਨੈਂ?" ਪਰ ਵਾਰਿਸ ਸ਼ਾਹ ਨਾ ਆਦਤਾਂ ਜਾਂਦੀਆਂ ਨੇ....ਜਿੱਥੇ ਅੱਗੇ ਏਨੀ ਦੁਨੀਆਂ ਮੈਨੂੰ ਮੂੰਹ ਨਹੀਂ ਲਾਉਂਦੀ, ਉੱਥੇ ਪੀਰ ਸ਼ਾਹ ਸਾਬ੍ਹ ਵੀ ਬੁਰਾ ਆਖ ਦੇਣਗੇ ਤਾਂ ਕੀ ਫ਼ਰਕ ਪੈਂਦਾ ਹੈ? ਅਖੇ ਜਿੱਥੇ ਸੌ, ਉੱਥੇ ਕੌਤਰ ਸੌ।

ਰਾਣੀ ਤੋਂ ਬਚ-ਬਚਾ ਕੇ ਆਪਣਾ ਨਾਂ ਬਦਲ ਲੇ ਫ਼ੋਨ ਕਰ ਦਿੱਤਾ। ਗਾਹਕ ਸਮਝ ਕੇ ਬੜੇ ਪਿਆਰ ਨਾਲ ਸ਼ਾਹ ਸਾਬ੍ਹ ਬੋਲੇ । ਮੈਂ ਆਖਿਆ, "ਸ਼ਾਹ ਸਾਬ੍ਹ, ਤੁਹਾਡੀ ਬਰਕਤ ਨਾਲ ਮੇਰੀ ਸੁਖਣਾ ਪੂਰੀ ਹੋ ਗਈ ਏ ਤੇ ਹੁਣ ਪੈਸੇ ਕਿੱਥੇ ਟੋਰਾਂ?" ਉਹ ਆਖਣ ਲੱਗੇ, "ਥੱਲੇ ਪਤਾ ਦਿੱਤਾ ਹੋਇਐ ਜਾਂ ਕਿਸੇ ਵੀ ਹੋਰ ਸਈਅਦ ਨੂੰ ਦੇ ਦਿਉ।" ਮੈਂ ਆਖਿਆ, "ਪੀਰ ਸਾਬ੍ਹ! ਇਕ ਸਈਅਦ ਰੋਜ਼ ਹੀ ਮੇਰੇ ਨਾਲ ਪੱਬ ਵਿੱਚ ਦਾਰੂ ਪੀਂਦੈ, ਉਸ ਨੂੰ ਕਿਉਂ ਨਾ ਦੇ ਦੇਵਾਂ, ਜ਼ਰਾ ਖੁੱਲ੍ਹ ਡੁੱਲ੍ਹ ਕੇ ਪੀ ਲਵੇ?" ਇਸ ਦੇ ਨਾਲ ਹੀ ਮੇਰੀ ਕਾਲ ਕੱਟੀ ਗਈ ਤੇ ਫਿਰ ਦਸ ਮਿੰਟ ਤਕ ਜਿਹੜੀ ਮੇਰੇ ਉੱਤੇ ਕਲਿਆਣ ਹੋਈ ਉਹ ਸੁਣਨ ਵਾਲੀ ਸੀ । ਮੈਨੂੰ ਤੋਏ ਲਾਹਨਤ ਕਰਦੇ ਹੋਏ ਆਖਿਆ ਕਿ ਇਹ ਕਾਲ ਕਰਨ ਵਾਲਾ ਕੋਈ ਕਾਫ਼ਰ ਮਰਦੂਦ ਸੀ । ਕਈ ਇੰਞ ਦੀ ਬਕਵਾਸ ਕਰਨ ਵਾਲੇ ਵੀ ਦੁਨੀਆਂ ਵਿੱਚ ਵੱਸਦੇ ਨੇ । ਇਹ ਲਾਹਨਤੀ ਲੋਕ ਇਸਲਾਮ ਦੀ ਬੇਹੁਰਮਤੀ ਕਰਦੇ ਨੇ । ਬੰਦਾ ਪੁੱਛੇ ਕਿ ਮੈਂ ਆਪਣੀ ਸੁਖਣਾ ਦਾ ਪੈਸਾ ਸਈਅਦ ਨੂੰ ਹੀ ਤਾਂ ਦੇਣ ਲੱਗਾ ਹਾਂ । ਇਹ ਸ਼ਰਤ ਤਾਂ ਕਿਧਰੇ ਨਹੀਂ ਸੀ ਕਿ ਸਈਅਦ ਸ਼ਰਾਬ ਨਾ ਪੀਂਦਾ ਹੋਵੇ । ਪਰ ਕੋਈ ਪੁੱਛੇ ਇਸ ਨੂੰ ਕਿ ਕੀ ਸਈਅਦ ਫ਼ਰਿਸ਼ਤੇ ਹੁੰਦੇ ਨੇ? ਅਖੇ 'ਸੱਭ ਅਮਲਾ ਦੇ ਹੋਣਗੇ ਨਬੇੜੇ, ਕਿਸੇ ਨਹੀਂ ਤੇਰੀ ਜ਼ਾਤ ਪੁੱਛਣੀ।' ਅੱਲਾਹ ਸਿਰਫ਼ ਬੰਦੇ ਦਾ ਕਿਰਦਾਰ ਅਤੇ ਅਮਲ ਵੇਖਦਾ ਹੈ, ਜ਼ਾਤਾਂ ਵੇਖ ਕੇ ਫ਼ੈਸਲੇ ਨਹੀਂ ਕਰਦਾ । ਇਕ ਨੇਕ ਸ਼ਰੀਫ਼ ਭਲਾਮਾਣਸ ਮੋਚੀ ਕਿਸੇ ਬਦਮੁਆਸ਼, ਸ਼ਰਾਬੀ ਅਤੇ ਜ਼ਾਨੀ ਸਈਅਦ ਨਾਲੋਂ ਲੱਖ ਦਰਜੇ ਚੰਗਾ ਹੈ ਦੁਨੀਆਂ ਉੱਤੇ, ਰੱਬ ਦੀ ਨਜ਼ਰ ਵਿੱਚ ।

ਪਰ ਸ਼ਰਧਾ ਦੇ ਸ਼ੁਦਾਈਆਂ ਨੂੰ ਇਹ ਗੱਲ ਸਮਝਾਵੇ ਕੌਣ? ਜੇ ਸ਼ੁਦਾਈਆਂ ਨੇ ਸ਼ਰਧਾ ਦੇ ਸ਼ੁਦਾਅ ਦਾ ਧਤੂਰਾ ਨਾ ਪੀਤਾ ਹੋਵੇ ਤਾਂ ਇਹ ਸੋਚਣ ਕਿ ਬਰਮਿੰਘਮ ਇਕ ਟੀ.ਵੀ. ਉੱਤੇ ਬੈਠਾ ਫ਼ਰਾਡ ਸ਼ਾਹ ਆਖਦਾ ਹੈ ਕਿ



ਰੱਬ ਕੋਲੋਂ ਕੁਝ ਮੰਗਣ ਲਈ ਉਸ ਤੋਂ ਇਜਾਜ਼ਤ ਲੈਣੀ ਜ਼ਰੂਰੀ ਹੈ । ਦੁਨੀਆਂ ਉੱਤੇ ਕਰੋੜਾਂ ਲੋਕ ਵੱਸਦੇ ਹਨ । ਜਿੱਥੇ ਫ਼ਰਾਡ ਸ਼ਾਹ 'ਸੈਕਰੇਟਰੀ ਟੂ ਅੱਲਾਹ ਮੀਆਂ' ਨਹੀਂ ਹੈ, ਉੱਥੇ ਕਿਹੜਾ 'ਸੈਕਰੇਟਰੀ' ਲੋਕਾਂ ਦੇ ਕੇਸ ਰੱਬ ਨੂੰ ਪੇਸ਼ ਕਰਦਾ ਹੈ?

ਇੰਞ ਹੀ ਇਕ ਹੋਰ ਨਿੱਜੀ ਟੀ.ਵੀ. ਉੱਤੇ ਇਕ ਹਿੰਦੂ ਕਿਸਮਤ ਅਤੇ ਸਿਤਾਰਿਆਂ ਦੀ ਚਾਲ ਦੱਸਦਾ ਹੈ । ਉਸ ਦੀ ਆਪਣੀ ਚਾਲ-ਢਾਲ ਅਤੇ ਰੰਗ-ਰੂਪ ਦੱਸ ਦੇਵਾਂ ਕਿ ਉਹ ਪ੍ਰੋਗਰਾਮ ਵਿੱਚ ਤਿੰਨ-ਤਿੰਨ ਕੀਮਤੀ ਸੂਟ ਅਤੇ ਟਾਈਆਂ ਬਦਲਦਾ ਹੈ ਤੇ ਕਿਸੇ ਵੱਡੇ ਅਫ਼ਸਰ ਦੀ ਤਰ੍ਹਾਂ 'ਕਲਾਸ ਵਨ ਅਫ਼ਸਰ' ਲੱਗਦਾ ਹੈ । ਦਸਾਂ ਉਂਗਲਾਂ ਵਿੱਚ ਦਸ ਛਾਪਾਂ ਹੁੰਦੀਆਂ ਨੇ ਅਤੇ ਉਹ ਸ਼ੁਦਾਈ ਗਾਹਕਾਂ ਨੂੰ ਦਬਕੇ ਵੀ ਮਾਰਦਾ ਹੈ, ਜਿਹੜੇ ਫ਼ੋਨ ਕਰ ਕੇ ਆਪਣੀ ਬਦਕਿਸਮਤੀ ਵਿੱਚ ਵਾਧਾ ਕਰਵਾ ਰਹੇ ਹੁੰਦੇ ਹਨ । ਪੰਡਤ ਜੀ ਦੀ ਵਾਰਦਾਤ ਦਾ ਤਰੀਕਾ ਇਹ ਹੈ ਕਿ ਉਸ ਨੂੰ ਫ਼ੋਨ ਕਾਲ ਕਰਨ ਦਾ ਰੇਟ ਇਕ ਪਾਊਂਡ ਫ਼ੀ ਮਿੰਟ ਹੁੰਦਾ ਹੈ । ਯਾਨੀ ਕਿ ਇਕ ਮਿੰਟ ਦੇ ਇਕ ਸੌ ਤੀਹ ਰੁਪਏ ਬਣਦੇ ਨੇ ਜੋ ਪੰਡਤ ਜੀ ਦੇ ਬੋਝੇ ਵਿੱਚ ਜਾਂਦੇ ਨੇ । ਇਸ ਆਮਦਨ ਲਈ ਹੀ ਇਹ ਸਾਰੀ ਖੇਡ ਰਚਾਈ ਹੋਈ ਹੈ । ਸ਼ੁਦਾਈ ਦੀ ਹਰ ਕਾਲ ਦਸ ਮਿੰਟ ਤੋਂ ਘੱਟ ਨਹੀਂ ਹੁੰਦੀ । ਪਹਿਲਾਂ ਤਾਂ ਉਹ ਸਮੱਸਿਆ ਸੁਣਦਾ ਹੈ, ਫਿਰ ਸ਼ੁਦਾਈ ਦਾ ਨਾਂ, ਸਾਰੇ ਟੱਬਰ ਦੀਆਂ ਉਮਰਾਂ, ਜਨਮ ਭੂਮੀਆਂ ਅਤੇ ਜਨਮਦਿਨ। ਫਿਰ ਉਹ ਆਖਦਾ ਹੈ ਕਿ ਤੁਸੀਂ ਫ਼ੋਨ ਉੱਤੇ ਹੀ ਰਹੋ, ਮੈਂ ਹਿਸਾਬ ਲਾ ਕੇ ਸਮੱਸਿਆ ਦਾ ਕਾਰਨ ਅਤੇ ਹੱਲ ਦੱਸਾਂਗਾ। ਸਮੱਸਿਆ ਤਾਂ ਪਤਾ ਨਹੀਂ ਹੱਲ ਹੋਣੀ ਹੈ ਕਿ ਨਹੀਂ, ਘੱਟ ਤੋਂ ਘੱਟ ਹਰ ਕਾਲ ਕਰਨ ਵਾਲੇ ਕੋਲੋਂ ਦੋ ਹਜ਼ਾਰ ਰੁਪਿਆ ਤਾਂ ਪੰਡਿਤ ਜੀ ਮਾਰ ਹੀ ਲੈਂਦੇ ਨੇ । ਮੈਨੂੰ ਤਾਂ ਉਹ ਸ਼ਬਦ ਭੁੱਲ ਗਏ ਨੇ ਜੋ ਇੰਞ ਸਨ, "ਤੈਨੂੰ ਮੰਗਲ ਨੇ ਘੇਰਾ ਪਾਇਐ ਜੋ ਤਿੰਨ ਮਹੀਨੇ ਰਹੇਗਾ। ਉੱਤੋਂ ਸ਼ਨੀ ਲੱਕੋਂ ਜੱਫਾ ਪਾ ਕੇ ਉੱਤੇ ਬੈਠਾ ਹੋਇਐ।" ਇਸ ਮੁਸ਼ਕਲ ਦਾ ਹੱਲ ਜਾਂ ਉਪਾਅ ਦੱਸਦੇ ਹੋਏ ਆਖਦਾ ਹੈ, "ਪੰਜ ਗਜ਼ ਲੱਠਾ, ਉਸ ਵਿੱਚ ਪੰਜ ਕਿੱਲੋ ਚਾਵਲ ਅਤੇ ਦੋ ਕਿੱਲੋ ਖੰਡ ਬੰਨ੍ਹ ਕੇ ਕਿਸੇ ਰੁੱਖ ਥੱਲੇ ਦੱਬ ਦਿਉ । ਨਾਲੇ ਛੇ-ਛੇ ਮਾਸੇ ਦੀਆਂ ਚਾਰ ਡਲੀਆਂ ਚਾਂਦੀ ਦੀਆਂ ਇਕ ਹਫ਼ਤਾ ਸਿਰਹਾਣੇ ਥੱਲੇ ਰੱਖ ਕੇ ਕਿਸੇ ਨੂੰ ਦਾਨ ਕਰ ਦਿਉ।" ਇੰਞ ਕਰਦੇ-ਕਰਦੇ ਮੁਕੱਦਰ ਦੇ ਮਾਰੇ ਹੋਏ ਸਵਾਲੀ ਦੀ ਬਦਨਸੀਬੀ ਅਤੇ ਗ਼ਰੀਬੀ ਵਿੱਚ ਹੋਰ ਵਾਧਾ ਹੋ ਜਾਂਦਾ ਹੈ। ਇਹ ਪ੍ਰੋਗਰਾਮ ਸੁਣ ਕੇ ਸੋਚਦਾ ਹਾਂ ਕਿ ਰੱਬਾ ਇੰਞ ਦੀ ਸ਼ਰਧਾ ਦਾ ਸ਼ੁਦਾਅ

ਲੰਦਨ ਆ ਕੇ ਵੀ ਸਾਡੇ ਗਲੋਂ ਕਿਉਂ ਨਹੀਂ ਲੱਥਾ? ਅਸੀਂ ਕਿਹੜੀ ਕਿਸਮਤ ਲਿਖਵਾ ਕੇ ਲਿਆਏ ਸਾਂ । ਇਸ ਪ੍ਰੋਗਰਾਮ ਵਿੱਚ ਬੜੇ-ਬੜੇ ਤਮਾਸ਼ੇ ਅਤੇ ਬੜੇ ਤਮਾਸ਼ਿਆਂ ਦੇ ਅਜੀਬ ਹੱਲ ਅਤੇ ਉਪਾਅ ਦੱਸੇ ਜਾਂਦੇ ਨੇ। ਇਕ ਜ਼ਨਾਨੀ ਨੇ ਕਾਲ ਕਰ ਕੇ ਆਖਿਆ, "ਭਾਅ ਜੀ, ਮੇਰਾ ਇਕ ਪੁੱਤਰ ਆਖੇ ਨਹੀਂ ਲੱਗਦਾ ਤੇ ਆਪਣੀ ਜ਼ਨਾਨੀ ਦੇ ਥੱਲੇ ਲੱਗ ਕੇ ਰੋਜ਼ ਮੇਰੀ ਬੇਇੱਜ਼ਤੀ ਕਰਦਾ ਹੈ। ਉੱਤੋਂ ਖਾਵੰਦ ਵੀ ਪੁੱਠਿਆਂ ਕੰਮਾਂ ਵਿੱਚ ਪੈ ਗਿਐ ਤੇ ਮੇਰੀ ਮੁਸ਼ਕਲ ਦਾ ਹੱਲ ਦੱਸੋ।" ਪੰਡਿਤ ਜੀ ਨੇ ਕਈ ਖ਼ਰਚੇ ਦੱਸ ਕੇ ਨਾਲ ਇਕ ਖ਼ਰਚਾ ਹੋਰ ਦੱਸਿਆ ਕਿ ਸ਼ਰਾਬ ਦੀ ਇਕ ਬੋਤਲ ਲੈ ਕੇ ਦਰਿਆ ਵਿੱਚ ਰੋੜ੍ਹਨੀ ਹੈ । ਅੱਗੋਂ ਉਹ ਜ਼ਨਾਨੀ ਕਹਿੰਦੀ, "ਭਾਅ ਜੀ, ਮੈਂ ਮੁਸਲਮਾਨ ਹਾਂ ਤੇ ਸ਼ਰਾਬ ਖ਼ਰੀਦਣਾ ਔਖਾ ਹੈ ਮੇਰੇ ਲਈ।" ਪੰਡਿਤ ਜੀ ਨੇ ਤੁਰਤ ਜਵਾਬ ਦਿੰਦਿਆਂ ਆਖਿਆ, "ਚੱਲ ਕੋਈ ਸ਼ਰਬਤ ਦੀ ਬੋਤਲ ਲੈ ਕੇ ਰੋੜ੍ਹ ਦਿਉ।" ਪਹਿਲਾਂ ਤਾਂ ਜਦੋਂ ਪੰਡਿਤ ਜੀ ਨੇ ਸ਼ਰਾਬ ਦਰਿਆ ਵਿੱਚ ਰੋੜ੍ਹਨ ਲਈ ਆਖਿਆ ਤਾਂ ਮੈਨੂੰ ਦੁੱਖ ਹੋਇਆ ਕਿ ਕਿੰਨੀ 'ਇੱਜ਼ਤਦਾਰ ਸ਼ੈਅ' ਦੀ ਹੱਤਕ ਕਰਨ ਲੱਗਾ ਹੈ । ਪਰ ਜਦੋਂ ਸ਼ਰਾਬ ਦੀ ਥਾਂ ਸ਼ਰਬਤ ਦੀ ਬੋਤਲ ਰੋੜ੍ਹੀ ਤਾਂ ਮੈਂ ਸੋਚਿਆ ਕਿ ਮੇਰਾ ਸਿਤਾਰਾ ਕੰਮ ਕਰ ਗਿਆ । ਅਗਰ ਕਿਸੇ ਸ਼ੁਦਾਈ ਵਿੱਚ ਅਕਲ ਹੋਵੇ ਤਾਂ ਸੋਚੇ, ਪੰਡਿਤ ਜੀ ਨੇ ਮੁਸਲਮਾਨ ਔਰਤ ਨੂੰ ਸ਼ਰਾਬ ਦੀ ਥਾਂ ਸ਼ਰਬਤ ਰੋੜ੍ਹਨ ਦਾ ਹੁਕਮ ਦਿੱਤਾ ਹੈ, ਕੀ ਸ਼ਰਾਬ ਅਤੇ ਸ਼ਰਬਤ ਦੇ ਇੱਕੋ ਹੀ ਕੰਮ ਨੇ? ਮੁਸ਼ਕਲ ਦਾ ਹੱਲ ਤਾਂ ਨਸ਼ਾ ਮੰਗਦਾ ਸੀ, ਹੁਣ ਸ਼ਰਬਤ ਅਤੇ ਮਿੱਠਾ ਨਸ਼ੇ ਤੋਂ ਬਗੈਰ ਹੈ । ਨਾਲੇ ਮੁਸਲਮਾਨ ਜ਼ਨਾਨੀ ਨੂੰ ਪੁੱਛੇ ਕਿ ਇਲਾਜ ਹਿੰਦੂ ਕੋਲੋਂ ਪੁਛਨੀ ਏਂ ਅਤੇ ਪਰਹੇਜ਼ ਮੁਸਲਮਾਨਾਂ ਵਾਲਾ ਮੰਗਨੀ ਏਂ । ਅਖੇ ਗੁਲਗਲੇ ਖਾਨੀ ਆਂ ਤੇ ਤੇਲ ਤੋਂ ਪਰਹੇਜ਼ ਕਰਨੀ ਆਂ ।

ਇਸ ਪੰਡਿਤ ਤਮਾਸ਼ਬੀਨ ਨਾਲ ਇਕ ਦਿਨ ਤਮਾਸ਼ਾ ਕਰਨ ਨੂੰ ਜੀਅ ਕੀਤਾ ਤੇ ਪੰਡਿਤ ਜੀ ਨੂੰ ਆਪਣੀ ਸਮੱਸਿਆ ਦੱਸਦੇ ਹੋਏ ਆਖਿਆ ਕਿ ਹਜ਼ੂਰ ਦੋ ਵਿਆਹ ਕਰ ਚੁੱਕਾ ਹਾਂ ਤੇ ਔਲਾਦ ਕਿਸੇ ਵਿੱਚੋਂ ਵੀ ਨਹੀਂ ਹੁੰਦੀ । ਲੋਕ ਆਖਦੇ ਨੇ ਕਿ ਕਿਸੇ ਨੇ ਕੁਝ ਕੀਤਾ ਹੋਇਆ ਹੈ । ਪੰਡਿਤ ਜੀ ਨੇ ਅੱਗਾ ਪਿੱਛਾ, ਨਾਂ ਪਤਾ ਅਤੇ ਹੋਰ ਨਿੱਕੜ ਸੁੱਕੜ ਪੁੱਛ ਕੇ ਮੰਗਲ ਅਤੇ ਸ਼ਨੀ ਜਿਹੇ ਦੱਸ ਕੇ ਪੁੱਠਾ ਸਿੱਧਾ ਖ਼ਰਚਾ ਵੀ ਦੱਸਿਆ ਤੇ ਨਾਲ ਹੀ ਇਹ ਵੀ ਦੱਸ ਦਿੱਤਾ ਕਿ "ਅਗਲੇ ਵਰ੍ਹੇ ਜਨਵਰੀ ਤਕ ਤੇਰੇ ਉੱਤੇ ਕਿਸੇ ਦਾ ਭਾਰ ਹੈ । ਫ਼ਰਵਰੀ ਸ਼ੁਰੂ ਹੁੰਦਿਆਂ ਹੀ ਔਲਾਦ ਹੋਣ ਦੀ ਉਮੀਦ ਹੈ । ਬੱਸ ਤੁਸੀਂ ਦੱਸੇ ਹੋਏ ਤਰੀਕੇ



ਨਾਲ ਦਾਨ-ਪੁੰਨ ਅਤੇ ਪੰਦਰਾਂ ਕਿੱਲੋ ਕਣਕ ਰੁੱਖ ਥੱਲੇ ਖਿਲਾਰ ਆਉ।" ਮੈਂ ਆਪਣੀ ਬਦਲੀ ਹੋਈ ਆਵਾਜ਼ ਠੀਕ ਕਰ ਲਈ ਤੇ ਆਖਿਆ, "ਪੰਡਿਤ ਜੀ, ਮੇਰੀ ਉਮਰ ਦੇ ਰੁੱਖ ਤੋਂ ਹੁਣ ਸਾਰੇ ਪੱਤੇ ਝੜ ਗਏ ਹਨ। ਮੇਰੇ ਤਿੰਨ ਬੱਚੇ ਅਤੇ ਤਿੰਨ ਪੋਤੇ-ਦੋਹਤੇ ਨੇ। ਹੁਣ ਤਾਂ ਮੇਰੇ ਕੋਠੇ ਉੱਤੇ ਬੱਚਿਆਂ ਵਾਲੀ ਘਟਾ ਹੀ ਨਹੀਂ ਚੜ੍ਹਦੀ ਤਾਂ ਬਾਲਾਂ ਦਾ ਮੀਂਹ ਕਿੱਥੋਂ ਵਰ੍ਹੇਗਾ? ਨਾਲੇ ਮੇਰਾ ਅਸਲੀ ਨਾਂ ਝੂਠ ਪਰਕਾਸ਼, ਪਿਉ ਦਾ ਨਾਂ ਧੋਖਾ ਰਾਮ, ਮਾਂ ਦਾ ਨਾਂ ਫੱਫੇਕੁੱਟਣੀ ਅਤੇ ਕੌਮ ਸਾਡੀ ਹਰਾਮਖੋਰੀ ਹੈ।" ਪਰ ਸ਼ਾਬਾਸ਼ ਪੰਡਿਤ ਦੇ ਵੀ, ਉਸ ਨੇ ਗੁੱਸਾ ਨਾ ਕੀਤਾ ਤੇ ਹੱਸ ਕੇ ਫ਼ੋਨ ਕੱਟ ਦਿੱਤਾ ।

ਮੇਰਾ ਖ਼ਿਆਲ ਹੈ ਲੰਦਨ ਦੇ ਸ਼ੁਦਾਅ ਅਤੇ ਟੀ.ਵੀ. ਉੱਤੇ ਹੋਣ ਵਾਲੇ ਇਕ ਹੋਰ ਤਮਾਸ਼ੇ ਦਾ ਜ਼ਿਕਰ ਕਰ ਕੇ ਬੱਸ ਕਰਦਾ ਹਾਂ, ਵਰਨਾ ਪੂਰੀ ਕਿਤਾਬ ਲਿਖਣੀ ਪਵੇਗੀ । ਇੰਵ ਦੇ ਹੀ ਇਕ ਟੀ.ਵੀ. ਉੱਤੇ ਇਕ ਮੌਲਵੀ ਹਰੇ ਚੋਲੇ ਅਤੇ ਗੋਟੇ ਵਾਲੀ ਟੋਪੀ ਅਤੇ ਗਲ ਵਿੱਚ ਮਣਕੇ ਪਾ ਕੇ ਆਉਂਦੇ ਨੇ । ਉਨ੍ਹਾਂ ਦਾ ਕਾਰੋਬਾਰ ਇਹ ਹੈ ਕਿ 'ਮੈਂ ਖ਼ਵਾਬਨਾਮਾ ਦੱਸਾਂਗਾ। ਯਾਨੀ ਕਿਸੇ ਨੂੰ ਖ਼ਾਬ ਆਇਆ ਤੇ ਮੈਂ ਦੱਸਾਂਗਾ ਕਿ ਇਸ ਖ਼ਾਬ ਦਾ ਕੀ ਮਤਲਬ ਹੈ ਅਤੇ ਤੇਰੀ ਜ਼ਿੰਦਗੀ ਉੱਤੇ ਇਸ ਦਾ ਕੀ ਅਸਰ ਪਵੇਗਾ।' ਹੁਣ ਖ਼ਾਬ ਵੀ ਹਰ ਕਿਸੇ ਨੂੰ ਆਉਂਦਾ ਹੈ ਅਤੇ ਸ਼ੁਦਾਈਆਂ ਦੀ ਵੀ ਔੜ ਨਹੀਂ ਪਈ । ਟੀ.ਵੀ. ਉੱਤੇ ਮਹਿੰਗੇ ਫ਼ੋਨ ਕਰ ਕੇ, ਕਾਲਰਾਂ ਦੀ ਕਤਾਰ ਲੱਗੀ ਰਹਿੰਦੀ ਹੈ । ਇਕ ਜ਼ਨਾਨੀ ਆਖਦੀ ਹੈ, "ਮੌਲਵੀ ਜੀ, ਮੈਂ ਖ਼ਾਬ ਵਿੱਚ ਰਾਤ ਨੂੰ ਸੱਪ ਵੇਖਿਐ, ਇਸ ਦਾ ਕੀ ਮਤਲਬ ਏ?" ਹੁਣ ਮੌਲਵੀ ਫ਼ੋਨ ਦਾ ਬਿੱਲ ਵਧਾਉਣ ਲਈ ਗੱਲ ਦਾ ਵਧਾਣ ਵਧਾਈ ਜਾਂਦੇ ਨੇ ਤੇ ਪੁੱਛਦੇ ਨੇ, "ਬੀਬੀ ਆਪਣਾ ਨਾਂ, ਪਤਾ, ਜਨਮ ਦਿਨ ਦੱਸ ਕੇ ਇਹ ਦੱਸੋ ਕਿ ਸੱਪ ਦਾ ਰੰਗ ਕੀ ਸੀ, ਲੰਮਾ ਕਿੰਨਾ ਕੁ ਸੀ, ਉਹ ਤੈਨੂੰ ਵੇਖ ਕੇ ਦੌੜ ਗਿਆ ਸੀ ਜਾਂ ਤੇਰੇ ਵੱਲ ਆਇਆ ਸੀ? ਤੂੰ ਉਸ ਨੂੰ ਮਾਰ ਸੁੱਟਿਆ ਸੀ ਜਾਂ ਆਪ ਹੀ ਡਰ ਕੇ ਦੌੜ ਗਈ ਸੈਂ?" ਹੁਣ ਮੌਲਵੀ ਇਹ ਗੱਲਾਂ ਪੁੱਛਣ ਤੋਂ ਬਾਅਦ ਖ਼ਾਬ ਦਾ ਮਤਲਬ ਅਤੇ ਹਕੀਕਤ ਦੱਸਦੇ ਹੋਏ ਆਖਦੇ ਨੇ, "ਬੀਬੀ, ਤੁਹਾਡਾ ਇਕ ਦੁਸ਼ਮਣ ਹੈ । ਉਸ ਨੇ ਡੱਬੀਆਂ ਵਾਲੇ ਖੇਸ ਦੀ ਬੁੱਕਲ ਮਾਰੀ ਹੋਈ ਹੈ । ਉਹ ਤੁਹਾਡੇ ਉੱਪਰ ਵਾਰ ਕਰਨ ਆਇਆ ਪਰ ਉਸ ਦਾ ਵਾਰ ਨਹੀਂ ਚੱਲਿਆ ਤੇ ਦੌੜ ਗਿਆ ਹੈ । ਤੁਸੀਂ ਹੁਸ਼ਿਆਰ ਰਹਿਉ, ਉਹ ਦੁਬਾਰਾ ਫਿਰ ਵੀ ਕਿਸੇ ਵੇਲੇ ਆਵੇਗਾ।" ਇਹ ਸੁਣ ਕੇ ਸ਼ੁਦਾਅ ਦੀ ਫੰਡੀ ਹੋਈ ਬੀਬੀ ਥਰ ਥਰ ਕੰਬਦੀ ਹੋਈ ਫ਼ੋਨ ਰੱਖ ਦੇਂਦੀ ਹੈ । ਹੁਣ ਪਤਾ ਨਹੀਂ

ਵਿਚਾਰੀ ਰਾਤ ਨੂੰ ਸੌਂ ਵੀ ਸਕੇਗੀ ਕਿ ਨਹੀਂ?

ਇਹ ਲੰਦਨ ਜਿਹੇ ਮਾਡਰਨ ਸ਼ਹਿਰ ਵਿੱਚ ਤਮਾਸ਼ੇ ਹੋ ਰਹੇ ਨੇ। ਉਨ੍ਹਾਂ ਲੋਕਾਂ ਕੋਲ ਰਹਿ ਕੇ ਅਸੀਂ ਇੰਞ ਕਰ ਰਹੇ ਹਾਂ ਜਿਹੜੇ ਚੰਨ ਵਿੱਚੋਂ ਵੀ ਹੋ ਆਏ ਨੇ। ਅਸੀਂ ਇੱਥੇ ਆ ਕੇ ਵੀ ਲੁਧਿਆਣਾ ਅਤੇ ਲਾਇਲਪੁਰ ਹੀ ਹਾਂ। ਲੰਦਨ ਦੇ ਸਮਾਜ ਅਤੇ ਤਾਲੀਮ ਨੇ ਸਾਡਾ ਕੁਝ ਨਹੀਂ ਸਵਾਰਿਆ। ਅਸੀਂ ਪੋਤੜਿਆਂ ਦੇ ਵਿਗੜੇ ਅਤੇ ਧੁਰ ਦੇ ਉੱਜੜੇ ਹੋਏ ਹਾਂ। ਅਸੀਂ ਅਕਲ ਤੋਂ ਵਿਛੜੇ ਨਸੀਬਾਂ ਦੇ ਰਗੜੇ ਹੋਏ ਅਨਾਨਾਸ ਛੱਡ ਕੇ ਬੋਹੜ ਦੀਆਂ ਗੋਲ੍ਹਾਂ ਖਾਣ ਵਾਲੇ ਹਾਂ।

ਚਲੋ ਲੰਦਨ ਤੋਂ ਇਕ ਵੇਰਾਂ ਫਿਰ ਆਪਣੇ ਦੇਸ਼ ਚੱਲਦੇ ਹਾਂ। ਯਾਦ ਰਹੇ ਕਿ ਮੈਂ ਸੁਣੀ-ਸੁਣਾਈ ਨਹੀਂ ਬਲਕਿ ਅੱਖੀਂ ਵੇਖੀ ਵਿਖਾਈ ਗੱਲ ਹੀ ਕਰਾਂਗਾ। ਪਾਕਿਸਤਾਨ ਦੇ ਇਕ ਵੱਡੇ ਸਾਰੇ ਪੀਰ ਬਲਕਿ ਪੀਰਾਂ ਦੇ ਸਰਕਾਰੀ ਸਾਨ੍ਹ ਦੀ ਗੱਲ ਸੁਣਾ ਦੇਵਾਂ। ਇਹ ਪੀਰ ਜੋ ਕਦੀ ਸਾਡੇ ਮੁੱਖ ਮੰਤਰੀ ਦੇ ਬੜੇ ਲਾਡਲੇ ਪੀਰ ਸਨ, ਫਿਰ ਪਤਾ ਨਹੀਂ ਕੀ ਹੋਇਆ ਕਿ ਅਚਾਨਕ ਇਹ ਪੀਰੀ ਮੁਰੀਦੀ ਦਾ ਰਿਸ਼ਤਾ ਤੜੱਕ ਕਰ ਕੇ ਟੁੱਟ ਗਿਆ। ਰਿਸ਼ਤਾ ਹੀ ਨਹੀਂ ਟੁੱਟਾ ਸੀ, ਆਪਸ ਵਿੱਚ ਸੰਢਿਆਂ ਵਾਲਾ ਵੈਰ ਵੀ ਪੈ ਗਿਆ। ਕੋਈ ਸੂਹ ਨਹੀਂ ਲੱਗੀ ਕਿ ਇਹ ਕੋਈ ਮਾਲ-ਪਾਣੀ ਦਾ ਰੱਟਾ ਸੀ ਜਾਂ ਮੁਰੀਦ ਕੋਲ ਪੈਸਾ ਧੇਲਾ ਥੁੜ ਗਿਆ ਜਾਂ ਹੋ ਸਕਦਾ ਹੈ ਪੀਰ ਦੇ ਲਾਲਚ ਦੀ ਝਲੂੰਗੀ ਹੀ ਵੱਡੀ ਹੋ ਗਈ, ਕਿਉਂਕਿ ਇੰਞ ਵੀ ਹੁੰਦਾ ਹੈ ਕਿ ਕਿਸੇ ਐਕਟਰ ਦੀ ਕੋਈ ਫ਼ਿਲਮ ਹਿੱਟ ਹੋ ਜਾਏ ਤਾਂ ਉਹ ਆਪਣਾ ਮੁੱਲ ਵਧਾ ਦੇਂਦਾ ਹੈ। ਪੀਰ ਦੀ ਕਲਾਕਾਰੀ ਕੋਲ ਜ਼ੁਬਾਨ ਦੀ ਤਲਵਾਰ ਵੀ ਹੈ ਸੀ। ਗੱਲਾਂ ਦੀ ਵਾਛੜ ਅਤੇ ਬੰਦੇ ਜੋੜਨ ਦੀ ਰਫ਼ਤਾਰ ਵੀ ਚੋਖੀ ਸੀ। ਉਸ ਦੇ ਜਾਲ ਵਿੱਚ ਦਿਨੋਂ-ਦਿਨੀਂ ਡਾਰਾਂ ਦੀਆਂ ਡਾਰਾਂ ਪੰਛੀ ਫਸਦੇ ਗਏ। ਇਨ੍ਹਾਂ ਮਾਸੂਮ ਸ਼ੁਦਾਈਆਂ ਦੀ ਗਿਣਤੀ ਲੱਖਾਂ ਵਿੱਚ ਹੋ ਗਈ। ਮੁੱਖ ਮੰਤਰੀ ਨੇ ਆਪਣੀ ਸ਼ਰਧਾ ਦੇ ਸ਼ੁਦਾਅ ਵਿੱਚ ਪੀਰ ਨੂੰ ਮਾਲ-ਮੱਤਾ, ਕਾਰ ਅਤੇ ਕੋਠੀ ਲਈ ਜ਼ਮੀਨ ਵੀ ਦੇ ਦਿੱਤੀ ਸੀ। ਇਹ ਪੀਰ ਜਦੋਂ ਆਇਆ ਸੀ, ਇਕ ਨਿੱਕੀ ਜਿਹੀ ਮਸੀਤ ਦਾ ਨਿੱਕਾ ਜਿਹਾ ਮੌਲਵੀ ਹੀ ਸੀ, ਪਰ ਸ਼ੁਦਾਈਆਂ ਦਾ ਸ਼ੁਦਾਅ ਏਨਾ ਵਧਿਆ ਕਿ ਮੌਲਵੀ ਖ਼ੁਦਾ ਬਣ ਗਿਆ। ਹੁਣ ਇਹ ਹਰ ਵੇਲੇ ਦੁਨੀਆਂ ਦੇ ਦੌਰੇ ਉੱਤੇ ਰਹਿੰਦੇ ਨੇ। ਗਰਮੀਆਂ ਦੇ ਛੇ ਮਹੀਨੇ ਲੰਦਨ ਪੈਰਿਸ ਵਿੱਚ ਗੁਜ਼ਾਰਦੇ ਨੇ। ਕਦੀ ਇਹ ਮੌਲਵੀ ਮੇਰੇ ਮੁਹੱਲੇ ਵਿੱਚ ਹੀ ਪੰਜ ਮਰਲੇ ਦੇ ਘਰ ਵਿੱਚ ਰਹਿੰਦੇ ਸਨ। ਪਰ ਅੱਜ ਇਹ ਸੁਪਰਸਟਾਰ, ਛੱਤ ਤੋਂ ਬਗੈਰ ਜੀਪ ਵਿੱਚ ਨਿਕਲਦਾ ਹੈ ਤੇ ਚਾਰ ਬੰਦੂਕਾਂ ਵਾਲੇ



ਗਾਰਡ ਉਸ ਦੀ ਜ਼ਿੰਦਗੀ ਦੀ ਰਾਖੀ ਕਰਦੇ ਨੇ। ਪਰ ਉਹ ਸਾਨੂੰ ਆਖਦਾ ਹੈ ਕਿ ਜ਼ਿੰਦਗੀ ਮੌਤ ਦੀ ਰਾਖੀ ਰੱਬ ਕਰਦਾ ਹੈ। ਜਦੋਂ ਬੰਦੇ ਨੂੰ ਫ਼ਖ਼ਰ, ਗ਼ਰੂਰ, ਘੁਮੰਡ ਅਤੇ ਤਕੱਬੁਰ ਦੇ ਖੰਭ ਨਿਕਲ ਆਉਂਦੇ ਨੇ ਤਾਂ ਉਹ ਜ਼ਮੀਨ ਤੋਂ ਉੱਠ ਕੇ ਅਸਮਾਨ ਵੱਲ ਉਡਾਰੀ ਮਾਰਦਾ ਹੈ। ਇਹ ਨਿੱਕੀ ਜਿਹੀ ਮਸੀਤ ਵਿੱਚੋਂ ਨਿਕਲ ਕੇ ਸਿਆਸਤ ਨੂੰ ਹੱਥ ਮਾਰਨ ਵਾਲਾ ਮੁੱਲਾਂ ਇਕ ਦਿਨ ਮੈਂਬਰ ਪਾਰਲੀਮੈਂਟ ਬਣ ਗਿਆ। ਪਰ ਕਦੀ ਕਿਸੇ ਸ਼ੁਦਾਈ ਨੇ ਨਹੀਂ ਸੋਚਿਆ ਕਿ ਕਿਸੇ ਪੀਰ-ਫ਼ਕੀਰ ਨੂੰ ਅਮੀਰ ਵਜ਼ੀਰ ਬਣਨ ਦੀ ਭੁੱਖ ਨਹੀਂ ਹੁੰਦੀ। ਪਰ ਇਨ੍ਹਾਂ ਸ਼ੁਦਾਈਆਂ ਨੇ ਹੀ ਤਾਂ ਮੌਲਵੀ ਨੂੰ ਸ਼ਰਧਾ ਦੇ ਮੋਢੇ ਚਾੜ੍ਹ ਕੇ ਮਹਿਲਾਂ ਦੀ ਛੱਤ ਉੱਤੇ ਚਾੜ੍ਹਿਆ ਹੈ। ਇਸ ਕਾਮਯਾਬੀ ਦੇ ਤਕੱਬੁਰ ਨੇ ਹੋਰ ਉਂਗਲ ਦਿੱਤੀ ਤੇ ਮੌਲਵੀ ਨੇ ਹਕੂਮਤ ਵਿਰੁੱਧ ਝੰਡਾ ਚੁੱਕ ਕੇ ਆਪਣੇ ਸ਼ਰਧਾਲੂਆਂ ਨੂੰ ਹੁਕਮ ਦਿੱਤਾ ਕਿ 'ਜਲੂਸ ਕੱਢ ਕੇ ਇਸਲਾਮਾਬਾਦ ਇਕੱਠੇ ਹੋ ਜਾਉ, ਅਸਾਂ ਹਕੂਮਤ ਦਾ ਤਖ਼ਤਾ ਪਲਟਣਾ ਹੈ।' ਮੌਲਵੀ ਨੇ ਕਰੋੜਾਂ ਰੁਪਏ ਖ਼ਰਚ ਕਰ ਕੇ ਇਕ ਲੰਮੀ ਬੱਸ ਬਣਵਾਈ ਜਿਸ ਵਿੱਚ ਗ਼ੁਸਲਖ਼ਾਨਾ, ਬੈੱਡਰੂਮ ਅਤੇ ਦੂਜੀਆਂ ਸਹੂਲਤਾਂ ਤੋਂ ਵੱਖ, ਏਅਰਕੰਡੀਸ਼ਨਡ ਕਮਰਾ ਵੀ ਬਣਵਾਇਆ। ਇਹ ਸ਼ੁਦਾਈਆਂ ਦਾ ਜਲੂਸ ਤਿੰਨ ਦਿਨ ਇਸਲਾਮਾਬਾਦ ਹਕੂਮਤ ਦਾ ਵਿਰੋਧ ਕਰਦਾ ਰਿਹਾ। ਪਾਲੇ ਵਿੱਚ ਬੈਠੇ ਮਰਦ, ਜ਼ਨਾਨੀਆਂ ਅਤੇ ਬੱਚੇ ਵੀ ਜ਼ਮੀਨ ਉੱਤੇ ਰੁਲਦੇ ਰਹੇ। ਪੀਰ ਏਅਰਕੰਡੀਸ਼ਨਡ ਬੱਸ ਵਿੱਚ ਬਹਿ ਕੇ ਤਕਰੀਰ ਕਰਦੇ ਤੇ ਸੌਂ ਜਾਂਦੇ। ਹਕੂਮਤ ਨੇ ਕੋਈ ਚਾਲ ਚੱਲੀ ਤੇ ਮੌਲਵੀ ਨੂੰ ਕੁਝ ਆਖ ਕੇ ਟੋਰ ਦਿੱਤਾ। ਮੌਲਵੀ ਨੇ ਸ਼ੁਦਾਈਆਂ ਨੂੰ ਆਖਿਆ, "ਮੁਬਾਰਕ ਹੋਵੇ, ਸਾਡੀ ਮੰਗ ਪੂਰੀ ਹੋ ਗਈ ਹੈ ਤੇ ਆਪਣੇ-ਆਪਣੇ ਘਰਾਂ ਨੂੰ ਚਲੇ ਜਾਉ।" ਉਹ ਭੁੱਖੇ ਮਰਦੇ ਬਿਮਾਰ ਬਾਲਾਂ ਨੂੰ ਲੈ ਕੇ ਚਲੇ ਗਏ ਪਰ ਕਿਸੇ ਨਾ ਪੁੱਛਿਆ ਕਿ ਸਾਡੀ ਕਿਹੜੀ ਮੰਗ ਪੂਰੀ ਹੋਈ ਹੈ?

ਹੁਣ ਪੀਰ ਦੇ ਤਕੱਬੁਰ ਨਾਲ ਹਿਲ ਗਏ ਦਿਮਾਗ਼ ਦਾ ਅਗਲਾ ਕਾਰਨਾਮਾ ਧਿਆਨ ਨਾਲ ਸੁਣੋ। ਇਹ ਮਖ਼ੌਲ ਨਹੀਂ। ਸਾਰੇ ਟੀ.ਵੀ. ਚੈਨਲਾਂ ਤੋਂ ਨਸ਼ਰ ਹੋਇਆ ਅਤੇ ਮੈਂ ਵੀ ਸੁਣਿਆ-ਵੇਖਿਆ। ਮੌਲਵੀ ਨੇ ਆਪਣੇ ਸ਼ੁਦਾਈ ਲਾਹੌਰ ਮੰਟੋ ਪਾਰਕ ਵਿੱਚ ਇਕੱਠੇ ਕਰ ਕੇ ਜਲਸਾ ਕੀਤਾ ਅਤੇ ਭਾਸ਼ਣ 'ਚ ਆਖਿਆ, "ਮੈਨੂੰ ਖ਼ਾਬ ਵਿੱਚ ਹਜ਼ਰਤ ਮੁਹੰਮਦ ਸਾਹਿਬ ਮਿਲਦੇ ਨੇ ਤੇ ਆਖਦੇ ਨੇ, ਪੀਰ ਜੀ, ਮੈਨੂੰ ਪਾਕਿਸਤਾਨ ਆਣ ਵਾਸਤੇ ਟਿਕਟ ਘੱਲੋ ਤੇ ਨਾਲੇ ਉੱਥੇ ਮੇਰੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਬੰਦੋਬਸਤ ਵੀ ਕਰੋ।

ਮੈਂ ਇਹ ਸਾਰਾ ਕੁਝ ਕਰ ਦਿੱਤਾ ਤੇ ਉਹ ਪਾਕਿਸਤਾਨ ਤਸ਼ਰੀਫ਼ ਲੈ ਆਏ। ਪਰ ਪਾਕਿਸਤਾਨੀ ਲੋਕਾਂ ਦੀ ਹਰਾਮਖ਼ੋਰੀ ਵੇਖ ਕੇ ਨਾਰਾਜ਼ ਹੋ ਗਏ ਤੇ ਵਾਪਸ ਚਲੇ ਗਏ।" ਮੈਂ ਇਸ ਤਕਰੀਰ ਉੱਤੇ ਬਹੁਤ ਕੁਝ ਆਖ ਸਕਦਾ ਹਾਂ ਪਰ ਮੇਰੇ ਆਖਣ ਦੀ ਲੋੜ ਹੀ ਨਹੀਂ ਰਹਿ ਗਈ। ਹਰ ਅਕਲਮੰਦ ਆਪ ਫ਼ੈਸਲਾ ਕਰ ਸਕਦਾ ਹੈ । ਇੱਥੇ ਗੱਲ ਤਾਂ ਇਹ ਕਰਨ ਵਾਲੀ ਹੈ ਕਿ ਲੱਖਾਂ ਸ਼ਰਧਾਲੂ ਇਹ ਸਭ ਕੁਝ ਵੇਖ-ਸੁਣ ਕੇ ਵੀ ਅੱਜ ਵੀ ਉੱਥੇ ਹੀ ਖਲੋਤੇ ਹਨ । ਬਲਕਿ ਤਕਰੀਰ ਸੁਣ ਕੇ ਨਾਅਰੇ ਮਾਰੇ ਅਤੇ ਚਮਤਕਾਰ ਆਖ ਕੇ ਸ਼ੁਦਾਅ ਦੀ ਸ਼ਰਧਾ ਨੂੰ ਹੋਰ ਵੀ ਘੁੱਟ ਕੇ ਜੱਫ਼ਾ ਪਾ ਲਿਆ ।

ਮੌਲਵੀ ਬਾਰੇ ਜੋ ਜੋ ਗੱਲਾਂ ਦੱਸੀਆਂ ਨੇ, ਉਨ੍ਹਾਂ ਉੱਤੇ ਧਿਆਨ ਦਿੱਤਾ ਜਾਏ ਤਾਂ ਸ਼ਰਧਾ ਤੋਂ ਸ਼ਰਮ ਆਉਣੀ ਚਾਹੀਦੀ ਹੈ । ਪਰ ਸੋਚਣਾ ਤਾਂ ਅਕਲਮੰਦਾਂ ਦਾ ਕੰਮ ਹੈ । ਜਿਨ੍ਹਾਂ ਨੇ ਅਕਲ ਦੀ ਕੋਠੜੀ ਨੂੰ ਜੰਦਰਾ ਮਾਰ ਕੇ ਕੁੰਜੀ ਖੂਹ ਵਿੱਚ ਸੁੱਟ ਦਿੱਤੀ ਹੋਵੇ, ਉਹ ਅਕਲ ਕਿੱਥੋਂ ਲੈਣ? ਇਹ ਗੱਲਾਂ ਲਿਖਣ ਵੇਲੇ ਮੈਨੂੰ ਮੇਰਾ ਉਹ ਲੇਖ ਯਾਦ ਆਉਂਦਾ ਹੈ, ਅਖੇ 'ਕਿੱਡੇ ਚੰਗੇ ਵੇਲੇ ਸਨ ਜਦ ਦੁਨੀਆਂ ਭੋਲੀ ਭਾਲੀ ਸੀ'। ਇਨਸਾਨ ਨੂੰ ਕੀ ਹੋ ਗਿਆ ਹੈ? ਧਰਮੀ ਸ਼ਰਧਾ ਦੀ ਭੰਗ ਪੀ ਕੇ ਸਕੂਲਾਂ ਵਿੱਚ ਨਿੱਕੇ-ਨਿੱਕੇ ਬਾਲਾਂ ਦੇ ਸਿਰ ਕੱਪੀ ਆਉਂਦੇ ਨੇ । ਅਖੇ ਇਹ ਕਾਫ਼ਿਰਾਂ ਦੇ ਬੱਚੇ ਨੇ । ਇਨਸਾਨ ਨਾਲ ਇਨਸਾਨ ਭਿੜ ਪਿਆ, ਮੁਸਲਮਾਨ ਨਾਲ ਮੁਸਲਮਾਨ ਇੰਵ ਭਿੜਿਆ ਕਿ ਮਸੀਤ ਵਿੱਚ ਰੱਬ ਦੇ ਹਜ਼ੂਰ ਸਿਜਦਾ ਕਰਨ ਗਏ ਇਨਸਾਨਾਂ ਨੂੰ ਬੰਬ ਨਾਲ ਭੁੰਨ ਕੇ ਰੱਖ ਦਿੱਤਾ ਕਿ ਇਹ ਕਾਫ਼ਿਰ ਨੇ । ਜਦਕਿ ਹਜ਼ਰਤ ਮੁਹੰਮਦ ਅਤੇ ਇਸਲਾਮ ਦਾ ਸਾਫ਼ ਫ਼ਰਮਾਨ ਹੈ ਕਿ ਐਲਾਨ ਕੀਤੇ ਬਗ਼ੈਰ ਜੰਗ ਵੀ ਜਾਇਜ਼ ਨਹੀਂ । ਇਹ ਵੀ ਆਖਿਆ ਕਿ ਨਿਹੱਥੇ ਅਤੇ ਕਮਜ਼ੋਰਾਂ ਉੱਤੇ ਹਮਲਾ ਨਾ ਕਰੋ । ਔਰਤਾਂ, ਬੁੱਢਿਆਂ ਅਤੇ ਬੱਚਿਆਂ ਉੱਤੇ ਹੱਥ ਨਾ ਚੁੱਕੋ।

ਇਕ ਪਾਸੇ ਇਨਸਾਨੀ ਜ਼ਿੰਦਗੀ ਦੇ ਬਚਾਅ ਲਈ ਸਾਇੰਸ ਦੀ ਵਾਹ ਲੱਗੀ ਪਈ ਹੈ, ਦੂਜੇ ਪਾਸੇ ਜ਼ਿੰਦਗੀ ਹੈ ਕਿ ਟਕੇ-ਟੋਕਰੀ ਹੋ ਗਈ ਹੈ । ਅੱਜ ਮੈਨੂੰ ਇਹ ਕਾਬੂ ਨਾ ਆਉਣ ਵਾਲਾ ਵਿਸ਼ਾ ਛੋਂਹਦੇ ਹੋਏ ਪਤਾ ਨਹੀਂ ਕੀ ਕੀ ਕੁਝ ਯਾਦ ਆਈ ਜਾ ਰਿਹਾ ਹੈ । ਸੋਚਿਆ ਸੀ ਸ਼ਰਧਾ ਬਾਰੇ ਨਿੱਕਾ ਜਿਹਾ ਲੇਖ ਲਿਖਾਂਗਾ ਪਰ ਜਿਸ ਸ਼ਰਧਾ ਨੇ ਲੱਖਾਂ ਬੰਦਿਆਂ ਨੂੰ ਮੌਤ ਦੇ ਮੂੰਹ ਵਿੱਚ ਪਾ ਦਿੱਤਾ, ਉਸ ਵਿਸ਼ੇ ਨੂੰ ਸਿਰਫ਼ ਚਾਰ ਵਰਕਿਆਂ ਦੀ ਪੁੜੀ ਵਿੱਚ ਪਾ ਕੇ ਕਿਵੇਂ ਮਰੀਜ਼ ਬਣੀ ਇਨਸਾਨੀਅਤ ਦੇ ਹੱਥ ਫੜਾ ਦੇਵਾਂ? ਇਹ ਸਿਰਫ਼



ਇਕ ਇਨਸਾਨ ਦਾ ਮਰਜ਼ ਨਹੀਂ, ਅੱਜ ਇਨਸਾਨੀਅਤ ਨੂੰ ਹੀ ਮਰਜ਼ ਵਗ ਗਈ ਹੈ । ਹੋ ਸਕਦਾ ਹੈ ਪਾਠਕ ਪੜ੍ਹਦੇ ਪੜ੍ਹਦੇ ਥੱਕ ਜਾਣ ਪਰ ਮੇਰਾ ਹਿਰਖ ਅਫ਼ਸੋਸ ਅਤੇ ਮਦਿਖ ਹੈ ਕਿ ਮੁੱਕਦਾ ਹੀ ਨਹੀਂ । ਅੱਜ ਨਾਲੋਂ ਤਾਂ ਉਹ ਵੇਲਾ ਹੀ ਚੰਗਾ ਸੀ ਜਦੋਂ ਇਨਸਾਨ ਜੰਗਲ ਵਿੱਚ ਜ਼ਿੰਦਗੀ ਗੁਜ਼ਾਰ ਰਿਹਾ ਸੀ । ਅੱਜ ਦਾ ਤਹਿਜ਼ੀਬਯਾਫ਼ਤਾ ਇਨਸਾਨ ਤਾਂ ਜੰਗਲੀ ਹੈਵਾਨ ਹੀ ਨਹੀਂ, ਵਹਿਸ਼ੀ ਹੋ ਗਿਆ ਹੈ । ਕਦੀ ਇਨਸਾਨ ਨੂੰ ਇਨਸਾਨ ਆਖਦਾ ਸੀ, "ਉਏ ਇਹ ਮੁਹੱਲਾ ਛੱਡ ਜਾ, ਨਹੀਂ ਤਾਂ ਕਿਸੇ ਦਿਨ ਕੁੱਤੇ ਦੀ ਮੌਤ ਮਾਰਿਆ ਜਾਏਂਗਾ।" ਅੱਜ ਕੁੱਤੇ ਨੂੰ ਕੁੱਤਾ ਆਖਦਾ ਏ, "ਓਏ ਇਨਸਾਨਾਂ ਦੀ ਬਸਤੀ ਛੱਡ ਜਾ, ਨਹੀਂ ਤਾਂ ਇਨਸਾਨ ਦੀ ਮੌਤ ਮਾਰਿਆ ਜਾਏਂਗਾ।" ਅਸੀਂ ਨਿੱਕੇ-ਨਿੱਕੇ ਹੁੰਦੇ ਸਾਂ ਤਾਂ ਗਰਮੀਆਂ ਵਿੱਚ ਸਾਡੀ ਅੰਮਾ ਚੌਲ ਪਕਾ ਕੇ ਠੰਢੇ ਹੋਣ ਲਈ ਕਨਾਲੀ ਵਿੱਚ ਖਲਾਰ ਦੇਂਦੀ ਤੇ ਅਸੀਂ ਸਾਰੇ ਕੋਠੇ ਉੱਤੇ ਚਲੇ ਜਾਂਦੇ । ਵਿਹੜੇ ਵਿੱਚ ਬੈਠਾ ਕੁੱਤਾ ਚੌਲਾਂ ਨੂੰ ਮੂੰਹ ਤਕ ਨਾ ਲਾਉਂਦਾ । ਅੱਜ ਦਾ ਇਨਸਾਨ ਮਸੀਤ ਵਿੱਚ ਨਮਾਜ਼ ਪੜ੍ਹਨ ਲੱਗਿਆ ਜੁੱਤੀ ਲਾਹ ਕੇ ਆਪਣੇ ਅੱਗੇ ਰੱਖਦਾ ਹੈ ਕਿਉਂਕਿ ਪਿੱਛੋਂ ਉਸ ਦੀ ਜੁੱਤੀ ਕੋਈ ਇਨਸਾਨ ਚੋਰੀ ਕਰ ਲੈਂਦਾ ਹੈ । ਕੰਧ ਉੱਤੇ ਲੱਗੀ '**ਕੰਧ ਘੜੀ**' ਨੂੰ ਜੰਦਰਾ ਮਾਰਿਆ ਹੁੰਦਾ ਹੈ ਕਿਉਂਕਿ ਜੁੱਤੀ ਚੋਰਾਂ ਵਾਂਗ ਘੜੀ ਚੋਰ ਵੀ ਹੁੰਦੇ ਹਨ । ਮਾਫ਼ ਕਰਨਾ, ਮੇਰਾ ਅੱਜ ਦਾ ਵਿਸ਼ਾ ਇਨਸਾਨ ਦੀ ਬਦਲਦੀ ਹੋਈ ਹੈਵਾਨੀ ਖ਼ਸਲਤ ਨਹੀਂ ਸੀ । ਪਰ ਇਕ ਇਨਸਾਨ ਹਾਂ, ਕੀ ਕਰਾਂ?

ਸ਼ਰਧਾ ਦੇ ਸ਼ੁਦਾਅ ਵੱਲ ਤੁਰਦੇ ਹੋਏ ਇਕ ਨਿੱਕਾ ਜਿਹਾ ਤਮਾਸ਼ਾ ਵੀ ਵੇਖਦੇ ਜਾਉ । ਲਾਇਲਪੁਰ ਸਾਡੇ ਪਿੰਡ ਕਬਰਾਂ ਵਿੱਚ ਇਕ ਨੰਗ-ਧੜੰਗ ਕਮਲਾ ਜਿਹਾ ਬਾਬਾ ਮੋਠੂਦੀਨ ਦੁਨੀਆਂ ਤੋਂ ਬੇਸੁਰਤ ਬੈਠਾ ਹੋਇਆ ਸੀ । ਉਸ ਕੋਲ ਮਰਦ-ਜ਼ਨਾਨੀਆਂ ਜਾ ਕੇ ਆਪਣੀ ਕੋਈ ਮੁਰਾਦ ਮੰਗਦੇ ਹੁੰਦੇ ਸਨ । ਕੋਈ ਆਖਦਾ, "ਬਾਬਾ ਜੀ, ਮੇਰੀ ਮੱਝ ਫਲ ਸੁਟ ਦੇਂਦੀ ਹੈ।" ਕੋਈ ਆਖਦੀ, "ਸਾਈਂ ਜੀ, ਮੇਰੇ ਪੁੱਤਰ ਘਰ ਤਿੰਨ ਕੁੜੀਆਂ ਹੋ ਗਈਆਂ ਨੇ, ਮੁੰਡੇ ਦੀ ਦੁਆ ਕਰੋ।" ਉਹ ਕਮਲਾ ਬਾਬਾ ਅੱਵਲ ਤਾਂ ਚੁੱਪ ਹੀ ਰਹਿੰਦਾ ਪਰ ਜਦੋਂ ਸੱਤ ਜਾਂਦਾ ਤਾਂ ਅੱਗੋਂ ਗੰਦੀ ਜਿਹੀ ਗਾਲ੍ਹ ਕੱਢਦਾ। ਜਿਸ ਨੂੰ ਗਾਲ ਪੈਂਦੀ, ਉਹ ਖ਼ੁਸ਼ ਹੋ ਕੇ ਚੜ੍ਹਾਵਾ ਚਾੜ੍ਹ ਆਉਂਦਾ । ਸ਼ਰਧਾ ਇਹ ਸੀ ਕਿ ਬਾਬਾ ਮੋਠੂ ਜਿਸ ਨੂੰ ਗਾਲ੍ਹ ਕੱਢ ਦੇਵੇ, ਉਸ ਦੀ ਮੁਰਾਦ ਪੂਰੀ ਹੋ ਜਾਂਦੀ ਹੈ । ਹੋਣੀ ਤਕਦੀਰ ਨੂੰ, ਬਾਬਾ ਮੋਠੂ ਇਕ ਦਿਨ ਮਰ ਗਿਆ । ਬਾਬੇ ਦੀ ਗੱਦੀ ਖ਼ਾਲੀ ਹੋ ਗਈ ।

ਚੜ੍ਹਾਵੇ ਦੀ ਆਮਦਨੀ ਬੰਦ ਹੋ ਗਈ । ਬਾਬੇ ਦੇ ਪਿਛਲਿਆਂ ਨੇ ਘਾਟਾ ਪੈਂਦਾ ਵੇਖ ਕੇ ਇਕ ਬੁੱਢੜਾ ਜਿਹਾ ਉੱਥੇ ਬਿਠਾ ਦਿੱਤਾ। ਮੁਰਾਦਾਂ ਮੰਗਣ ਵਾਲੇ ਲੋਕ ਆਉਂਦੇ ਪਰ ਨਵੇਂ ਬਾਬੇ ਨੂੰ ਕੁਝ ਅਕਲ ਸੁਰ ਹੈ ਸੀ ਤੇ ਉਹ ਗਾਲ੍ਹ ਕੱਢਣ ਤੋਂ ਝੱਕਦਾ ਸੀ । ਉਹ ਗਾਲ੍ਹ ਨਹੀਂ ਸੀ ਕੱਢਦਾ ਤੇ ਲੋਕ ਬੋਝੇ ਵਿੱਚੋਂ ਪੈਸੇ ਨਹੀਂ ਸਨ ਕੱਢਦੇ ਕਿਉਂਕਿ ਸਾਰੀਆਂ ਬਰਕਤਾਂ ਤਾਂ ਗਾਲ੍ਹਾਂ ਨਾਲ ਹੀ ਸਨ । ਕਿਸੇ ਨੇ ਬਾਬੇ ਦੇ ਕੰਨ ਵਿੱਚ ਫੂਕ ਮਾਰੀ ਕਿ ਗਾਲ੍ਹਾਂ ਚਾਲੂ ਕਰ, ਨਹੀਂ ਤਾਂ ਭੁੱਖਾ ਮਰ ਜਾਏਂਗਾ । ਬਾਬੇ ਨੇ ਹੌਲੀ-ਹੌਲੀ ਡਰਦੇ-ਡਰਦੇ ਨੇ ਢਿੱਲੀ ਮੱਠੀ ਜਿਹੀ ਗਾਲ੍ਹ ਚਾਲੂ ਕਰ ਦਿੱਤੀ । ਲੋਕ ਖ਼ੁਸ਼ ਹੋ ਗਏ ਅਤੇ ਬਾਬੇ ਦੀ ਰੋਟੀ ਵੀ ਟੁਰ ਪਈ । ਮੈਂ ਇਕ ਰਹਿਮਤ ਘੁਮਿਆਰ ਨੂੰ ਇਹ ਕਹਿੰਦੇ ਸੁਣਿਆ, "ਯਾਰ, ਬਾਬੇ ਮੋਠੂ ਤੋਂ ਪਿੱਛੋਂ ਪਿੰਡ ਨੂੰ ਬੜਾ ਘਾਟਾ ਸੀ ਪਰ ਹੁਣ ਰੱਬ ਦੀ ਮਿਹਰਬਾਨੀ ਨਾਲ ਨਵਾਂ ਬਾਬਾ ਲੱਭੂ ਵੀ ਕੋਈ-ਕੋਈ ਗਾਲ੍ਹ ਕੱਢਣ ਲੱਗ ਪਿਐ।"

ਹੁਣ ਆਪ ਹੀ ਸੋਚੋ ਕਿ ਜਿੱਥੇ ਗਾਲ੍ਹਾਂ ਨੂੰ ਹੀ ਰੱਬ ਦੀ ਮਿਹਰਬਾਨੀ ਸਮਝਿਆ ਜਾਵੇ, ਉੱਥੇ ਅਕਲ ਦੀ ਮਿਹਰਬਾਨੀ ਕਿਵੇਂ ਹੋ ਸਕਦੀ ਹੈ? ਇਸ ਅੰਨ੍ਹੀ ਸ਼ਰਧਾ ਦੇ ਥਾਂ-ਥਾਂ ਖਿੱਲਰੇ ਹੋਏ ਦਰਦਨਾਕ ਹਾਦਸੇ ਗਿਣਨ ਗੋਚਰੇ ਹੀ ਨਹੀਂ । ਪੈਰ ਪੈਰ ਉੱਤੇ ਸਵਰਗੀ ਪ੍ਰੋਫ਼ੈਸਰ ਮੋਹਨ ਸਿੰਘ ਯਾਦ ਆਉਂਦਾ ਹੈ ਜੋ ਆਖ ਗਿਆ ਕਿ "ਲਾਈ ਲੱਗ ਮੋਮਿਨ ਨਾਲੋਂ, ਖੋਜੀ ਕਾਫ਼ਿਰ ਚੰਗਾ।" ਮੁੱਲਾਂ ਮੁਲਾਣਿਆਂ ਨੇ ਤਾਂ ਫ਼ਤਵਾ ਦੇ ਦਿੱਤਾ ਕਿ ਧਰਮ ਬਾਰੇ ਅਕਲ ਦੀ ਵਰਤੋਂ ਪਾਪ ਹੈ ਅਤੇ ਖੋਜ ਕਰਨ ਵਾਲਾ ਕਾਫ਼ਿਰ ਹੋ ਜਾਂਦਾ ਹੈ । ਬੰਦੇ ਨੇ ਚਾਟੀ ਕਨਾਲੀ ਜਾਂ ਕਾੜ੍ਹਨੀ ਵੀ ਖ਼ਰੀਦਣੀ ਹੋਵੇ ਤਾਂ ਉਸ ਨੂੰ ਦਸ ਵੇਰਾਂ ਠਕੋਰਿਆ ਜਾਂਦਾ ਹੈ ਕਿ ਕਿਧਰੇ ਤ੍ਰੇੜ ਤਾਂ ਨਹੀਂ ਆਈ । ਪਰ ਬਾਬਿਆਂ-ਪੀਰਾਂ ਨੂੰ ਟੁਣਕਾ ਕੇ ਵੇਖਣ ਦੀ ਲੋੜ ਕੋਈ ਵੀ ਮਹਿਸੂਸ ਨਹੀਂ ਕਰਦਾ ਕਿ ਕਿਧਰੇ ਇਸ ਦੀ ਆਪਣੀ ਸ਼ਰਧਾ ਦਾ ਠੇਡਾ ਖਾ ਕੇ ਮੂਧੇ ਮੂੰਹ ਨਾ ਡਿੱਗ ਮਰਾਂ। ਮੰਨਿਆ ਕਿ ਅਗਲੇ ਵੀ ਬੜੇ ਚਾਤਰ, ਉਸਤਾਦ ਅਤੇ ਕਾਰੀਗਰ ਹੁੰਦੇ ਨੇ, ਜਿਨ੍ਹਾਂ ਦਾ ਵਾਰ ਕੁਥਾਹਰੇ ਨਹੀਂ ਜਾਂਦਾ ਪਰ ਅੱਜ ਉਹ ਵੇਲਾ ਜਾ ਰਿਹਾ ਹੈ ਕਿ ਤੁਰੇ ਜਾਂਦੇ ਦੀ ਚਾਲ ਵੇਖ ਕੇ ਦੱਸ ਦੇਂਦੇ ਨੇ ਕਿ ਇਹ ਕਿਹੜੀ ਚਾਲ ਚੱਲੇਗਾ। ਉਹ ਵੇਲੇ ਗਏ ਜਦੋਂ ਨਵੀਂ-ਨਵੀਂ ਟਾਰਚ ਈਜਾਦ ਹੋਈ ਅਤੇ ਇਕ ਕਾਰੀਗਰ ਬਾਬਾ ਜੀ ਨੇ ਭੋਲੇ ਪੰਛੀਆਂ ਨੂੰ ਆਖਿਆ ਕਿ ਜਿਹੜਾ ਚਾਲੀ ਦਿਨ ਮੇਰੇ ਕੋਲ ਚਿੱਲਾ ਕੱਟੇਗਾ ਮੈਂ ਉਸ ਨੂੰ ਖੁੱਲ੍ਹੀਆਂ ਅੱਖਾਂ ਨਾਲ ਰੱਬ ਦੇ ਨੂਰ ਦਾ ਚਾਨਣ ਵਿਖਾ ਦੇਵਾਂਗਾ। ੪੦ ਦਿਨ ਪਿੱਛੋਂ ਬਾਬਾ ਜੀ ਨੇ ਹਨੇਰੇ ਕਮਰੇ ਵਿੱਚ ਵਾੜ ਕੇ ਬੰਦੇ ਨੂੰ ਸੀਨੇ ਨਾਲ



ਲਾ ਕੇ ਬੁੱਕਲ ਵਿੱਚੋਂ ਬੈਟਰੀ ਦਾ ਬਟਨ ਦਬਾ ਦਿੱਤਾ। ਅੰਨ੍ਹੇ ਨੂੰ ਰੱਬ ਦਾ ਨੂਰ ਨਜ਼ਰ ਆ ਗਿਆ ਤੇ ਉਸ ਨੇ ਦੁਹਾਈ ਪਾ ਦਿੱਤੀ ਕਿ 'ਪੀਰ ਸਾਬ੍ਹ ਬੜੇ ਕਰਨੀ ਵਾਲੇ ਪਹੁੰਚੇ ਹੋਏ ਬਜ਼ੁਰਗ ਨੇ।'

ਬਸ ਫਿਰ, ਪਾ ਦਿੱਤੀ ਬਾਬਾ ਜੀ ਨੇ ਲੋਟੀ। ਇਹ ਪੰਡਤ ਪੁਰੋਹਤ ਤਾਂ ਦੂਰ ਦੀ ਗੱਲ, ਮੇਰੇ ਮਾਮੇ ਦੇ ਪਿੰਡ **'ਰੰਗਲੇ'** ਇਕ ਅਨਪੜ੍ਹ ਹੱਥ ਵੇਖ ਕੇ ਕਿਸਮਤ ਦੱਸਣ ਵਾਲਾ ਰੌਲ ਹਰ ਵਰ੍ਹੇ ਆਉਂਦਾ ਹੁੰਦਾ ਸੀ । ਨੱਥੋ ਗੁਜਰੀ ਦੇ ਵਿਹੜੇ ਦੁਪਹਿਰੇ ਸਾਰੀਆਂ ਜ਼ਨਾਨੀਆਂ ਇਕੱਠੀਆਂ ਹੋ ਜਾਂਦੀਆਂ ਕਿ ਬਾਬੇ ਕੋਲੋਂ ਕਿਸਮਤ ਪੁੱਛਣੀ ਹੈ । ਪਹਿਲਾਂ ਤਾਂ ਉਹ ਬਾਬਾ ਆਪਣੇ ਆਪ ਨੂੰ ਇਹ ਜ਼ਾਹਰ ਕਰਦਾ ਕਿ ਉਸ ਨੂੰ ਵਾਹਵਾ ਉੱਚਾ ਸੁਣਾਈ ਦੇਂਦਾ ਹੈ ਤੇ ਬੋਲਾ ਹੈ। ਫਿਰ ਜ਼ਨਾਨੀਆਂ ਉਸ ਨੂੰ ਬੋਲਾ ਸਮਝ ਕੇ ਆਪਸ ਵਿੱਚ ਉੱਚੀ-ਉੱਚੀ ਗੱਲਾਂ ਕਰਦੀਆਂ । ਇਕ ਜ਼ਨਾਨੀ ਨੇ ਆਖਿਆ 'ਨੀ ਮੈਂ ਇਸ ਨੂੰ ਆਪਣੀ ਸੌਂਕਣ ਬਾਰੇ ਪੁੱਛਣ ਲੱਗੀ ਆਂ ਕਿ ਉਸ ਨੂੰ ਸੱਚੀ-ਮੁੱਚੀ ਬਾਲ ਹੋਣ ਵਾਲਾ ਹੈ ਕਿ ਐਵੇਂ ਖੇਖਣ ਹੀ ਕਰਦੀ ਏ।' ਬਾਬਾ ਜੀ ਨੇ ਸਭ ਕੁਝ ਸੁਣ ਲਿਆ । ਜ਼ਨਾਨੀ ਦਾ ਹੱਥ ਵੇਖ ਕੇ ਆਖਿਆ, "ਬੀਬੀ, ਤੂੰ ਕਿਸੇ ਜ਼ਨਾਨੀ ਦੇ ਘਰ ਹੋਣ ਵਾਲੇ ਬਾਲ ਬਾਰੇ ਪੁੱਛਣਾ ਚਾਹੁੰਦੀ ਏਂ?" ਜ਼ਨਾਨੀਆਂ ਹੱਕਾ ਬੱਕਾ ਹੋ ਕੇ ਆਖਣ ਲੱਗੀਆਂ, "ਹਾ ਹਾਏ ਨੀ, ਤੁਹਾਡੇ ਰੱਖੇ ਜਾਣ, ਇਹ ਬਾਬਾ ਤੇ ਗ਼ਾਇਬ ਦਾ ਹਾਲ ਵੀ ਜਾਣਦਾ ਜੇ।" ਬਾਬੇ ਦੀ ਇਕ ਹੋਰ ਕਾਰਸਤਾਨੀ ਇਹ ਸੀ ਕਿ ਜੇ ਕੋਈ ਜ਼ਨਾਨੀ ਪੁੱਛਦੀ ਕਿ ਬਾਬਾ ਜੀ ਮੇਰੀ ਧੀ ਦੇ ਘਰ ਮੁੰਡਾ ਹੋਵੇਗਾ ਕਿ ਕੁੜੀ ? ਤਾਂ ਬਾਬਾ ਹੱਥ ਵੇਖ ਕੇ ਚਾਂਦੀ ਦਾ ਰੁਪਿਆ ਵੱਟ ਕੇ ਆਖਦਾ, "ਪੁੱਤਰ, ਤੇਰੀ ਧੀ ਦੇ ਘਰ ਮੁੰਡਾ ਹੋਵੇਗਾ।" ਪਰ ਨਾਲ ਹੀ ਜਾਂਦੇ-ਜਾਂਦੇ ਉਸ ਦੀ ਗਵਾਂਢਣ ਨੂੰ ਆਖ ਜਾਂਦਾ ਕਿ ਉਸ ਦਾ ਦਿਲ ਰੱਖਣ ਲਈ ਮੁੰਡਾ ਆਖ ਦਿੱਤਾ ਹੈ, ਅਸਲ ਵਿੱਚ ਕੁੜੀ ਹੋਵੇਗੀ । ਹੁਣ ਜੇ ਤਾਂ ਮੁੰਡਾ ਹੋ ਗਿਆ ਤਾਂ ਵਾਹ ਭਲਾ ਅਤੇ ਜੇ ਕੁੜੀ ਹੋ ਪਈ ਤਾਂ ਅਗਲੇ ਵਰ੍ਹੇ ਬਾਬੇ ਦੇ ਆਣ ਤੇ ਜ਼ਨਾਨੀ ਨੇ ਆਖਿਆ, "ਬਾਬਾ ਜੀ ਤੂੰ ਤਾਂ ਆਖਿਆ ਸੀ ਮੁੰਡਾ ਹੋਵੇਗਾ।" ਬਾਬਾ ਫ਼ੌਰਨ ਗਵਾਂਢਣ ਨੂੰ ਗਵਾਹ ਬਣਾ ਕੇ ਆਖਦਾ, "ਦੱਸ ਬੀਬੀ ਮੈਂ ਤੈਨੂੰ ਕੀ ਦੱਸ ਕੇ ਗਿਆ ਸਾਂ?" ਗਵਾਂਢਣ ਦੱਸਦੀ ਕਿ ਬਾਬੇ ਨੇ ਮੈਨੂੰ ਕੁੜੀ ਹੀ ਦੱਸੀ ਸੀ ਕਿ ਤੇਰਾ ਦਿਲ ਖ਼ਰਾਬ ਨਾ ਹੋਵੇ । ਯਾਨੀ ਬਾਬੇ ਦੀ ਹਰ ਪਾਸਿਉਂ ਪੌਂ ਬਾਰਾਂ। ਵੇਖ ਲਵੋ ਕਿ ਇਹ ਧੇਲੀ ਪੌਲਾ ਵੱਟਣ ਵਾਲੇ ਨਿੱਕੇ-ਨਿੱਕੇ ਅਨਪੜ੍ਹ ਬਾਬੇ ਕੱਟੀ ਵੱਛੀ ਦੇ ਚੋਰ ਕਿਸੇ ਦੇ ਘੇਰੇ ਵਿੱਚ ਨਹੀਂ ਆਉਂਦੇ ਤਾਂ ਪੂਰਾ ਇੱਜੜ ਹੀ ਖੋਲ੍ਹ ਖੜਨ ਵਾਲੇ

ਵੱਡੇ-ਵੱਡੇ ਖੜਕਾਟ ਪੀਰਾਂ ਨੂੰ ਪੈਂਖੜ ਕੌਣ ਪਾ ਸਕਦਾ ਹੈ, ਜਿਨ੍ਹਾਂ ਦੀ ਹਾਥ ਹੀ ਕੋਈ ਨਹੀਂ । ਇਹ ਤਾਂ ਨਿੱਕੀਆਂ-ਨਿੱਕੀਆਂ ਹੁਸ਼ਿਆਰੀਆਂ ਭੋਲੇ-ਭਾਲੇ ਜ਼ਮਾਨੇ ਦੀਆਂ ਖੇਡਾਂ ਸਨ । ਜੇ ਅੱਜ ਦੇ ਪੜ੍ਹੇ-ਲਿਖੇ ਚੁਸਤ ਚਲਾਕ ਦੌਰ ਵਿੱਚ ਵੀ ਬੰਦਾ ਇਸ ਕਿਸਮ ਦੀਆਂ ਚਾਲਬਾਜ਼ੀਆਂ ਅਤੇ ਪੀਰਾਂ ਭਾਈਆਂ, ਪੰਡਤਾਂ-ਪਾਂਧੀਆਂ ਦੇ ਜਾਲ ਵਿੱਚ ਆਪ ਹੀ ਲੱਤ ਫਸਾ ਲਵੇ ਤਾਂ ਉਹ ਇਨਸਾਨੀ ਮਜਲਿਸਾਂ ਵਿੱਚ ਬੈਠਣ ਦੀ ਬਜਾਏ ਭੇਡਾਂ ਦੇ ਵਾੜੇ ਵਿੱਚ ਹੀ ਵੱਸਦਾ ਚੰਗਾ ਲੱਗਦਾ ਹੈ । ਮੈਂ ਇਹ ਵੀ ਮੰਨਦਾ ਹਾਂ ਕਿ ਮੈਂ ਕੋਈ ਅਨੋਖੀਆਂ ਜਾਂ ਅਲੋਕਾਰ ਗੱਲਾਂ ਨਹੀਂ ਦੱਸ ਰਿਹਾ । ਹਰ ਬੰਦਾ ਇਸ ਕਿਸਮ ਦੇ ਦਾਅ ਦੱਪੇ ਅਤੇ ਠੱਗਬਾਜ਼ੀਆਂ ਨੂੰ ਰੋਜ਼ ਵੇਖ ਰਿਹਾ ਹੈ, ਪਰ ਫਿਰ ਵੀ ਜਿੰਨੀ ਗਿਣਤੀ ਨਾਲ ਲੋਕ ਅੱਜ ਦੇ ਸ਼ੁਦਾਅ ਵਰਗੀ ਸ਼ਰਧਾ ਨਾਲ ਸ਼ੁਦਾਈ ਹੋਏ ਫਿਰਦੇ ਨੇ, ਪਹਿਲਾਂ ਕਦੀ ਵੀ ਨਹੀਂ ਸਨ ਵੇਖੇ ।

ਇਕ ਬੰਨੇ ਹਰ ਕੋਈ ਆਖਦਾ ਹੈ ਕਿ ਅੱਜ ਦੁਨੀਆਂ ਬੜੀ ਸਿਆਣੀ ਹੋ ਗਈ ਹੈ ਅਤੇ ਹਰ ਬੰਦੇ ਨੂੰ ਸ਼ਊਰ ਆ ਗਿਆ ਹੈ । ਜੇ ਇਹ ਗੱਲ ਸੱਚੀ ਹੈ ਤਾਂ ਫਿਰ ਸ਼ੁਦਾਈਆਂ ਦੀਆਂ ਡਾਰਾਂ ਕਿੱਥੋਂ ਆ ਗਈਆਂ? ਕਿੱਡੇ ਸਿਆਣੇ ਨੇ ਉਹ ਸ਼ਰਧਾਲੂ, ਮੁਰੀਦ, ਬਾਲਕੇ ਜਿਹੜੇ ਆਪਣੇ ਬਾਲਾਂ ਦੀ ਰੋਟੀ ਖੋਹ ਕੇ ਲੱਖਪਤੀ ਪੀਰ ਨੂੰ ਕਰੋੜਪਤੀ ਬਣਾਉਂਦੇ ਨੇ । ਪੀਰ ਦੀ ਕਾਰ ਦੀ ਉੱਡਣ ਵਾਲੀ ਧੂੜ ਨੂੰ ਖੰਡ ਜਾਣ ਕੇ ਫੱਕੀ ਜਾਂਦੇ ਨੇ ਤੇ ਪਤਾ ਨਹੀਂ ਲੱਗਦਾ ਕਿ ਇਸ ਨਵੇਂ ਦੌਰ ਨੂੰ ਤਰੱਕੀਯਾਫ਼ਤਾ ਸਿਆਣਾ ਜ਼ਮਾਨਾ ਆਖਾਂ ਕਿ ਜਹਾਲਤ ਦੇ ਵਹਿਣ ਵਿੱਚ ਡੁੱਬਦੀ ਹੋਈ ਦੁਨੀਆਂ ਆਖਾਂ । ਮਸੀਤ ਦੇ ਮੌਲਵੀ ਤੋਂ ਐਮ.ਪੀ.ਏ. ਬਣ ਜਾਣ ਵਾਲਾ ਨਿਗੋਰਾ ਸਾਹਨ ਪੀਰ ਮੇਰੇ ਗਵਾਂਢ ਦਾਅਵਤ ਖਾਣ ਆਇਆ ਤਾਂ ਮੁਰੀਦ ਨੇ ਹਜ਼ਾਰ ਗਜ਼ ਲੰਮਾ ਸੁਰਖ਼ ਕਾਰਪਿਟ ਸੜਕ ਉੱਤੇ ਵਿਛਾਇਆ ਅਤੇ ਚਾਲੀ ਹਜ਼ਾਰ ਦੇ ਫੁੱਲ ਗੁਲਾਬ ਉਸ ਦੀ ਕਾਰ ਉੱਤੇ ਕੁਰਬਾਨ ਕੀਤੇ। ਕਿਸੇ ਨੇ ਨਹੀਂ ਸੋਚਿਆ ਕਿ ਫ਼ਕੀਰਾਂ ਨੂੰ ਅਮੀਰਾਂ ਵਜ਼ੀਰਾਂ ਵਰਗੀ ਜੀ ਆਇਆਂ ਦੀ ਲੋੜ ਨਹੀਂ ਹੁੰਦੀ । ਇੱਥੇ ਮੈਨੂੰ ਇਕ ਗੱਲ ਯਾਦ ਆ ਗਈ ਕਿ ਚੰਡੀਗੜ੍ਹ 'ਸਪੋਕਸਮੈਨ' ਦੇ ਮਾਲਿਕ ਐਡੀਟਰ ਜਨਾਬ ਜੋਗਿੰਦਰ ਸਿੰਘ ਜੀ ਨੇ ਮੇਰੀ ਪਹਿਲੀ ਕਿਤਾਬ ਦੀ ਮੁਖ ਵਖਾਲੀ ਮੌਕੇ ਚੰਡੀਗੜ੍ਹ ਵਿੱਚ ਦਾਅਵਤ ਦਿੱਤੀ । ਮੈਂ ਅਜੇ ਅੰਬਰਸਰ ਆਪਣੇ ਬਹੁਤੇ ਵੱਡੇ ਮਿਹਰਬਾਨ ਸਰਦਾਰ ਗੋਗੀ ਜੀ ਦੇ ਲਾਰੰਸ ਹੋਟਲ ਅੱਪੜਿਆ ਹੀ ਸਾਂ ਕਿ ਸ. ਜੋਗਿੰਦਰ ਸਿੰਘ ਜੀ ਦਾ ਫ਼ੋਨ ਆਇਆ ਕਿ "ਮੈਂ ਤੇਰੀ ਰਿਹਾਇਸ਼ ਲਈ ਤਾਜ ਹੋਟਲ



ਦੀ ਬੁਕਿੰਗ ਕਰਵਾ ਰਿਹਾ ਹਾਂ।" ਇਹ ਸੁਣ ਕੇ ਮੈਨੂੰ ਦੋ ਗੱਲਾਂ ਸੁੱਝੀਆਂ ਕਿ ਇਕ ਤਾਂ ਮੇਰੀ ਹੈਸੀਅਤ ਜਾਂ ਅਹਿਮੀਅਤ ਇਹ ਨਹੀਂ ਕਿ ਮੈਂ ਤਾਜ ਤੋਂ ਥੱਲੇ ਖਲੋਂਦਾ ਹੀ ਨਹੀਂ । ਦੂਜਾ ਇਹ ਕਿ ਸ. ਜੋਗਿੰਦਰ ਸਿੰਘ ਜੀ ਇਮਾਨਦਾਰੀ ਦੀ ਰੋਟੀ ਖਾਣ ਵਾਲੇ ਸ਼ਖ਼ਸ ਨੂੰ ਤੇ ਉਨ੍ਹਾਂ ਦਾ ਖ਼ਰਚਾ ਕਰਵਾਣਾ ਹਰਾਮ ਹੈ । ਮੈਂ ਹੱਸਦੇ ਹੋਏ ਆਖਿਆ, "ਸਰਦਾਰ ਜੀ, ਮੈਨੂੰ ਤਾਜ ਵੱਲ ਵੇਖ ਕੇ ਸ਼ਰਮ ਆਏਗੀ ਤੇ ਤਾਜ ਮੈਨੂੰ ਵੇਖ ਕੇ ਸ਼ਰਮਾਏਗਾ । ਮੈਨੂੰ ਮੇਰੇ ਮੇਚ ਦਾ ਨਿੱਕਾ ਮੋਟਾ ਟਿਕਾਣਾ ਦੇ ਦਿਉ।" ਲਿਹਾਜ਼ਾ ਮੈਂ ਉਨ੍ਹਾਂ ਦੇ ਘਰ ਹੀ ਇਕ-ਦੋ ਰਾਤਾਂ ਮਜ਼ੇ ਨਾਲ ਕਟ ਆਇਆ । ਉੱਥੇ ਮੈਨੂੰ ਲਾਹੌਰ ਵਰਗੀ ਰੋਟੀ ਵੀ ਮਿਲੀ । ਉਂਞ ਕਦੀ-ਕਦੀ ਮੇਰੇ ਅੰਦਰਲਾ ਉਂਧਾ 'ਨਫ਼ਸ ਜਾਂ ਹਉਮੈਂ" ਮੈਨੂੰ ਇਹ ਵੀ ਆਖਦਾ ਕਿ ਪੈਸੇ ਤਾਂ 'ਸਪੋਕਸਮੈਨ' ਦੇ ਖ਼ਰਚ ਹੋਣਗੇ, ਏਸੇ ਬਹਾਨੇ ਤੂੰ ਵੀ ਤਾਜ ਦਾ ਹੂਟਾ ਲੈ ਕੇ ਵੇਖ ਲੈ । ਪਰ ਰੱਬ ਦੀ ਮਿਹਰਬਾਨੀ ਕਿ ਅਮੀਨ ਮਲਿਕ ਉਸ ਉਂਧੇ ਨਾਲੋਂ ਤਕੜਾ ਨਿਕਲਿਆ ।

ਗੱਲ ਹੋ ਰਹੀ ਸੀ ਇਕ ਨਿੱਕੇ ਜਿਹੇ ਨਿੱਕੀ ਮਸੀਤ ਦੇ ਮੌਲਵੀ ਦੀ ਜੋ ਪੀਰ ਬਣ ਗਿਆ ਤੇ ਵਜ਼ੀਰਾਂ ਵਰਗੇ ਖ਼ਰਚੇ ਕਰਵਾ ਕੇ ਆਪਣੀ ਸ਼ਾਨ ਦਾ ਵਿਖਾਵਾ ਕਰ ਰਿਹਾ ਹੈ । ਪਰ ਕਸੂਰ ਸਾਰਾ ਸ਼ਰਧਾ ਦੇ ਸ਼ੁਦਾਅ ਕੁੱਦ ਜਾਣ ਵਾਲੇ ਸ਼ੁਦਾਈਆਂ ਦਾ ਹੈ । ਚੰਗੀ ਭਲੀ ਦੁਨੀਆਂ ਵੱਸਦੀ ਸੀ, ਲੋਕ ਸੁੱਕੀ ਗਿੱਲੀ ਖਾ ਕੇ ਪਿਆਰ ਨਾਲ ਇਕ-ਦੂਜੇ ਲਈ ਅਮਨ ਵੰਡਦੇ ਸਨ । ਉਸ ਵੇਲੇ ਇਨਸਾਨ ਨੂੰ ਇਨਸਾਨ ਕੋਲੋਂ ਡਰ ਨਹੀਂ ਸੀ ਲੱਗਦਾ । ਅੱਜ ਕੁੱਤਾ ਵੀ ਡਰਦਾ ਫਿਰਦਾ ਹੈ ਕਿ ਕਿਧਰੇ ਕਸਾਈ ਛੁਰੀ ਫੇਰ ਕੇ ਬੱਕਰੇ ਦੀ ਥਾਂ ਉਸਨੂੰ ਹੀ ਨਾ ਵੇਚ ਦੇਵੇ । ਇਹ ਰਾਹ ਦੱਸਣ ਵਾਲੇ ਪੀਰ ਫ਼ਕੀਰ ਵਧੇ ਅਤੇ ਦੁਨੀਆਂ ਕੁਰਾਹੇ ਪੈ ਗਈ । ਕਾਸ਼! ਇਨਸਾਨ ਏਨਾ ਸਿਆਣਾ ਨਾ ਹੋ ਜਾਂਦਾ ਕਿ ਨਿੱਕਾ ਜਿਹਾ ਆਪਰੇਸ਼ਨ ਕਰਦੇ ਵੇਲੇ ਚੁੱਪ ਕਰ ਕੇ ਡਾਕਟਰ ਮਰੀਜ਼ ਦਾ ਇਕ ਗੁਰਦਾ ਵੀ ਕੱਢ ਲੈਂਦਾ ਤਾਂ ਉਸ ਨੂੰ ਪਤਾ ਵੀ ਨਹੀਂ ਲੱਗਦਾ । ਅੱਜ ਇਨਸਾਨ ਸਸਤਾ ਅਤੇ ਉਸ ਦਾ ਕੱਢਿਆ ਹੋਇਆ ਗੁਰਦਾ ਢਾਈ ਲੱਖ ਦਾ ਵਿਕ ਜਾਂਦਾ ਹੈ । ਅਫ਼ਸੋਸ ਕਿ ਅੱਜ ਦਾ ਇਨਸਾਨ ਜਦੋਂ ਅਮਨ-ਪਸੰਦ ਘੁੱਗੀ ਤੋਂ ਕਾਂ ਬਣਿਆ ਤਾਂ ਬਦਦਿਆਨਤੀ ਦੀ ਗੰਦੀ ਰੂੜੀ ਫੋਲਣ ਲੱਗ ਪਿਆ। ਜੀਅ ਕਰਦਾ ਹੈ ਅੱਜ ਦੇ ਜ਼ੁਲਮ ਜਬਰ ਅਤੇ ਜ਼ਿਆਦਤੀਆਂ ਲਿਖਦੇ-ਲਿਖਦੇ ਸਾਰੀ ਹਿਆਤੀ ਗੁਜ਼ਾਰ ਦੇਵਾਂ । ਇਹ ਰੱਬ ਦੀ ਬਣਾਈ ਹੋਈ ਹਰੀ-ਭਰੀ ਦੁਨੀਆਂ ਅੱਜ ਲਹੂ ਰੰਗੀ ਹੋ ਗਈ ਏ ।

ਮੇਰਾ ਵਿਸ਼ਾ ਤਾਂ 'ਸ਼ਰਧਾ ਦਾ ਸ਼ੁਦਾਅ' ਸੀ ਪਰ ਜਜ਼ਬਾਤ ਦੀ ਵਾਛੜ ਮੈਨੂੰ ਰੋੜ੍ਹ ਕੇ ਬੜੀ ਦੂਰ ਲੈ ਗਈ । ਮੈਂ ਅਜਿਹੇ ਜ਼ਖ਼ਮੀ ਕਰ ਦੇਣ ਵਾਲੇ ਕੰਡਿਆਲੇ ਵਿਸ਼ੇ ਨੂੰ ਹੱਥ ਪਾ ਬੈਠਾ ਹਾਂ ਕਿ ਮੇਰਾ ਆਪਣਾ ਹਿਰਦਾ ਵੀ ਵਿੰਨ੍ਹਿਆ ਗਿਆ ਹੈ । ਮੈਨੂੰ ਪਤਾ ਹੀ ਨਹੀਂ ਸੀ ਕਿ ਮੈਂ ਇਕ ਨਾ ਮੁੱਕਣ ਵਾਲਾ ਅਜਿਹਾ ਵਖ਼ਤ ਵੇਦ ਸਹੇੜ ਲਿਆ ਹੈ ਜਿਸ ਦੀ ਹੱਦ ਨਜ਼ਰ ਹੀ ਨਹੀਂ ਆਉਂਦੀ । ਮੈਂ ਆਪਣੇ ਸਿਰਲੇਖ ਵੱਲ ਪਰਤਦੇ ਹੋਏ ਇਸ ਸ਼ਰਧਾ ਦੇ ਸ਼ੁਦਾਅ ਦਾ ਇਕ ਅੱਖੀਂ ਡਿੱਠਾ ਤਮਾਸ਼ਾ ਵੇਖ ਕੇ ਇਸ ਲੇਖ ਨੂੰ ਸਮੇਟਣ ਲਪੇਟਣ ਦੀ ਕੋਸ਼ਿਸ਼ ਕਰਾਂਗਾ ।

੧੯੪੭ ਦੀ ਵੰਡ ਵੇਲੇ ਆਪਣੀ ਮਾਂ ਤੋਂ ਵਿਛੜਨ ਅਤੇ ਕਈ ਵਰ੍ਹੇ ਭੀਖ ਮੰਗਣ ਤੋਂ ਬਾਅਦ ਜਦੋਂ ਅੰਮਾ ਮਿਲ ਗਈ ਤਾਂ ਆਪਣੇ ਮਾਮਿਆਂ ਦੇ ਪਿੰਡ ਰੰਗਲੇ ਜ਼ਿਲ੍ਹਾ ਗੁਜਰਾਂਵਾਲਾ, ਮਾਮੇ ਦੇ ਡੰਗਰ ਚਾਰਦਾ-ਚਾਰਦਾ ਪਿੰਡ ਕੋਟਲੀ ਦੇ ਇਕ ਪ੍ਰਾਇਮਰੀ ਸਕੂਲ 'ਚ ਜਾ ਵੜਿਆ । ਪਹਿਲਾਂ ਮੰਗਤਾ, ਫਿਰ ਵਾਗੀ ਅਤੇ ਇਕ ਦਿਨ ਵਿਦਿਆਰਥੀ ਬਣ ਗਿਆ । ਅੰਮਾ ਨੇ ਪੱਕੀ ਕੀਤੀ, "ਵੇ ਪੁੱਤਰ, ਧਿਆਨ ਨਾਲ ਜੀਅ ਲਾ ਕੇ ਪੜ੍ਹੀਂ, ਮੈਂ ਤੈਨੂੰ ਸਾਰੀ ਉਮਰ ਡੰਗਰਾਂ ਦਾ ਛੇੜੂ ਨਹੀਂ ਵੇਖ ਸਕਦੀ।" ਰੱਬ ਦਾ ਸ਼ੁਕਰ ਹੈ ਕਿ ਮਰਨ ਤੋਂ ਪਹਿਲਾਂ ਮੇਰੀ ਅੰਮਾ ਨੇ ਮੈਨੂੰ ਰੇਲਵੇ ਦਾ ਅਫ਼ਸਰ ਅਤੇ ਵੱਡੇ ਸਾਰੇ ਘਰ ਵਿੱਚ ਰਹਿੰਦੇ ਹੋਏ ਕਾਰ ਚਲਾਉਂਦੇ ਵੇਖ ਲਿਆ । ਪਿੰਡ ਰੰਗਲੇ ਵਿੱਚ ਰਹਿੰਦੇ ਹੋਏ ਅੱਜ ਮੈਂ ਆਪਣੇ ਅਤੀਤ ਦਾ ਦਰਵਾਜ਼ਾ ਖੋਲ੍ਹ ਕੇ ਵੇਖਦਾ ਹਾਂ ਤਾਂ ਨਜ਼ਰ ਆਉਂਦਾ ਹੈ ਕਿ ਰੋਟੀ ਟੁੱਕ ਭਾਵੇਂ ਵਾਂਦਾ ਨਹੀਂ ਸੀ ਪਰ ਮੈਨੂੰ ਕਦੀ ਵੀ ਕਿਸੇ ਚੀਜ਼ ਦੀ ਘਾਟ ਨਹੀਂ ਸੀ ਜਾਪੀ । ਜਿਵੇਂ ਮੱਛੀ ਸਮੁੰਦਰ ਦੀ ਬਜਾਏ ਛੱਪੜ ਵਿੱਚ ਛੱਡ ਦਈਏ ਤਾਂ ਉਹ ਉਂਵ ਹੀ ਚੁੰਗੀਆਂ ਮਾਰਦੀ ਫਿਰਦੀ ਹੈ । ਮੇਰੇ ਯਾਰ, ਫੇਰੂ ਨਾਈ, ਕੁਬਾ ਨੱਥੋ ਦਾ ਅਤੇ ਚਮਨ ਈਸਾਈ ਮੇਰੀ ਪੂਰੀ ਕਾਇਨਾਤ ਸੀ । ਕਦੀ ਨੁਗਦੀ ਜਾਂ ਪਕੌੜੇ ਖਾਣ ਨੂੰ ਜੀ ਕਰਦਾ ਤਾਂ ਰਾਤ ਨੂੰ ਕਿਸੇ ਝੋਨੇ ਦੇ ਵੱਢ ਵਿੱਚੋਂ ਸੱਥਰ ਦੀ ਢੇਰੀ ਚੋਰੀ ਕਰ ਕੇ ਵੱਟੀ ਝੋਨਾ ਨੈਤੇ (ਅਨਾਇਅਤ) ਕਸ਼ਮੀਰੀ ਦੀ ਹੱਟੀ ਵੇਚ ਲੈਂਦੇ ਸਾਂ । ਕਿਸੇ ਸ਼ੈਅ ਦੀ ਘਾਟ ਨਹੀਂ ਸੀ । ਛੱਪੜਾਂ ਵਿੱਚੋਂ ਡੌਲੇ ਫੜਦੇ, ਕੁੱਤਿਆਂ ਦੀ ਲੜਾਈ ਕਰਾਉਂਦੇ ਅਤੇ ਰੁੱਖਾਂ ਤੋਂ ਕਾਵਾਂ ਦੇ ਆਂਡੇ ਲਾਹ ਕੇ ਭੰਨਦੇ ਸਾਂ । ਹਰ ਪਾਸੇ ਮੌਜਾਂ ਹੀ ਮੌਜਾਂ ਸਨ । ਇਸ ਪਿੰਡ ਵਿੱਚ ਮੇਰੀ ਸਭ ਤੋਂ ਵੱਡੀ ਰੌਣਕ ਬਸ਼ੀਰਾ ਮਰਾਸੀ ਸੀ । ਵੈਸੇ ਤਾਂ ਬਸ਼ੀਰਾ ਸਾਰੇ ਪਿੰਡ ਦੀ ਰੌਣਕ ਸੀ ਪਰ ਮੈਂ ਖੋਚਰੀਆਂ, ਡੂੰਘੀਆਂ ਅਤੇ ਸਵਾਦੀ ਗੱਲਾਂ



ਦਾ ਮੁੱਢੋਂ ਹੀ ਠਰਕੀ ਸਾਂ । ਉੱਤੋਂ ਬਸ਼ੀਰਾ ਮੋਤੀਆਂ ਵਰਗੀ ਗੱਲਾਂ ਦੀ ਇਕ ਖਾਣ ਸੀ ਜਿਹਦੇ ਵਿੱਚੋਂ ਹਾਸੇ ਦੇ ਹੀਰੇ ਨਿਕਲਦੇ ਸਨ । ਲੋਕ ਇਸ ਨੂੰ 'ਬਸ਼ੀਰਾ ਹਰਾਮਦਾ' ਆਖਦੇ ਹੁੰਦੇ ਸਨ ਪਰ ਮੈਂ ਉਸ ਨੂੰ 'ਬਸ਼ੀਰਾ ਕੰਮ ਦਾ' ਆਖਦਾ ਸਾਂ । ਉਹ ਕਿੱਡਾ ਕੁ ਕੰਮ ਦਾ ਹੋਵੇਗਾ ਜਿਸ ਨੂੰ ਰਾਤ ਵੇਲੇ ਨੈਤੇ ਦੀ ਹੱਟੀ ਵਿੱਚ ਮਹਿਫ਼ਲ ਜਮਾਉਣ ਲਈ ਘਰੋਂ ਸੱਦਣ ਵਾਸਤੇ ਸਾਨੂੰ ਭਾੜਾ ਭਰਨਾ ਪੈਂਦਾ ਸੀ । ਅਸੀਂ ਘਰੋਂ ਚੋਰੀ, ਤਮਾਕੂ, ਕੋਈ ਚੌਲਾਂ ਦੀ ਪੜੋਪੀ ਅਤੇ ਕੋਈ ਗੁੜ ਲੈ ਕੇ ਆਉਂਦਾ । ਇਹ ਭਾੜਾ ਪਾਉਂਦੇ ਤੇ ਬਸ਼ੀਰਾ ਗੱਲਾਂ ਦਾ ਦੁੱਧ ਲਾਉਂਦਾ । ਬਸ਼ੀਰਾ ਮਰਾਸੀ ਤੇ ਚਮਨ ਈਸਾਈ ੪੭ ਤੋਂ ਪਹਿਲਾਂ ਹੀ ਇਸ ਪਿੰਡ ਦੇ ਵਸਨੀਕ ਸਨ ਤੇ ਅਸੀਂ ਸਾਰੇ ਪਨਾਹਗੀਰ। ਬਸ਼ੀਰਾ ਜੁਗਤ ਕਰਨ ਲੱਗਿਆਂ ਪਿਉ ਨੂੰ ਵੀ ਨਹੀਂ ਸੀ ਬਖ਼ਸ਼ਦਾ । ਉਹ ਸਾਨੂੰ ਆਖਦਾ, "ਓਏ ਪਨਾਹਗੀਰੋ, ਪਿੱਛੋਂ ਤੁਸੀਂ ਡੰਗਰਾਂ ਦੀਆਂ ਕੁੜ੍ਹਾਂ ਵਿੱਚ ਸੌਂਦੇ ਆਏ ਹੋ ਤੇ ਇੱਥੇ ਉੱਜੜ ਕੇ ਜਾਣ ਵਾਲੇ ਸਰਦਾਰਾਂ ਦੇ ਪੱਕੇ ਚੁਬਾਰਿਆਂ ਵਿੱਚ ਮੌਜ ਲੁੱਟਦੇ । ਸਰਦਾਰਾਂ ਦੀਆਂ ਤਾਂ ਇੱਥੇ ਮਹਿਲ ਮਾੜੀਆਂ ਸਨ ਤੇ ਤੁਹਾਡੇ ਪਿੱਛੇ ਸਿਰਫ਼ ਹੁੱਕੇ ਕਨਾਲੀਆਂ । ਗੋਹਾ ਪੱਥਣ ਵਾਲੇ ਗੁੱਜਰ ਬਾਜਰੇ ਦਾ ਢੋਡਾ ਖਾਂਦੇ ਸਨ ਤੇ ਹੁਣ ਉਂਗਲ-ਉਂਗਲ ਜਿੱਡੇ ਲੰਮੇ ਬਾਸਮਤੀ ਦੇ ਚੌਲ ਖਾਣ ਲੱਗ ਪਏ ਨੇ । ਚੰਗੇ ਭਲੇ ਸਾਊ ਲੋਕ ਹਿੰਦੁਸਤਾਨ ਚਲੇ ਗਏ ਤੇ ਹੁਣ ਪਨਾਹਗੀਰਾਂ ਦੀਆਂ ਜ਼ਨਾਨੀਆਂ ਸੱਤਾਂ ਦਿਨਾਂ ਦੀ ਬੇਹੀ ਲੱਸੀ ਨਾਲ ਛੱਪੜ ਕੰਢੇ ਸਿਰ ਧੋਂਦੀਆਂ ਨੇ। ਪਨਾਹਗੀਰ ਰੱਜ ਕੇ ਝੂਠ ਬੋਲਦੇ ਤੇ ਨਮਾਜ਼ਾਂ ਹੇਠ ਉੱਤੇ ਪੜ੍ਹੀ ਆਉਂਦੇ ਨੇ । ਹਰ ਇਕ ਨੇ ਦਾੜ੍ਹੀ ਮਜਬੂਰੀ ਨਾਲ ਰੱਖ ਲਈ ਹੈ ਕਿ ਨਾਈ ਨੂੰ ਦੁਆਨੀ ਨਾ ਦੇਣੀ ਪਵੇ।" ਬਸ਼ੀਰਾ ਅੱਧੀ-ਅੱਧੀ ਰਾਤ ਤੀਕਰ ਐਸੀ-ਐਸੀ ਰੰਗੀਨ ਬਕਵਾਸ ਕਰਦਾ ਕਿ ਸਾਡਾ ਉੱਠਣ ਨੂੰ ਜੀ ਨਾ ਕਰਦਾ । ਆਖ਼ਰ ਬਸ਼ੀਰਾ ਬੜੀ ਬੇਲਿਹਾਜ਼ੀ ਨਾਲ ਸਾਨੂੰ ਛੱਡ ਕੇ ਚਲਾ ਜਾਂਦਾ, "ਵੇਲੇ ਨੂੰ ਕੌਣ ਹੱਥ ਦੇ ਕੇ ਡੱਕ ਸਕਿਐ।"

ਆਖ਼ਰ ਉਹ ਦਿਨ ਵੀ ਆ ਗਿਆ ਕਿ ਮੈਂ ਚੌਥੀ ਪਾਸ ਕਰ ਲਈ ਤੇ ਨੇੜੇ ਕੋਈ ਸਕੂਲ ਨਾ ਹੋਣ ਕਰਕੇ ਮੇਰੀ ਅੰਮਾ ਰੋਂਦੇ ਨੂੰ ਵੱਡੇ ਭਰਾ ਕੋਲ ਲਾਹੌਰ ਛੱਡ ਆਈ । ਰੋਈ ਤੇ ਵਿਚਾਰੀ ਉਹ ਵੀ ਹੋਵੇਗੀ, ਮੈਥੋਂ ਅੱਥਰੂ ਲੁਕਾ ਕੇ। ਇੰਵ ਨੈਤੇ ਕਸ਼ਮੀਰੀ ਦੀ ਹੱਟੀ ਛੁੱਟ ਗਈ । ਝੋਨੇ ਦੀ ਚੋਰੀ ਮੁੱਕ ਗਈ ਤੇ ਨੁਗਦੀ ਟਾਂਗਰੀ ਪਕੌੜੇ ਛੁੱਟ ਗਏ। ਬਸ਼ੀਰੇ ਦੀਆਂ ਗੱਲਾਂ, ਕੁੱਤਿਆਂ ਦੀ ਲੜਾਈ ਅਤੇ ਕਾਵਾਂ ਦੇ ਆਂਡੇ ਤੋੜਨ ਵਾਲੇ ਸਭ ਮੌਜ ਮੇਲੇ ਛੁੱਟ ਗਏ । ਸੱਚ

ਹੀ ਤਾਂ ਕਿਸੇ ਨੇ ਆਖਿਆ ਹੈ ਕਿ ਖ਼ੁਸ਼ੀ ਉਸ ਧੀ ਵਰਗੀ ਹੁੰਦੀ ਹੈ ਜਿਹੜੀ ਜਦੋਂ ਜਵਾਨ ਹੋਈ ਤਾਂ ਕਿਤੇ ਹੋਰ ਚਲੀ ਗਈ ।

ਆਖ਼ਰ ਇਕ ਦਿਨ ਅੱਲਾਹ ਕੀਤਾ, ਮੈਂ ਭਾਬੀਆਂ ਦੀ ਜੇਲ ਵਿੱਚੋਂ ਵੀ ਰਿਹਾਅ ਹੋ ਗਿਆ ਅਤੇ ਵੇਲਾ ਮੇਰੀ ਨੱਥ ਫੜ ਕੇ ਬੜੀ ਹੀ ਦੂਰ ਲੈ ਗਿਆ। ਅੰਮਾ ਮੈਥੋਂ ਵਿਛੜ ਕੇ ਐਸੇ ਜਹਾਨ ਚਲੀ ਗਈ ਜਿੱਥੋਂ ਜਾ ਕੇ ਕੋਈ ਕਦੀ ਵੀ ਨਹੀਂ ਪਰਤਿਆ। ਸਮੇਂ ਦੇ ਠੇਡੇ ਅਤੇ ਧੱਕੇ ਭਾਵੇਂ ਮੈਨੂੰ ਜਿੰਨਾ ਮਰਜ਼ੀ ਮਧੋਲਦੇ ਰਹੇ, ਹਾਲਾਤ ਜਿੰਨੇ ਵੀ ਬਦਲਦੇ ਰਹੇ ਅਤੇ ਗ਼ਰੀਬੀ-ਅਮੀਰੀ ਜੋ ਮਰਜ਼ੀ ਰੰਗ ਵਿਖਾਉਂਦੀ ਰਹੀ, ਮੈਂ ਆਪਣੇ ਅਤੀਤ ਨੂੰ ਕਦੀ ਨਾ ਵਿਸਾਰ ਸਕਿਆ। ਮੇਰਾ ਮਾਜ਼ੀ ਮੇਰੇ ਲਈ ਕਿਸੇ ਬੇਵਾ ਦੇ ਉਸ ਇਕਲੌਤੇ ਜਵਾਨ ਪੁੱਤਰ ਦੀ ਯਾਦ ਵਰਗਾ ਸੀ ਜਿਹੜਾ ਗ਼ਰੀਬੀ ਤੋਂ ਡਰ ਕੇ ਲਾਮ ’ਤੇ ਚਲਾ ਗਿਆ ਅਤੇ ਇਕ ਦਿਨ ਸ਼ਹੀਦ ਹੋ ਗਿਆ । ਮੈਂ ਰੰਗਲੇ ਆ ਕੇ ਗੁਜਰਾਂਵਾਲੀ, ਅਜਨਾਲਾ ਚਮਿਆਰੀ ਨਾ ਭੁੱਲਿਆ, ਲਾਹੌਰ ਮੈਨੂੰ ਰੰਗਲਾ ਨਾ ਭੁਲਾ ਸਕਿਆ ਤੇ ਲੰਡਨ ਦੀ ਕੋਈ ਸ਼ੈਅ ਮਜਬੂਰ ਨਾ ਕਰ ਸਕੀ ਕਿ ਪੰਜਾਬ ਦੀ ਮਿੱਟੀ ਆਪਣੀਆਂ ਯਾਦਾਂ ਦੀ ਮੁੱਠ ਵਿੱਚੋਂ ਸੁੱਟ ਦੇਵਾਂ। ਚਮਨ ਮਸੀਹ, ਨੱਥੋ ਦਾ ਕੂਬਾ, ਫੇਰੂ ਨਾਈ ਅਤੇ ਬਸ਼ੀਰਾ ਮਰਾਸੀ ਹਰ ਵੇਲੇ ਮੇਰੇ ਚੇਤੇ ਦੇ ਕੁੱਛੜ ਚੜ੍ਹੇ ਰਹਿੰਦੇ ।

ਜੇ ਮੇਰੀ ਇਸ ਆਦਤ ਜਾਂ ਫ਼ਿਤਰਤ ਨੂੰ ਤਸਦੀਕ ਕਰਨਾ ਚਾਹੇ ਤਾਂ ਤੁਹਾਡੇ ਸਾਹਮਣੇ ਹੈ ਕਿ ੧੯੬੩ ਵਿੱਚ ਰਾਣੀ ਨੂੰ ਵਜ਼ੀਰਾਬਾਦ ਵੇਖਿਆ ਤੇ ਤੇਰ੍ਹਾਂ ਸਾਲ ਉਸ ਨੂੰ ਆਪਣੀ ਅੱਖ ਦੀ ਪੁਤਲੀ ਵਿੱਚ ਵਸਾਈ ਰੱਖਿਆ। ਉਸ ਦੀ ਯਾਦ ਨੂੰ ਬੜਾ ਥਾਪੜਿਆ ਅਤੇ ਬੜੀਆਂ ਲੋਰੀਆਂ ਦਿੱਤੀਆਂ ਕਿ ਉਸ ਨੂੰ ਨੀਂਦਰ ਆ ਜਾਏ ਪਰ ਨਾ ਉਹ ਸੁੱਤੀ ਤੇ ਨਾ ਮੇਰੀ ਅੱਖ ਲੱਗੀ । ਆਖ਼ਰ ੧੯੭੬ ਵਿੱਚ ਉਹ ਰਾਣੀ ਮਲਿਕ ਬਣ ਗਈ ਤੇ ਮੇਰੇ ਅਤੀਤ ਨੇ ਆਪਣੀ ਯਾਰੀ ਅਤੇ ਵਫ਼ਾਦਾਰੀ ਦਾ ਜਸ਼ਨ ਮਨਾਇਆ। ਚਲੋ! ਮੇਰੀ ਗੱਲ ਤਾਂ ਵੱਖਰੀ ਹੈ, ਉਂਞ ਵੀ ਗੁਜ਼ਾਰਿਆ ਹੋਇਆ ਔਖਾ-ਸੌਖਾ ਪਿਛੋਕੜ ਅਤੇ ਅਤੀਤ ਯਾਦ ਰਹੇ ਤਾਂ ਇਨਸਾਨੀਅਤ ਦੀ ਉਂਗਲੀ ਨਹੀਂ ਛੁੱਟਦੀ । ਕਿਸੇ ਦੁਖੀਏ ਦੇ ਦੁੱਖ ਦਾ ਅਹਿਸਾਸ ਕਾਇਮ ਰਹਿੰਦਾ ਹੈ । ਵੈਸੇ ਵੀ ਲੱਗੇ ਹੋਏ ਆਪਣੇ ਕਿਸੇ ਜ਼ਖ਼ਮ ਨੂੰ ਯਾਦ ਰੱਖਿਆ ਜਾਏ ਤਾਂ ਤੰਦਰੁਸਤੀ ਦੀ ਕਦਰ ਕਰਨੀ ਆ ਜਾਂਦੀ ਹੈ । ਰੱਬ ਜਾਣੇ ਇਹ ਮੇਰੀ ਆਦਤ ਹੈ ਜਾਂ ਰੱਬ ਦੀ ਦਿੱਤੀ ਦੇਣ ਕਿ ਕਦੀ-ਕਦੀ ਗੰਭੀਰ ਤਨਹਾਈ ਵਿੱਚ ਬੈਠੇ-ਬੈਠੇ ਕਿਸੇ ਸੋਚ ਦਾ ਸੋਮਾ ਅੱਥਰੂ ਬਣ ਕੇ ਅੱਖਾਂ ਵਿੱਚੋਂ ਵਗ੍ਹਨ ਲੱਗ ਪੈਂਦਾ ਹੈ । ਫਿਰ ਇਹ ਅੱਥਰੂ ਕਿਸੇ ਗੁਜ਼ਰੇ ਹੋਏ



ਵੇਲੇ ਦੀ ਖੋੜ ਵਿੱਚ ਡਿੱਗਦੇ ਤੇ ਪੁਰਾਣੀਆਂ ਯਾਦਾਂ ਦੇ ਭੁੱਖੇ ਬੋਟ ਨਿਕਲ ਕੇ ਮੂੰਹ ਅੱਡ ਲੈਂਦੇ ਨੇ । ਫਿਰ ਮੈਂ ਉਨ੍ਹਾਂ ਨੂੰ ਆਪਣੇ ਪਿਆਰ ਦਾ ਚੋਗਾ ਦੇਂਦਾ ਹਾਂ ਤਾਂ ਸਕੂਨ ਮਿਲਦਾ ਹੈ ।

ਮਾਫ਼ ਕਰਨਾ, ਹਮੇਸ਼ਾਂ ਵਾਂਗ ਹਰ ਵਾਰੀ ਮੈਨੂੰ ਮਾਫ਼ੀ ਮੰਗਣੀ ਪੈਂਦੀ ਹੈ । ਯਾਦ ਹੀ ਨਹੀਂ ਰਹਿੰਦਾ ਕਿ ਮੈਂ ਕੀ ਲਿਖ ਰਿਹਾ ਸਾਂ ਤੇ ਕੀ ਆਖਣ ਲੱਗ ਪਿਆ ਹਾਂ । ਜਜ਼ਬਾਤ ਦੇ ਬੱਦਲ ਵਗ੍ਹਨ ਲੱਗ ਪੈਣ ਤਾਂ ਫਾਂਡੇ ਤੋਂ ਬੱਚਦਾ-ਬੱਚਦਾ ਕਿਸੇ ਛੱਪਰ ਦੇ ਸਾਏ ਥੱਲੇ ਜਾ ਵੜਦਾ ਹਾਂ । ਦੱਸਣ ਤਾਂ ਮੈਂ ਇਹ ਲੱਗਾ ਸਾਂ ਕਿ ਵੇਲਾ ਅਤੇ ਹਾਲਾਤ ਭਾਵੇਂ ਮੈਨੂੰ ਕਿੱਡੀ ਵੀ ਦੂਰ ਲੈ ਗਏ ਪਰ ਉਹ ਗ਼ਰੀਬੀ ਵਿੱਚ ਹੰਡਾਈਆਂ ਹੋਈਆਂ ਖ਼ੂਬਸੂਰਤ ਮੌਜਾਂ ਅਤੇ ਮੇਰੀ ਭੁੱਖ ਦੇ ਭਾਈਵਾਲ ਯਾਰ ਮੇਰੇ ਨਾਲ-ਨਾਲ ਹੀ ਰਹੇ । ਜਦੋਂ ਵੀ ਕਦੀ ਮਾਮਿਆਂ ਦੇ ਪਿੰਡ ਤੋਂ ਕੋਈ ਆਇਆ ਬੰਦਾ ਮੈਨੂੰ ਮਿਲਦਾ ਤਾਂ ਮੈਂ ਚਮਨ, ਫੇਰੂ ਅਤੇ ਕੂਲੇ ਦੇ ਨਾਲ-ਨਾਲ ਬਸ਼ੀਰੇ ਮਰਾਸੀ ਦਾ ਵੀ ਜ਼ਰੂਰ ਪੁੱਛਦਾ। ਇਕ ਦਿਨ ਦੂਰੋਂ ਨੇੜਿਉਂ ਮਾਮੇ ਦਾ ਪੁੱਤਰ ਅਬਦੁਲ ਵਾਹਿਦ ਆਇਆ ਤੇ ਪਿੰਡ ਰੰਗਲੇ ਦੀਆਂ ਗੱਲਾਂ ਕਰਦੇ-ਕਰਦੇ ਵਾਹਿਦ ਨੇ ਦੱਸਿਆ ਕਿ ਬਸ਼ੀਰਾ ਮਰਾਸੀ ਲਾਹੌਰ ਦੇ ਨੇੜੇ ਸ਼ਾਹਦਰੇ ਆਣ ਵੱਸਿਆ ਹੈ । ਨਾਲ ਹੀ ਹੱਸ ਕੇ ਆਖਣ ਲੱਗਾ, “ਸੁਣਿਐ ਉਸ ਹਰਾਮਦੇ ਨੇ ਪੀਰੀ ਮੁਰੀਦੀ ਸ਼ੁਰੂ ਕਰ ਦਿੱਤੀ ਏ ਤੇ ਆਪਣੇ ਆਪ ਨੂੰ ਸਈਅਦ ਬਸ਼ੀਰ ਸ਼ਾਹ ਅਖ਼ਵਾਂਦਾ ਹੈ।”

ਮੈਂ ਕਿਹਾ, “ਵਾਹਿਦ, ਉਹ ਹਰਾਮਦਾ ਬੜੇ ਹੀ ਕੰਮ ਦਾ ਹੈ । ਰੰਗਲੇ ਨੂੰ ਗੁੱਜਰ ਕੰਜੂਸ ਪਨਾਹਗੀਰ ਤਾਂ ਉਸ ਵਿਚਾਰੇ ਨੂੰ ਵੱਟੀ ਚੌਲ ਵੀ ਨਹੀਂ ਸਨ ਦੇਂਦੇ। ਉੱਤੋਂ ਉਹ ਕੌਮ ਦਾ ਮਰਾਸੀ ਸੀ ਜਿਸ ਨੂੰ ਹੱਥੀਂ ਕੰਮ ਕਰਨਾ ਮਿਹਣਾ ਲੱਗਦਾ ਹੈ । ਉਹ ਝੋਨੇ ਦੀ ਵਾਢੀ ਅਤੇ ਗਾਭ ਕਿਵੇਂ ਲਵੇ? ਇਹ ਗ਼ਰੀਬ ਜਿਹੀ ਸੋਹਲ ਕੌਮ ਤਾਂ ਪਾਲੇ ਤੋਂ ਡਰਦੀ ਦਸ ਦਸ ਦਿਨ ਹਾੜ ਵਿੱਚ ਨਹੀਂ ਨਹਾਉਂਦੀ। ਝੋਨੇ ਦੀ ਪਨੀਰੀ ਕੱਦੂ ਕੀਤੇ ਖੇਤ ਵਿੱਚ ਵੜ ਕੇ ਬਸ਼ੀਰਾ ਤਾਂ ਕਦੀ ਵੀ ਨਹੀਂ ਲਾ ਸਕਦਾ। ਵੈਸੇ ਵੀ ਮਰਾਸੀ ਦਾ ਭਿੱਜ ਜਾਣਾ ਇੰਞ ਹੀ ਹੈ ਜਿਵੇਂ ਕਚਹਿਰੀ ਦਾ ਕੋਈ ਜ਼ਰੂਰੀ ਕਾਗ਼ਜ਼ ਭਿੱਜ ਜਾਵੇ।”

ਵਾਹਿਦ ਤਾੜੀ ਮਾਰ ਕੇ ਹੱਸਿਆ ਤੇ ਆਖਣ ਲੱਗਾ, “ਓਏ ਮੀਨਿਆ (ਅਮੀਨ) ਤੂੰ ਵੀ ਬਸ਼ੀਰੇ ਦੀ ਬਹਿਣੀ ਬਹਿ ਕੇ ਮਰਾਸੀਆਂ ਤੋਂ ਘੱਟ ਨਹੀਂ । ਤੈਨੂੰ ਵੀ ਉਨ੍ਹਾਂ ਦੀ ਪੂਰੀ ਪੋਖੋ ਆ ਗਈ ਤੇ ਚੰਗੀ ਭਲੀ ਪੁੱਠ ਚੜ੍ਹ ਗਈ ਹੈ । ਨਾਲੇ ਤੂੰ ਵੀ ਤਾਂ ਪਨਾਹਗੀਰ ਗੁੱਜਰ ਹੋ ਕੇ ਅੱਜ ਸਾਡੀ ਗੋਦ ਵਿੱਚ ਬਹਿ ਕੇ

ਦਾੜ੍ਹੀ ਪੁੱਟ ਰਿਹੈਂ। ੧੯੪੭ ਵਿੱਚ ਅਸੀਂ ਉੱਜੜ-ਪੁੱਜੜ ਕੇ ਆਏ ਸਾਂ ਤੇ ਬਸ਼ੀਰੇ ਵੇਲੇ ਡਟੇ ਹਰਾਮਦੇ ਨੂੰ ਖੰਡ-ਘਿਉ ਕਿੱਥੋਂ ਪਾ ਦੇਂਦੇ? ਤੂੰ ਵੀ ਤਾਂ ਉਨ੍ਹਾਂ ਦਿਨਾਂ ਵਿੱਚ ਰੰਗਲੇ ਹੀ ਸੈਂ ਜਿੱਥੇ ਗੋਡੇ-ਗੋਡੇ ਭੁੱਖ ਸੀ । ਬਸ਼ੀਰੇ ਅਤੇ ਚਮਨ ਈਸਾਈ ਹੋਰਾਂ ਦੇ ਗੜ੍ਹ ਤੇ ਉੱਜੜ ਕੇ ਜਾਣ ਵਾਲੇ ਸਿੱਖਾਂ ਦਾ ਲੁੱਟਿਆ ਹੋਇਆ ਵਾਧੂ ਮਾਲ ਸੀ । ਤਿੰਨ-ਤਿੰਨ ਸੱਜਰ ਸੂਈਆਂ ਮੱਝਾਂ ਦੇ ਮਾਲਕ ਬਣੀ ਬੈਠੇ ਸਨ । ਤੂੰ ਤਾਂ ਵੇਖਿਆ ਹੀ ਹੈ ਕਿ ਛੱਬਾ ਮਰਾਸੀ ਤੇ ਲਹਿਣਾ ਈਸਾਈ ਉਦੋਂ ਪਹਿਲਵਾਨੀ ਕਰਨ ਲੱਗ ਪਏ ਸਨ । ਜਦੋਂ ਲੁੱਟਿਆ ਹੋਇਆ ਮਾਲ ਬਿੱਲੇ ਲੱਗ ਗਿਆ ਤਾਂ ਪਹਿਲਵਾਨੀ ਛੱਡ ਕੇ ਗਲ ਵਿੱਚ ਬਗਲੀ ਪਾ ਲਈ । ਜਦੋਂ ਹੋਰ ਸੌੜ ਪਈ ਤਾਂ ਚਮਨ ਕਰਾਚੀ ਜਾ ਕੇ ਜਹਾਜ਼ਾਂ ਵਿੱਚ ਸਫ਼ਾਈ ਕਰਨ ਲੱਗ ਪਿਆ। ਬਸ਼ੀਰਾ ਹੱਥੀਂ ਕੁਝ ਨਾ ਕਰ ਸਕਿਆ ਤੇ ਪੀਰ ਬਣ ਕੇ ਗੱਲਾਂ ਦੀ ਕਮਾਈ ਖਾਣ ਲੱਗ ਪਿਆ।"

ਮੈਂ ਆਖਿਆ, "ਯਾਰ ਵਾਹਿਦ, ਛੱਡ ਸਾਰੀਆਂ ਗੱਲਾਂ। ਤੂੰ ਕਿਧਰੇ ਮੈਨੂੰ ਬਸ਼ੀਰਾ ਤਾਂ ਮਿਲਾ ਦੇ।"

ਉਹ ਆਖਣ ਲੱਗਾ, "ਓਏ ਤੈਨੂੰ ਤਾਂ ਗੱਲਾਂ ਦਾ ਕਨਰਸ ਹੈ । ਸੁਣਿਐ ਉਹ ਹਰਾਮੀ ਸ਼ਾਹਦਰੇ ਮੋਚੀਪੁਰੇ ਮੋੜ ਕੋਲ ਆਪਣਾ ਆਸਣ ਜਮਾ ਕੇ ਲੋਕਾਂ ਨੂੰ ਸ਼ੁਦਾਈ ਬਣਾ ਕੇ ਸ਼ੁਦਾਅ ਦੀ ਰੋਟੀ ਖਾ ਰਿਹੈ । ਤੂੰ ਜਾ ਕੇ ਆਪ ਹੀ ਲੱਭ। ਸਾਡੇ ਕੋਲ ਇਨ੍ਹਾਂ ਕੰਮਾਂ ਲਈ ਵਿਹਲ ਨਹੀਂ ਤੇ ਨਾ ਹੀ ਉਹਦੀਆਂ ਢੇਕੀਆਂ ਸੁਣਨ ਦਾ ਸ਼ੌਕ।"

ਮੈਂ ਕਿਹਾ, "ਵਾਹਿਦ! ਇਹ ਮਰਾਸੀ ਹੀ ਤਾਂ ਫ਼ਨਕਾਰ ਅਤੇ ਕਲਾਕਾਰ ਇਕ ਅਜਿਹਾ ਤਬਕਾ ਜਾਂ ਫ਼ਿਰਕਾ ਹੈ ਜੋ ਇਸ ਚਿੱਟੇ ਕਾਗ਼ਜ਼ ਵਰਗੀ ਦੁਨੀਆਂ ਉੱਤੇ ਰੰਗ ਭਰਦਾ ਹੈ । ਇਹ ਦੁਨੀਆਂ ਇਕ ਫਿੱਕੀ ਹਾਂਡੀ ਹੈ ਜਿਸ ਨੂੰ ਸਵਾਦੀ ਕਲਾਕਾਰੀ ਦਾ ਤੜਕਾ ਇਹ ਲੋਕ ਹੀ ਲਾਉਂਦੇ ਨੇ । ਇਨ੍ਹਾਂ ਲੋਕਾਂ ਤੋਂ ਬਗੈਰ ਦੁਨੀਆਂ ਬਾਂਝ ਹੈ ਜਿਵੇਂ ਫੁੱਲਾਂ ਤੋਂ ਬਗੈਰ ਰੁੱਖ ਅਤੇ ਮਹਿੰਦੀ ਬਗੈਰ ਹੱਥ।" ਵਾਹਿਦ ਖਿੜਖਿੜਾ ਕੇ ਹੱਸਿਆ ਅਤੇ ਜੁੱਤੀ ਝਾੜ ਕੇ ਪੈਰੀਂ ਪਾਉਂਦੇ ਹੋਏ ਆਖਣ ਲੱਗਾ, "ਓਏ ਤੈਨੂੰ ਫੁੱਫੀ ਫ਼ਾਤਮਾ ਨੇ ਪਿੱਛੇ ਲੱਗ ਕੇ ਚਾਰ ਜਮਾਤਾਂ ਪੜ੍ਹਾ ਦਿੱਤੀਆਂ ਨੇ, ਨਹੀਂ ਤਾਂ ਤੂੰ ਵੀ ਕਿਸੇ ਇੰਵ ਦੇ ਟੋਲੇ ਵਿੱਚ ਹੀ ਢੋਲਕੀ-ਛੈਣੇ ਵਜਾਂਦੇ ਫਿਰਦੇ ਹੋਣਾ ਸੀ । ਹੁਣ ਵੀ ਮਰਾਸੀਆਂ ਵਾਲਾ ਹੀ ਕੰਮ ਕੀਤਾ ਈ ਕਿ ਪਿੰਡੋਂ ਆਪਣੀ ਜੱਦੀ-ਪੁਸ਼ਤੀ ਸਾਰੀ ਭੋਇੰ ਵੇਚ-ਵੱਟ ਛੱਡੀ ਆ । ਕੀ ਲੋੜ ਸੀ? ਏਨੀ ਵੱਡੀ ਕੋਠੀ ਪਾ ਕੇ ਪੈਸਿਆਂ ਦਾ ਨਾਸ ਪੁੱਟ ਛੱਡਿਆ ਈ।



ਇਹੀ ਰਕਮ ਲਾ ਕੇ ਰੰਗਲੇ ਡੇਢ ਮੁਰੱਬਾ ਜ਼ਮੀਨ ਖ਼ਰੀਦ ਲੈਂਦਾ ਤਾਂ ਸਾਰੀ ਹਿਆਤੀ ਰੋਟੀਆਂ, ਨਾਲੇ ਚੋਧਰਾਹਟ ਵੱਖਰੀ ਹੋਣੀ ਸੀ।"

ਵਾਹਿਦ ਦੀਆਂ ਸੁਣ ਕੇ ਮੈਨੂੰ ਪਤਾ ਲੱਗ ਗਿਆ ਕਿ ਮੈਂ ਤੇ ਵਾਹਿਦ ਵੱਖਰੇ-ਵੱਖਰੇ ਰਾਹਾਂ ਦੇ ਪਾਂਧੀ ਹਾਂ । ਉਹ ਭੁੱਖਾਂ ਕੱਟ ਕੇ ਭੋਇੰ ਖ਼ਰੀਦੀ ਜਾਂਦਾ ਹੈ ਤੇ ਜ਼ਿੰਦਗੀ ਨੂੰ ਜ਼ਮੀਨ ਉੱਤੇ ਖ਼ਰਚ ਰਿਹਾ ਹੈ । ਦੂਜੇ ਪਾਸੇ ਮੈਂ ਜ਼ਮੀਨ ਨੂੰ ਜ਼ਿੰਦਗੀ ਉੱਤੇ ਕੁਰਬਾਨ ਕਰ ਦਿੱਤਾ ਹੈ ਕਿਉਂਕਿ ਇਹ ਮਿੱਟੀ ਸਦਾ ਹੀ ਇੱਥੇ ਰਹੇਗੀ ਤੇ ਜ਼ਿੰਦਗੀ ਚਾਰ ਦਿਨ ਦੀ ਪ੍ਰਾਹੁਣੀ ਹੈ । ਪ੍ਰਾਹੁਣੇ ਨੂੰ ਭੁੱਖਾ ਰੱਖਣਾ ਗੁਨਾਹ ਅਤੇ ਪਾਪ ਹੈ ।

ਇਕ ਦਿਨ ਉਹੀ ਹੋਇਆ ਕਿ ਵਾਹਿਦ ਗੁਜਰਾਂਵਾਲੇ ਤੋਂ ਲਾਰੀ ਦਾ ਭਾੜ ਬਚਾ ਕੇ ਦਸ ਮੀਲ ਪੈਦਲ ਹੀ ਪਿੰਡ ਤਰੀਕ ਭੁਗਤ ਕੇ ਆ ਰਿਹਾ ਸੀ ਤੇ ਲਾਗਲੇ ਪਿੰਡ ਸਾਬੋਕੀ ਨੇੜੇ ਦਿਲ ਨੇ ਜਵਾਬ ਦੇ ਦਿੱਤਾ । ਵਾਹਿਦ ਦੇ ਸਾਹ ਪਰਦੇਸੀ ਹੋ ਗਏ । ਵਾਹਿਦ ਉਸੇ ਮਿੱਟੀ ਉੱਤੇ ਡਿੱਗ ਕੇ ਮਿੱਟੀ ਹੋ ਗਿਆ ਜਿਹੜੀ ਮਿੱਟੀ ਨੂੰ ਹਾਸਲ ਕਰਨ ਲਈ ਉਹ ਮੁਕੱਦਮਾ ਜਿੱਤਣ ਗਿਆ ਸੀ । ਮੁਕੱਦਮਾ ਤਾਂ ਨਾ ਜਿੱਤਿਆ ਗਿਆ ਪਰ ਜ਼ਿੰਦਗੀ ਦੀ ਬਾਜ਼ੀ ਹਾਰ ਗਿਆ। ਕੀ ਲੋੜ ਹੈ ਇਸ ਜ਼ਰ-ਜ਼ਮੀਨ ਮਗਰ ਏਨਾ ਤੇਜ਼ ਦੌੜਨ ਦੀ ਕਿ ਠੇਡਾ ਲੱਗ ਕੇ ਜ਼ਮੀਨ ਉੱਤੇ ਹੀ ਡਿੱਗ ਪਵੇ?

ਗੱਲ ਹੋ ਰਹੀ ਸੀ ਕਿ ਹਨੇਰੇ ਵਿੱਚ ਇਸ ਦੁਨੀਆਂ ਦੇ ਕੱਢੇ ਹੋਏ ਟੋਏ ਟਿੱਬਿਆਂ ਵਿੱਚ ਅਕਲ ਦੀ ਡੰਗੋਰੀ ਫੜੇ ਬਗੈਰ ਅੰਨ੍ਹੀ ਸ਼ਰਧਾ ਕਿੱਥੇ-ਕਿੱਥੇ ਠੇਡੇ ਖਾਂਦੀ ਹੈ? ਮੈਂ ਵਾਲਟਨ ਟਰੇਨਿੰਗ ਸੈਂਟਰ ਵਿੱਚ ਮੁੰਡੇ ਪੜ੍ਹਾਉਂਦਾ ਸਾਂ ਤੇ ਇਕ ਨਵੀਂ ਜਮਾਤ ਦੇ ਮੁੰਡਿਆਂ ਨੇ ਆਪਸ ਵਿੱਚ ਪ੍ਰੋਗਰਾਮ ਬਣਾਇਆ ਕਿ ਕਿਸੇ ਦਿਨ ਦਰਿਆ ਰਾਵੀ ਤੇ ਜਾ ਕੇ ਮੌਜ-ਮੇਲਾ ਮਨਾਇਆ ਜਾਏ। ਦੋ-ਚਾਰ ਮੁੰਡੇ ਮੇਰੇ ਕੋਲ ਆਏ ਤੇ ਆਖਣ ਲੱਗੇ, "ਮਲਿਕ ਸਾਬ੍ਹ, ਅਸਾਂ ਪ੍ਰੋਗਰਾਮ ਬਣਾਇਆ ਹੈ ਕਿ ਆਉਂਦੇ ਐਤਵਾਰ ਨੂੰ ਰਾਵੀ ਪਾਰ ਸ਼ਾਹਦਰੇ ਮਕਬਰਾ ਜਹਾਂਗੀਰ ਅਤੇ ਨੂਰਜਹਾਂ ਦੀ ਬਾਰਾਂਦਰੀ 'ਤੇ ਜਾ ਕੇ ਅੰਬਾਂ ਦੀ ਪਾਰਟੀ ਕੀਤੀ ਜਾਏ । ਬੇਨਤੀ ਹੈ ਕਿ ਤੁਸੀਂ ਵੀ ਸਾਡੇ ਨਾਲ ਚੱਲੋ।" ਮੈਂ ਵੀ ਜੇ ਜਮਾਤ ਦਾ ਹੀ ਮੁੰਡਾ ਹੁੰਦਾ ਤਾਂ ਇਸ ਪ੍ਰੋਗਰਾਮ ਦਾ ਮੋਹਰੀ ਹੁੰਦਾ, ਪਰ ਮੇਰੀ ਉਮਰ ਅਤੇ ਨੌਕਰੀ ਨੂੰ ਇਹ ਸਵਾਦ ਰਾਸ ਨਹੀਂ ਸੀ ਆਉਂਦਾ। ਮੌਜ ਮੇਲੇ ਅਤੇ ਹਾਸੇ ਖੇਡਾਂ ਮੈਨੂੰ ਅੱਜ ਵੀ ਪਿਆਰੇ ਨੇ। ਆਪਣੀ ਉਮਰ ਨੂੰ ਮੈਂ ਆਪਣੇ ਸ਼ੁਗਲ ਦਾ ਖੇਤ ਨਹੀਂ ਉਜਾੜਨ ਦਿੱਤਾ। ਮੈਂ ਆਪਣੀ ਤਬੀਅਤ ਦੇ ਹਿਣਕਦੇ ਘੋੜੇ ਦੀ ਲਗਾਮ

ਆਪਣੀ ਉਮਰ ਦੇ ਹੱਥੀਂ ਨਹੀਂ ਫੜਾ ਸਕਦਾ । ਇਹ ਉਮਰ ਮੇਰੀ ਮੌਤ ਵੱਲ ਵਧ ਰਹੀ ਹੈ ਪਰ ਜਿਉਂਦੀ ਜਾਣੇ ਉਹ ਮੇਰੇ ਹਾਸਿਆਂ ਦਾ ਸੰਘ ਨਹੀਂ ਘੁੱਟ ਸਕਦੀ । ਪਰ ਬਤੌਰ ਇਕ ਉਸਤਾਦ ਮੈਨੂੰ ਜਾਅਲੀ ਅਤੇ ਨਕਲੀ ਜਿਹੀ ਜ਼ਿੰਦਗੀ ਬਤੀਤ ਕਰਨੀ ਪੈਂਦੀ ਸੀ । ਆਪਣੇ ਵਰਤਾਰੇ ਅਤੇ ਸੰਜੀਦਗੀ ਦਾ ਮਸਨੂਈ ਖੋਲ ਚੜ੍ਹਾ ਕੇ ਦਾਨਾ-ਪਰਧਾਨਾ ਬਣਨ ਦਾ ਡਰਾਮਾ ਕਰਨਾ ਪੈਂਦਾ ਸੀ । ਇਸ ਕਰ ਕੇ ਮੈਂ ਮੁੰਡਿਆਂ ਨੂੰ ਆਖਿਆ, "ਤੁਹਾਡੇ ਮੌਜ ਮੇਲੇ ਨਾਲ ਮੇਰਾ ਕੀ ਕੰਮ?"

ਉਹ ਆਖਣ ਲੱਗੇ, "ਸਰ, ਅਸੀਂ ਤੁਹਾਨੂੰ ਇੱਜ਼ਤ ਦੇਣਾ ਚਾਹੁੰਦੇ ਹਾਂ।"

ਮੈਂ ਕਿਹਾ, "ਜਵਾਨੋ, ਤੁਸੀਂ ਇਸ ਦਾਅਵਤ ਦੀ ਇੱਜ਼ਤ ਦੇ ਰਹੇ ਹੋ ਜਾਂ ਰਿਸ਼ਵਤ? ਤੁਹਾਡੇ ਪੈਸਿਆਂ ਦੇ ਮੁਫ਼ਤ ਅੰਬ ਖਾਣਾ ਰਿਸ਼ਵਤ ਹੀ ਤਾਂ ਹੈ।"

ਇਕ ਮੁੰਡਾ ਪੜ੍ਹਾਈ ਵਿੱਚ ਹੁਸ਼ਿਆਰ ਅਤੇ ਉਂਵ ਵੀ ਚੁਸਤ-ਚਲਾਕ ਸੀ। ਉਹ ਆਖਣ ਲੱਗਾ, "ਸਰ, ਸਾਰੀ ਰੇਲਵੇ ਜਾਣਦੀ ਹੈ ਕਿ ਤੁਸੀਂ ਰਿਸ਼ਵਤ ਨਹੀਂ ਖਾਂਦੇ। ਅਸੀਂ ਰਿਸ਼ਵਤ ਦੇਣ ਦੀ ਗੁਸਤਾਖ਼ੀ ਕਿਵੇਂ ਕਰ ਸਕਦੇ ਹਾਂ?"

ਮੈਂ ਕਿਹਾ, "ਕਾਕਾ! ਜਿਹੜਾ ਰਿਸ਼ਵਤ ਨਾ ਖਾਏ ਉਸ ਨੂੰ ਅੰਬ ਖਵਾ ਕੇ ਕਾਣਾ ਕੀਤਾ ਜਾਂਦਾ ਹੈ । ਤੁਹਾਡੇ ਅੰਬਾਂ ਦੀ ਮੌਜ ਲੁਟ ਕੇ ਜਦੋਂ ਮੈਂ ਕਿਸੇ ਨੂੰ ਇਮਤਿਹਾਨ ਵਿੱਚੋਂ ਫ਼ੇਲ੍ਹ ਕੀਤਾ ਤਾਂ ਉਸ ਆਖਣੈ ਅੰਬ ਵੀ ਖਾਨੈਂ ਤੇ ਫ਼ੇਲ੍ਹ ਵੀ ਕਰਨੈਂ ਨਮਕ ਹਰਾਮਾ।" ਮੁੰਡੇ ਥੱਲੇ ਮੂੰਹ ਕਰ ਕੇ ਹੱਸੇ ਤੇ ਮੈਂ ਆਖਿਆ, "ਕਮਲਿਓ, ਮੈਨੂੰ ਨਾਲ ਖੜ ਕੇ ਆਪਣੀ ਖੇਡ ਖ਼ਰਾਬ ਨਾ ਕਰੋ। ਉੱਥੇ ਤੁਸਾਂ ਮਖ਼ੌਲ ਠੱਠਾ ਅਤੇ ਗਾਲ੍ਹ ਮੰਦਾ ਵੀ ਕਰਨਾ ਹੁੰਦੈ, ਮੇਰੀ ਇੱਜ਼ਤ ਕਰ ਕੇ ਆਪਣੀ ਲੱਜ਼ਤ ਖ਼ਰਾਬ ਨਾ ਕਰੋ।"

ਇਕ ਨੇ ਵਿੱਚੋਂ ਆਖਿਆ, "ਨਹੀਂ ਸਰ, ਅਸੀਂ ਗਾਲ੍ਹਾਂ ਤਾਂ ਨਹੀਂ ਕੱਢਦੇ।"

ਮੈਂ ਕਿਹਾ, "ਜਾ ਓਏ ਢੇਕਿਆ, ਜਿਹਨੇ ਪੰਜਾਬੀ ਹੋ ਕੇ ਵੀ ਜਵਾਨੀ ਵਿੱਚ ਗਾਲ੍ਹ ਨਹੀਂ ਕੱਢੀ, ਸਮਝੋ ਉਹ ਜੰਮ ਕੇ ਹੀ ਮੁਕਰ ਗਿਐ। ਜਾਉ ਹੁਣ ਮੈਥੋਂ ਪੰਜਾਬੀਆਂ ਦੀ ਜਵਾਨੀ ਅਤੇ ਜਵਾਨੀਆਂ ਦੇ ਤਕਾਜ਼ੇ ਨਾ ਪੁੱਛੋ।"



ਮੁੰਡੇ ਕੱਛਾਂ ਵਿੱਚ ਮੂੰਹ ਦੇ ਕੇ ਹੱਸਦੇ ਹੱਸਦੇ ਚਲੇ ਗਏ ਤੇ ਥੋੜ੍ਹੀ ਵਿੱਥ ਤੋਂ ਹੀ ਮੈਂ ਫਿਰ ਅਵਾਜ਼ ਮਾਰ ਲਈ । ਉਹ ਖ਼ੁਸ਼ ਹੋ ਕੇ ਪਰਤੇ ਕਿ ਸ਼ਾਇਦ ਮੈਂ ਅੰਬ ਖਾਣ ਲਈ ਰਾਜ਼ੀ ਹੋ ਗਿਆ ਹਾਂ, " ਨਾ ਮੈਂ ਤੁਹਾਡੀ ਖੇਡ ਖ਼ਰਾਬ ਕਰਾਂਗਾ ਤੇ ਨਾ ਹੀ ਅੰਬ ਖਾ ਕੇ ਲੋਕਾਂ ਕੋਲੋਂ ਗਾਲ੍ਹਾਂ ਖਾਵਾਂਗਾ। ਪਰ ਤੁਹਾਡਾ ਪ੍ਰੋਗਰਾਮ ਸੁਣ ਕੇ ਮੈਨੂੰ ਸ਼ਾਹਦਰੇ ਵੱਸਣ ਵਾਲਾ ਪੀਰ ਬਸ਼ੀਰ ਸ਼ਾਹ ਯਾਦ ਆ ਗਿਆ ਹੈ । ਉੱਥੇ ਪਤਾ ਕਰਿਉ ਕਿ ਮੋਚੀਪੁਰੇ ਮੋੜ ਉੱਤੇ ਉਸ ਦਾ ਆਸਤਾਨਾ ਜਾਂ ਡੇਰਾ ਹੈ । ਮੈਂ ਪੀਰ ਨੂੰ ਮਿਲਣਾ ਚਾਹੁੰਦਾ ਹਾਂ । ਤੁਸੀਂ ਉਸ ਦਾ ਥਾਂ ਠਿੱਠਾ ਵੇਖ ਆਇਉ।"

ਦੂਜੇ ਦਿਹਾੜੇ ਮੈਂ ਜਮਾਤ ਵਿੱਚ ਵੜਿਆ ਹੀ ਸਾਂ ਕਿ ਇਕ ਮੁੰਡਾ ਉੱਠ ਕੇ ਆਖਣ ਲੱਗਾ, "ਸਰ, ਮੈਂ ਪੀਰ ਸਾਬ੍ਹ ਦਾ ਡੇਰਾ ਵੇਖ ਆਇਆ ਹਾਂ।" ਮੈਂ ਖ਼ੁਸ਼ ਹੋ ਕੇ ਆਖਿਆ, "ਬੜੀ ਛੇਤੀ ਕੀਤੀ ਊ ਜਵਾਨਾ।"

ਉਸ ਆਖਿਆ, "ਜਨਾਬ ਸ਼ਾਹਦਰਾ ਦੂਜਾ 'ਟੇਸ਼ਨ ਹੀ ਤਾਂ ਹੈ ਲਾਹੌਰ ਤੋਂ। ਕੱਲ੍ਹ ਤੁਹਾਡੇ ਘਰੋਂ ਨਿਕਲ ਕੇ ਮੈਂ ਸਿੱਧਾ ਸ਼ਾਹਦਰੇ ਚਲਾ ਗਿਆ । ਮੋਚੀਪੁਰੇ ਮੋੜ ਉੱਤੇ ਅੱਪੜਿਆ ਤਾਂ ਡੇਰਾ ਸੌਖਾ ਹੀ ਲੱਭ ਗਿਆ ਕਿਉਂਕਿ ਪੀਰ ਸਾਬ੍ਹ ਮਸ਼ਹੂਰ ਆਦਮੀ ਨੇ।"

ਮੁੰਡੇ ਨੂੰ ਸ਼ਾਬਾਸ਼ ਆਖ ਕੇ ਪੁੱਛਿਆ, "ਜਾਵੇਦ ਤੂੰ ਡੇਰਾ ਹੀ ਵੇਖ ਕੇ ਪਰਤ ਆਇਐਂ ਜਾਂ ਪੀਰ ਬਸ਼ੀਰ ਸ਼ਾਹ ਦੇ ਦਰਸ਼ਨ ਵੀ ਕੀਤੇ ਸਨ?" ਉਹ ਆਖਣ ਲੱਗਾ, "ਸਰ, ਮੈਂ ਪੀਰ ਸਾਬ੍ਹ ਨੂੰ ਵੇਖਿਆ ਤੇ ਮਿਲਿਆ ਵੀ ਹਾਂ ਤੇ ਉਨ੍ਹਾਂ ਦੇ ਗੋਡਿਆਂ ਨੂੰ ਹੱਥ ਵੀ ਲਾਇਆ ਸੀ।"

ਮੈਨੂੰ ਹਾਸਾ ਆ ਗਿਆ ਤੇ ਐਵੇਂ ਵਗੋਤਰੀ ਮੇਰੇ ਮੂੰਹੋਂ ਨਿਕਲ ਗਿਆ, "ਦੱਸ ਜਾਵੇਦ ਕੀ ਹੱਥ ਲਾ ਕੇ ਆਪਣੇ ਹੱਥ ਵੀ ਧੋਤੇ ਸਨ ਕਿ ਨਹੀਂ?"

ਸਾਰੇ ਮੁੰਡੇ ਹੱਕੇ-ਬੱਕੇ ਹੋ ਕੇ ਵੇਖਣ ਲੱਗ ਪਏ । ਜਾਵੇਦ ਨੇ ਕੋਈ ਜਵਾਬ ਨਾ ਦਿੱਤਾ ਪਰ ਉਸ ਦੇ ਮੂੰਹ ਉੱਤੇ ਸੈਂਕੜੇ ਹੀ ਸਵਾਲ ਸਨ ਜਿਹੜੇ ਉਹ ਪੁੱਛ ਨਾ ਸਕਿਆ। ਮੈਂ ਬਸ਼ੀਰੇ ਦੀ ਭੰਡੀ ਤਾਂ ਨਾ ਕੀਤੀ ਪਰ ਇਕ ਪੀਰੀਅਡ ਰੇਲਵੇ ਦੀ ਬਜਾਏ ਪੀਰੀ, ਮੁਰੀਦੀ ਅਤੇ ਸ਼ਰਧਾ ਦੇ ਸ਼ੁਦਾਅ ਉੱਤੇ ਹੀ ਲੰਘ ਗਿਆ । ਮੁੰਡਿਆਂ ਨੂੰ ਬਸ਼ੀਰੇ ਦੀ ਪੀਰੀ ਉੱਤੇ ਸ਼ੱਕ ਤਾਂ ਪੈ ਗਿਆ ਪਰ ਉਨ੍ਹਾਂ ਗੱਲ ਦਾ ਨਖੇੜਾ ਇਸ ਕਰ ਕੇ ਨਾ ਕੀਤਾ ਕਿ ਹੋ ਸਕਦਾ ਹੈ ਕਿ ਉਹ ਅਮੀਨ ਮਲਿਕ ਦਾ ਕੋਈ ਸ਼ਰਧਾ ਭਰਿਆ ਕਣੀ ਵਾਲਾ ਕੋਈ ਜਾਣੀ-ਜਾਣ ਪੀਰ ਹੋਵੇ ।

ਬਸ਼ੀਰੇ ਦੀਆਂ ਯਾਦਾਂ ਨਾਲ ਕੁਝ ਚਿਰ ਹੋਰ ਖੇਡਣ ਲਈ ਮੈਂ ਜਾਵੇਦ ਨੂੰ ਪੁੱਛਿਆ, “ਓਏ ਜਾਵੇਦ, ਪੀਰ ਸਾਬ੍ਹ ਦੀ ਡੀਲ ਡੌਲ, ਰੰਗ ਢੰਗ ਅਤੇ ਸਰੀਰਕ ਜੁਗਰਾਫ਼ੀਆ ਕਿਵੇਂ ਦਾ ਸੀ?” ਉਹ ਝਕਦਾ-ਝਕਦਾ ਆਖਣ ਲੱਗਾ, “ਮਲਿਕ ਸਾਬ੍ਹ ਉਹਦਾ ਵਾਹਵਾ ਉੱਚਾ ਲੰਮਾ ਤੇ ਭਾਰਾ ਜਿਹਾ ਜੁੱਸਾ ਸੀ । ਕਾਲੇ ਰੰਗ ਨਾਲ ਰੰਗੀ ਹੋਈ ਲੰਮੀ ਸਾਰੀ ਦਾੜ੍ਹੀ ਸੀ ਤੇ ਰੰਗ ਵਾਹਵਾ ਸੌਲਾ ਪੱਕਾ ਸੀ ।”

ਮੈਂ ਕਿਹਾ, “ਜਾਵੇਦ ਤੂੰ ਚੰਗੇ ਭਲੇ ਕਾਲੇ ਲਾਖੇ ਰੰਗ ਨੂੰ ਸੌਲਾ ਪੱਕਾ ਇਸ ਕਰ ਕੇ ਆਖ ਰਿਹੈਂ ਕਿ ਪੀਰ ਸਾਬ੍ਹ ਦੀ ਇੱਜ਼ਤ ਦੇ ਚਾਰ ਕੱਖ ਰਹਿ ਜਾਣ।” ਸਾਰੀ ਕਲਾਸ ਹੱਸ ਪਈ ਤੇ ਪੀਰੀਅਡ ਮੁੱਕ ਗਿਆ ।

ਜਦੋਂ ਦਾ ਬਸ਼ੀਰੇ ਮਰਾਸੀ ਬਾਰੇ ਸੁਣਿਆ, ਮੇਰੇ ਅਤੀਤ ਨੇ ਅੱਤ ਚੁੱਕ ਲਈ ਤੇ ਪਿੰਡ ਰੰਗਲੇ ਦੀਆਂ ਗਲੀਆਂ ਵਿੱਚ ਰੱਜ ਕੇ ਗ਼ਰੀਬੀ ਦਾ ਹੰਡਾਇਆ ਹੋਇਆ ਵੇਲਾ ਤੇ ਉਹ ਰੰਗੀਨ ਘੜੀਆਂ ਉੱਠਦੇ ਬਹਿੰਦੇ ਯਾਦ ਆਣ ਲੱਗ ਪਈਆਂ। ਇਕ ਦਿਨ ਦੁਨੀਆਂ ਦੇ ਝਮੇਲਿਆਂ ਕੋਲੋਂ ਧੱਕੇ ਨਾਲ ਪੱਲਾ ਛੁਡਾ ਕੇ ਸ਼ਾਹਦਰੇ ਵਾਲੀ ਗੱਡੀ ਬਹਿ ਗਿਆ ।

ਚਾਲੀ ਵਰ੍ਹੇ ਪਹਿਲਾਂ ਦੀ ਗੁਜ਼ਾਰੀ ਹੋਈ ਹਿਆਤੀ ਦੀ ਕਲਪਨਾ ਜਾਂ ਤਸੱਵੁਰ ਕਰਦਾ ਹੋਇਆ ਸ਼ਾਹਦਰੇ ਦੇ ਮੁਹੱਲੇ ਮੋਚੀਪੁਰੇ ਵੜਿਆ ਤਾਂ ਇੰਞ ਮਹਿਸੂਸ ਹੋਇਆ ਜਿਵੇਂ ਅੱਜ ਮੇਰੇ ਕਲਬੂਤ ਵਿੱਚ ਕੋਈ ਹੋਰ ਹੀ ਰੂਹ ਵੜ ਕੇ ਬਹਿ ਗਈ ਹੈ । ਅਮੀਨ ਮਲਿਕ ਦੀ ਬਜਾਏ ਮੀਨਾ ਰੰਗਲੇ ਵਾਲਾ ਬਣ ਗਿਆ । ਮੈਂ ਆਪਣੇ ਵਜੂਦ ਵਿੱਚੋਂ ਨਿਕਲਿਆ ਹੋਇਆ ਇਕ ਨਵਾਂ ਇਨਸਾਨ ਮਹਿਸੂਸ ਕਰ ਰਿਹਾ ਸਾਂ । ਇੰਞ ਲੱਗਦਾ ਸੀ ਰੰਗਲੇ ਦੀਆਂ ਸੌੜੀਆਂ ਗਲੀਆਂ ਅਤੇ ਝੋਨੇ ਦੀਆਂ ਵੱਟਾਂ ਉੱਤੇ ਤੁਰ ਰਿਹਾ ਹਾਂ । ਇਕ ਸੋਚ ਨੇ ਹੁੱਜ ਵੀ ਮਾਰੀ ਕਿ ਲੋਕ ਤਾਂ ਚੜ੍ਹਦੇ ਸੂਰਜ ਜਾਂ ਅੱਜ ਦੀ ਪੂਜਾ ਕਰਦੇ ਹਨ ਅਤੇ ਮੈਂ ਆਪਣੇ ਬੀਤੇ ਕੱਲ੍ਹ ਨੂੰ ਕਲਾਵੇ ਮਾਰੀ ਫਿਰਦਾ ਹਾਂ । ਆਪਣੀ ਅੱਜ ਦੀ ਹਰੀ ਭਰੀ ਫ਼ਸਲ ਦੀ ਰਾਖੀ ਛੱਡ ਕੇ ਮੁੱਦਤਾਂ ਦੀ ਉੱਜੜੀ ਹੋਈ ਉਜਾੜ ਨੂੰ ਵਾੜ ਦੇਂਦਾ ਫਿਰਦਾ ਹਾਂ । ਅੱਜ ਮੈਂ ਖ਼ੁਸ਼ਹਾਲੀ ਵਿੱਚ ਗ਼ਰੀਬੀ ਅਤੇ ਭੁੱਖਾਂ ਤੋਂ ਆਜ਼ਾਦ ਸਾਂ ਪਰ ਕਿਸੇ ਵੇਲੇ ਉਨ੍ਹਾਂ ਗੁਜ਼ਾਰੀਆਂ ਹੋਈਆਂ ਵਿਰਾਨੀਆਂ ਪ੍ਰੇਸ਼ਾਨੀਆਂ ਨੂੰ ਯਾਦ ਕਰਦੇ ਹੋਏ ਆਪਣੇ ਅਤੀਤ ਦੇ ਗਲ ਲੱਗ ਕੇ ਰੋਣ ਨੂੰ ਜੀ ਕਰਦਾ ਸੀ । ਅੱਜ ਸੋਚਦਾ ਹਾਂ ਕਿ ਹੰਡਾਏ ਹੋਏ ਵਕਤ ਵਾਅਦਿਆਂ ਨੂੰ ਚੇਤੇ ਰੱਖਣ ਨਾਲ ਬੰਦੇ ਦੀ ਇਨਸਾਨੀਅਤ ਦਾ ਖੇਤ ਹਰਾ ਰਹਿੰਦਾ ਹੈ । ਕਬਰਾਂ ਵਿੱਚ ਕਦੀ-



ਕਦੀ ਫੇਰਾ ਪਾਉਂਦੇ ਰਹੀਏ ਤਾਂ ਮੌਤ ਚੇਤੇ ਰਹਿੰਦੀ ਹੈ । ਮੌਤ ਚੇਤੇ ਰਹੇ ਤਾਂ ਜ਼ਿੰਦਗੀ ਦੀ ਰਾਹ ਉੱਤੇ ਤੁਰਦੇ ਹੋਏ ਗੁਨਾਹਾਂ ਦਾ ਠੇਡਾ ਘੱਟ ਹੀ ਲੱਗਦਾ ਹੈ । ਨਾਲੇ ਹਰ ਡਿੱਗਾ-ਢੱਠਾ ਬੰਦਾ ਕੀੜੇ-ਮਕੌੜੇ ਦੀ ਬਜਾਏ ਇਨਸਾਨ ਹੀ ਨਜ਼ਰ ਆਉਂਦਾ ਹੈ । ਉਂਞ ਵੀ ਗ਼ਰੀਬੀ ਨੂੰ ਫ਼ਰਾਮੋਸ਼ ਨਾ ਕੀਤਾ ਜਾਏ ਤਾਂ ਅਮੀਰੀ ਹੰਢਾਉਣ ਦਾ ਸਵਾਦ ਦੁਗਣਾ ਹੋ ਜਾਂਦਾ ਹੈ । ਜਿਵੇਂ ਬਿਮਾਰੀ ਯਾਦ ਨਾ ਆਵੇ ਤਾਂ ਤੰਦਰੁਸਤੀ ਦੀ ਕਦਰ ਭੁੱਲ ਜਾਂਦੀ ਹੈ । ਜ਼ਿੰਦਗੀ ਊਸ਼ਾ ਦਾ ਚਾਨਣ ਹੀ ਨਹੀਂ, ਸੰਧਿਆ ਦੀ ਲਾਲੀ ਵੀ ਹੈ । ਮੈਂ ਖ਼ਿਆਲਾਂ ਵਿੱਚ ਆਪਣੇ ਮਾਜ਼ੀ ਦੀ ਹਸੀਨ ਬਸਤੀ ਵਿੱਚ ਟੁਰਿਆ ਜਾ ਰਿਹਾ ਸਾਂ ਕਿ ਅੱਗੋਂ ਪੀਰ ਸਾਬ੍ਹ ਦਾ ਆਸ਼ਿਆਨਾ ਨਜ਼ਰੀਂ ਪੈ ਗਿਆ। ਮੈਨੂੰ ਇੰਞ ਲੱਗਿਆ ਜਿਵੇਂ ਮੈਂ ਬੁਢਾਪੇ ਦੀ ਵਲਗਣ ਵਿੱਚੋਂ ਨਿਕਲ ਕੇ ਲੜਕਪਨ ਦੇ ਵਿਹੜੇ ਵਿੱਚ ਵੜਨ ਲੱਗਾ ਹਾਂ । ਅੰਦਰ ਵੜਿਆ ਤਾਂ ਵੱਡੇ ਸਾਰੇ ਪਾਣੀ ਤਰੌਂਕੇ ਵਿਹੜੇ ਵਿੱਚ ਗਾੜ੍ਹੀ ਰੁੱਖਾਂ ਦੀ ਠੰਢੀ ਛਾਵੇਂ ਪੈਰਾਂ ਪਰਨੇ ਬੈਠੇ ਸ਼ਰਧਾਲੂ ਪੀਰ ਸਾਬ੍ਹ ਦਾ ਦੀਦਾਰ ਕਰਦੇ ਹੋਏ ਆਪਣੀਆਂ-ਆਪਣੀਆਂ ਮੁਰਾਦਾਂ ਦੀ ਆਸ ਲਾਈ ਬੈਠੇ ਸਨ। ਮੈਂ ਇਕ ਲੰਮੇ ਜਿਹੇ ਬਾਬੇ ਦਾ ਉਹਲਾ ਲੈ ਕੇ ਬਹਿ ਗਿਆ ਕਿ ਪਹਿਲਾਂ ਪੀਰ ਸਾਬ੍ਹ ਦੇ ਕਾਰੇ, ਚਾਲੇ ਅਤੇ ਗੱਲਾਂ-ਬਾਤਾਂ ਸੁਣਾਂ ਕਿ ਬਸ਼ੀਰੇ ਮਰਾਸੀ ਤੋਂ ਪੀਰ ਸਈਅਦ ਬਸ਼ੀਰ ਸ਼ਾਹ ਕਿਵੇਂ ਬਣੀਦਾ ਹੈ, ਇਹ ਢਿੱਡ ਦੀ ਅੱਗ ਇਨਸਾਨਾਂ ਨੂੰ ਬਹਿਰੂਪੀਏ ਬਣਾ ਕੇ ਕਿਹੜੇ ਕਿਹੜੇ ਖੇਖਣ ਕਰਾਉਂਦੀ ਹੈ ਅਤੇ ਇਹ ਤਵੇ ਉੱਤੇ ਤੜਫ਼ਣ ਵਾਲੀ ਰੋਟੀ ਇਨਸਾਨ ਨੂੰ ਕਿਵੇਂ ਤੜਫ਼ਾਉਂਦੀ ਨਚਾਉਂਦੀ ਹੈ?

ਸਿਰ ਉੱਤੇ ਜੋਗੀਆ ਰੰਗ ਦੀ ਵੱਡੀ ਸਾਰੀ ਪੱਗ, ਪੱਗ ਤੋਂ ਬਾਹਰ ਨਿਕਲੇ ਮੋਢਿਆਂ ਉੱਤੇ ਪਏ ਲੰਮੇ ਲੰਮੇ ਵਾਲ। ਦਾੜ੍ਹੀ ਲਈ ਕੋਈ ਹੱਦਬੰਨਾ ਜਾਂ ਰੋਕ-ਟੋਕ ਨਹੀਂ ਸੀ, ਉਹ ਜਿੰਨੀ ਮਰਜ਼ੀ ਵਧ ਜਾਏ ਅਤੇ ਜਿੱਧਰ ਨੂੰ ਚਾਹੇ ਚਲੀ ਜਾਏ। ਬਸ ਇਹ ਸ਼ੱਕ ਪੈਣਾ ਚਾਹੀਦਾ ਹੈ ਕਿ ਪੀਰ ਸਾਬ੍ਹ ਦੁਨੀਆਂ ਉੱਤੇ ਆਪਣੇ ਆਪ ਤੋਂ ਵੀ ਬੇਖ਼ਬਰ ਨੇ । ਬਸ ਅੱਲਾਹ ਦੀ ਅੱਲਾਹ। ਗਲ ’ਚ ਲੰਮਾ ਜਿਹਾ ਚੋਲਾ ਕਿਸੇ ਜੋਗੀ ਦੀ ਭਾਅ ਮਾਰ ਰਿਹਾ ਸੀ । ਇਕ ਉੱਚੀ ਸਾਰੀ ਗੱਦੀ ਉੱਤੇ ਬੈਠੇ ਪੀਰ ਸਾਬ੍ਹ ਅੱਧ ਖੁੱਲ੍ਹੀਆਂ ਅੱਖਾਂ ਨਾਲ ਆਪਣੇ ਮੁਰੀਦਾਂ ਦੀ ਹਰ ਹਰਕਤ ਨੂੰ ਵੀ ਤਾੜ ਰਹੇ ਸਨ ਤੇ ਪੈਰਾਂ ਵਿੱਚ ਪੈਸੇ ਰੱਖਣ ਵਾਲਿਆਂ ਦੇ ਪਿੰਡੇ ਉੱਤੇ ਥਾਪੜਾ ਦੇ ਕੇ ਉਂਗਲੀ ਅਸਮਾਨ ਵੱਲ ਕਰ ਕੇ ਰੱਬ ਵੱਲ ਵੇਖਦੇ । ਇਸ ਤਰ੍ਹਾਂ ਕਰਨ ਨਾਲ ਸ਼ਰਧਾਲੂ ਨੂੰ ਯਕੀਨ ਹੋ ਜਾਂਦਾ ਕਿ ਉਸ ਦੀ ਮੁਰਾਦ ਰੱਬ ਨੂੰ ਦੱਸ ਦਿੱਤੀ ਗਈ ਹੈ ।

ਜਿੰਨਾ ਚਿਰ ਸ਼ੁਦਾਈ ਜਿਊਂਦੇ ਨੇ, ਅਕਲਮੰਦ ਭੁੱਖੇ ਨਹੀਂ ਮਰ ਸਕਦੇ। ਜਿੰਨਾ ਚਿਰ ਘੁੱਗੀਆਂ ਜਿਊਂਦੀਆਂ ਨੇ, ਕਾਵਾਂ ਨੂੰ ਆਂਡੇ ਪੀਣ ਨੂੰ ਲੱਭਦੇ ਹੀ ਰਹਿਣਗੇ। ਪਾਗਲਾਂ ਨਾਲ ਪਾਗਲਖ਼ਾਨੇ ਅਤੇ ਸ਼ੁਦਾਈਆਂ ਨਾਲ ਪੀਰਾਂ-ਬਾਬਿਆਂ ਦੇ ਡੇਰੇ ਬੜੇ ਆਬਾਦ ਰਹਿੰਦੇ ਨੇ । ਵੈਸੇ ਵੀ ਕਈ ਗ਼ਰੀਬਾਂ ਨੂੰ ਗ਼ਰੀਬੀ ਵਿਰਸੇ ਵਿੱਚ ਮਿਲਦੀ ਹੈ ਜਾਂ ਰੱਬ ਵੱਲੋਂ ਹੀ ਬਖ਼ਸ਼ੀ ਜਾਂਦੀ ਹੈ । ਪਰ ਕਈ ਲੋਕ ਗ਼ਰੀਬੀ ਨੂੰ ਆਪ ਸੈਨਤਾਂ ਮਾਰ ਕੇ ਘਰ ਸੱਦ ਲੈਂਦੇ ਨੇ ਜਿਵੇਂ ਘਰ ਭਾਵੇਂ ਬਾਲਾਂ ਲਈ ਲੱਪ ਆਟਾ ਵੀ ਨਾ ਹੋਵੇ ਪਰ ਪੀਰ ਲਈ ਪਤਾਸਿਆਂ ਦਾ ਥਾਲ ਚੁੱਕੀ ਫਿਰਦੇ ਨੇ । ਅੱਗੋਂ ਪੀਰ ਕੋਲ ਨਾ ਰੂਹਾਨੀਅਤ, ਨਾ ਇਨਸਾਨੀਅਤ ਹੁੰਦੀ ਹੈ ਕਿ ਕਿਸੇ ਸ਼ੁਦਾਈ ਦੀ ਗ਼ਰੀਬੀ ਉੱਤੇ ਤਰਸ ਖਾ ਕੇ ਹੀ ਪਤਾਸੇ ਨਾ ਖਾਏ । ਕਿਸੇ ਪੀਰ ਦੀ ਇਸ ਤੋਂ ਵੱਡੀ ਪਰਖ ਪਛਾਣ ਕੀ ਹੈ ਕਿ ਉਸ ਦੇ ਘਰ ਭਾਵੇਂ ਭੜੋਲੇ ਭਰੇ ਪਏ ਹੋਣ ਪਰ ਲੀਰਾਂ ਲੱਥੇ ਕੁੜਤੇ ਵਾਲਾ ਮੁਰੀਦ ਸੱਜਰ ਸੂਈ ਬੱਕਰੀ ਵੀ ਦੇਵੇ ਤਾਂ ਹੱਸ ਕੇ ਲੈ ਲੈਂਦਾ ਹੈ। ਗ਼ਰੀਬ ਦੇ ਘਰ ਚਾਹ ਲਈ ਜਿਹੜਾ ਸਿੱਪੀ ਦੁੱਧ ਸੀ, ਉਹ ਵੀ ਪੀਰ ਪੀ ਗਿਆ। ਪੀਰ ਤਾਂ ਫੜਿਆ ਸੀ ਪੀੜਾਂ ਹਟਾਉਣ ਲਈ ਪਰ ਪੀਰ ਨੇ ਅੱਗੋਂ ਮਾਲੀ, ਜਿਸਮਾਨੀ ਅਤੇ ਸਮਾਜੀ ਦੁੱਖਾਂ ਦੀ ਸੌਗ਼ਾਤ ਪੱਲੇ ਪਾ ਦਿੱਤੀ । ਅਖੇ ਲਾਈਆਂ ਸੁੱਖ ਬਦਲੇ, ਦੁੱਖ ਵੱਢ-ਵੱਢ ਹੱਡਾਂ ਨੂੰ ਖਾਵੇ।

ਅਫ਼ਸੋਸ ਕਿ ਅੱਜ ਮੈਂ ਅੰਨ੍ਹੀ ਸ਼ਰਧਾ ਦਾ ਧੱਕਾ ਵੱਜੇ ਸ਼ੁਦਾਈਆਂ ਦੇ ਵਿਸ਼ੇ ਨੂੰ ਹੱਥ ਪਾ ਬੈਠਾ ਹਾਂ ਕਿ ਸ਼ੁਦਾਅ ਗਲੋਂ ਹੀ ਨਹੀਂ ਲਹਿੰਦਾ । ਉਂਵ ਤਾਂ ਇਹ ਸਭ ਕੁਝ ਚੱਪੇ-ਚੱਪੇ ਉੱਤੇ ਖਿੱਲਰਿਆ ਪਿਆ ਹੈ ਪਰ ਸੱਪ ਦੇ ਮੂੰਹੋਂ ਡੱਡੀ ਕੌਣ ਛੁਡਾਵੇ? ਚੌਧਰਾਣੀ ਦਾ ਨੰਗੇਜ ਦੱਸ ਕੇ ਲਿੰਗ ਕੌਣ ਤੁੜਵਾਏ? ਇਸ ਸਮਾਜੀ ਬਰਬਾਦੀ ਦੇ ਖੇਡ ਵਿਰੁੱਧ ਬੋਲਣ ਵਾਲੇ ਦੀ ਜੀਭ ਖਿੱਚਣ ਵਾਲੇ ਰਾਹ ਡੱਕ ਕੇ ਜਿਊਣਾ ਹਰਾਮ ਕਰ ਦੇਂਦੇ ਨੇ । ਉਸ ਨੂੰ ਬਾਗ਼ੀ ਤੋਂ ਵੱਖ ਕਾਫ਼ਰ ਵੀ ਆਖਿਆ ਜਾਂਦਾ ਹੈ । ਉਸ ਦੇ ਨਸੀਬ ਵਿੱਚ ਮੁਕੱਦਮੇ ਅਤੇ ਜੇਲ-ਜੁਰਮਾਨੇ ਵੀ ਲਿਖੇ ਜਾਂਦੇ ਨੇ । ਇਸ ਭਲਾਈ ਕਰਨ ਦੇ ਜੁਰਮ ਵਿੱਚ ਕਈ ਮਨਸੂਰ ਫ਼ਾਂਸੀ ਵੀ ਚੜ੍ਹ ਚੁੱਕੇ ਨੇ ।

ਗੱਦੀਨਸ਼ੀਨ ਪੀਰਾਂ ਬਾਬਿਆਂ ਦੇ ਖ਼ਾਨਵਾਦੇ ਵਿੱਚ ਇਕ ਖੇਡ ਦਾ ਨਾਂ 'ਗੱਦੀਨਸ਼ੀਨ' ਜਾਂ ਸਜਾਦਾਨਸ਼ੀਨ ਵੀ ਹੈ । ਇਹ ਗੱਦੀ ਨਸ਼ੀਨ ਇੰਵ, ਹੀ ਹੈ ਜਿਵੇਂ ਦਾਦੇ-ਪੜਦਾਦੇ ਦੀ ਮਲਕੀਅਤ ਪੋਤੇ-ਪੜਪੋਤੇ ਨੂੰ ਵਿਰਸੇ ਵਿੱਚ ਮਿਲਦੀ ਹੈ । ਕੋਈ ਬਜ਼ੁਰਗ ਅੱਲਾਹ ਵਾਲਾ ਰੱਬ ਦਾ ਜੀਅ ਆਪਣੀ ਨੇਕੀ,



ਸ਼ਰਾਫ਼ਤ ਅਤੇ ਬਜ਼ੁਰਗੀ ਕਾਰਨ ਦੁਨੀਆਂ ਵਿੱਚੋਂ ਇੱਜ਼ਤ ਕਮਾ ਕੇ ਚਲਾਣਾ ਕਰ ਜਾਏ ਤਾਂ ਉਸ ਦੇ ਸਕੇ-ਸੋਧਰੇ ਉਸ ਦੀ ਕਬਰ ਉੱਤੇ ਮਜ਼ਾਰ ਬਣਾ ਕੇ ਮੱਲ ਮਾਰ ਲੈਂਦੇ ਨੇ । ਇਸ ਮਜ਼ਾਰ ਨੂੰ ਗੱਦੀ ਆਖ ਕੇ ਵੱਡਾ ਪੁੱਤਰ ਉਸ ਦਾ ਗੱਦੀਨਸ਼ੀਨ ਜਾਂ ਸਜਾਦਾਨਸ਼ੀਨ ਬਣ ਬੈਠਦਾ ਹੈ । ਇੰਵ ਹੀ ਇਹ ਗੱਦੀਨਸ਼ੀਨ ਵਾਰਸ ਮਰੇ ਹੋਏ ਬਜ਼ੁਰਗ ਦੇ ਰੁਤਬੇ ਅਤੇ ਉਸੇ ਹੀ ਇੱਜ਼ਤ ਦਾ ਵਾਰਸ ਅਖਵਾਣ ਲੱਗ ਪੈਂਦਾ ਹੈ ।

ਇੱਥੇ ਹੁਣ ਸ਼ੁਦਾਈਆਂ ਦੇ ਸ਼ੁਦਾਅ ਦਾ ਭਰਪੂਰ ਕੰਮ ਸ਼ੁਰੂ ਹੁੰਦਾ ਹੈ । ਇਕ ਅੱਲਾਹ ਵਾਲੇ ਦੀ ਕਬਰ ਉੱਤੇ ਬੈਠਣ ਵਾਲੇ ਦੁਨੀਆਂਦਾਰ ਕਾਰੋਬਾਰੀ ਦੀ ਵੀ ਉਹੀ ਸ਼ਰਧਾ ਸ਼ੁਰੂ ਹੋ ਜਾਂਦੀ ਹੈ ਜਿਹੜੀ ਦੁਨੀਆਂ ਤੋਂ ਮੁਕਤ ਹੋ ਕੇ ਅੱਲਾਹ ਦੇ ਭਗਤ ਨੇ ਕਮਾਈ ਸੀ । ਮਰਨ ਵਾਲਾ ਬਜ਼ੁਰਗ ਤਾਂ ਆਪਣੀ ਬਜ਼ੁਰਗੀ ਜਾਂ ਭਲਾਈ ਦੀ ਰਕਮ ਨਹੀਂ ਸੀ ਵੱਟਦਾ, ਜਿਹੜਾ ਆਪਣੀ ਫ਼ਕੀਰੀ ਨੂੰ ਲੈ ਕੇ ਹੀ ਦੁਨੀਆਂ ਤੋਂ ਚਲਾ ਗਿਆ; ਪਰ ਗੱਦੀਨਸ਼ੀਨ ਹੁਣ ਕਬਰ ਦੀ ਕਮਾਈ ਅਤੇ ਮਰਨ ਵਾਲੇ ਦੀ ਬਜ਼ੁਰਗੀ ਦਾ ਛਾਬਾ ਲਾ ਕੇ ਬੈਠ ਗਿਆ ਹੈ । ਜਿਸ ਛਾਬੇ ਵਿੱਚ ਰੂਹਾਨੀਅਤ, ਬਜ਼ੁਰਗੀ ਅਤੇ ਫ਼ਕੀਰੀ ਦੀ ਬਜਾਏ ਧੋਖਾ, ਝੂਠ, ਦਗ਼ਾ ਅਤੇ ਫ਼ਰੇਬ ਵੇਚ ਰਿਹਾ ਹੈ । ਉੱਤੋਂ ਸ਼ੁਦਾਈ ਵੀ ਸ਼ਰਧਾ ਦੇ ਦਾਣਿਆਂ ਦੀ ਝੋਲੀ ਭਰ ਭਰ ਕੇ ਆਉਂਦੇ ਅਤੇ ਇਸ ਖ਼ਾਲੀ ਛਾਬੇ ਵਿੱਚੋਂ ਭੁਲੇਖੇ ਦਾ ਕੀੜੇ ਪਿਆ ਸੌਦਾ ਖ਼ਰੀਦੀ ਜਾਂਦੇ ਹਨ । ਇਹ ਵੀ ਯਾਦ ਰਹੇ ਕਿ ਕਈ-ਕਈ ਗੱਦੀਆਂ, ਯਾਨੀ ਕਿ ਮਜ਼ਾਰਾਂ ਦੇ ਨਾਂ, ਦਸ-ਦਸ ਮੁਰੱਬੇ ਜ਼ਮੀਨ ਵੀ ਹੈ ਜੋ ਗੱਦੀ ਨਸ਼ੀਨ ਦੀ ਜ਼ਾਤੀ ਮਲਕੀਅਤ ਬਣ ਜਾਂਦੀ ਹੈ ।

ਇਕ ਸਾਬਕਾ ਆਈ.ਸੀ.ਐਸ. ਡਿਪਟੀ ਕਮਿਸ਼ਨਰ ਜ਼ਿਲ੍ਹਾ ਝੰਗ ਦੇ ਸਵਰਗੀ ਕੁਦਰਤਉੱਲਾਹ ਸ਼ਹਾਬ ਆਪਣੀ ਜੀਵਨੀ 'ਸ਼ਹਾਬਨਾਮਾ' ਵਿੱਚ ਇਕ ਗੱਦੀਨਸ਼ੀਨ ਦਾ ਅੱਖੀਂ ਡਿੱਠਾ ਹਾਲ ਲਿਖਦੇ ਨੇ, ਜੋ ਉਨ੍ਹਾਂ ਦੇ ਸ਼ਬਦਾਂ ਵਿੱਚ ਹੀ ਅਰਜ਼ ਕਰ ਰਿਹਾ ਹਾਂ । ਉਹ ਲਿਖਦੇ ਨੇ "ਮੈਂ ੧੯੫੨ ਵਿੱਚ ਬਤੌਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਝੰਗ ਦਾ ਚਾਰਜ ਲਿਆ ਤੇ ਇਕ ਬਹੁਤ ਵੱਡੀ ਗੱਦੀ ਦੇ ਸਜਾਦਾਨਸ਼ੀਨ ਦਾ ਮੈਨੂੰ ਤਆਰੁਫ਼ੀ ਕਾਰਡ ਮਿਲਿਆ। ਕਾਰਡ ਦੀ ਲਿਖਤ ਕੁਝ ਇੰਵ ਸੀ 'ਪੀਰ ਫ਼ਖ਼ਰ ਆਸ਼ਿਕਾਂ, ਆਫ਼ਤਾਬ ਮਾਹਤਾਬ, ਜਨਾਬ ਮਖ਼ਦੂਮਜ਼ਾਦਾ ਗ਼ੁਲਾਮ ਮੁਰਸ਼ਿਦ ਖ਼ਾਂ ਸਾਹਬ। ਪੀਰ, ਲੈਂਡਲਾਰਡ ਐਂਡ ਲੀਡਰ।' ਮੈਂ ਕਾਰਡ ਪੜ੍ਹ ਕੇ ਹੈਰਾਨ ਹੋਇਆ ਕਿ ਪੀਰ ਸਾਬ੍ਹ ਲੈਂਡਲਾਰਡ ਅਤੇ ਲੀਡਰ ਵੀ ਨੇ? ਫਿਰ ਮੈਨੂੰ ਉੱਥੇ ਜਾਣ ਦਾ ਸ਼ੌਕ ਕੁੱਦਿਆ ਅਤੇ ਵੇਖਿਆ

ਕਿ ਪੱਕੀ ਸੜਕ ਉੱਤੇ ਚਲਾਉਣ ਵਾਸਤੇ ਉਨ੍ਹਾਂ ਕੋਲ ਕਾਰ ਮਾਸਟਰ ਬਾਈਕ, ਕੱਚੀ ਸੜਕ ਲਈ ਸ਼ੈਵਰਲੇ ਜਾਂ ਸਟੇਸ਼ਨ ਵੈਗਨ ਅਤੇ ਸ਼ਿਕਾਰ ਲਈ ਜੀਪਾਂ ਵਰਤਦੇ ਨੇ। ਬਾਰਾਂ ਆਲ੍ਹਾ ਨਸਲ ਦੇ ਘੋੜੇ, ਸਾਢੇ ਤਿੰਨ ਦਰਜਨ ਨਸਲੀ ਕੁੱਤੇ, ਜਿਨ੍ਹਾਂ ਦੀ ਖ਼ਿਦਮਤ ਲਈ ਕਈ ਦਰਜਨ ਨੌਕਰ ਰੱਖੇ ਹੋਏ ਨੇ । ਕਬੂਤਰ ਅਤੇ ਬਟੇਰਿਆਂ ਦਾ ਵੀ ਪੀਰ ਸਾਬ੍ਹ ਨੂੰ ਬੜਾ ਸ਼ੌਕ ਹੈ । ਹਰ ਵੱਡੇ ਸ਼ਹਿਰ ਵਿੱਚ ਮਹਿੰਗੀ ਕੋਠੀ ਮੌਜੂਦ ਹੈ । ਪੀਰ ਸਾਬ੍ਹ ਦੀ ਗੱਦੀ ਜਾਂ ਮਜ਼ਾਰ ਦੇ ਨਾਂ ਦੋ ਹਜ਼ਾਰ ਏਕੜ ਜ਼ਮੀਨ ਵੀ ਹੈ । ਉਂਞ ਵੀ ਪੂਰੇ ਸਾਲ ਵਿੱਚ ਮੁਰੀਦਾਂ ਵੱਲੋਂ ਕਈ ਲੱਖ ਦਾ ਨਜ਼ਰਾਨਾ ਪੀਰ ਸਾਬ੍ਹ ਨੂੰ ਪੇਸ਼ ਕੀਤਾ ਜਾਂਦਾ ਹੈ । ਗਰਮੀਆਂ ਵਿੱਚ ਵਲਾਇਤ ਤੋਂ ਵੱਖ ਮਰੀ, ਕੋਇਟਾ, ਐਬਟਾਬਾਦ ਤਸ਼ਰੀਫ਼ ਲੈ ਜਾਂਦੇ ਨੇ। ਅੱਜ ਮੈਂ ਇਨ੍ਹਾਂ ਦੇ ਸਾਲਾਨਾ ਉਰਸ ਦੇ ਆਖ਼ਰੀ ਦਿਨ ਹਾਜ਼ਰ ਹੋਇਆ ਹਾਂ । ਕਵਾਲੀ ਹੋ ਰਹੀ ਹੈ । ਪੀਰ ਸਾਬ੍ਹ ਗੋਟੇ ਨਾਲ ਮੜ੍ਹੇ ਹੋਏ ਚੋਲੇ ਵਿੱਚ ਬੈਠੇ ਨੇ। ਮੁਰੀਦ ਪਿੰਡਾਂ ਵਿੱਚੋਂ ਕਈ ਕਈ ਮੀਲ ਪੈਦਲ ਸਫ਼ਰ ਕਰ ਕੇ ਆਏ ਬੈਠੇ ਨੇ । ਕੋਈ ਆਪਣਾ ਢੱਗਾ, ਕੋਈ ਬੀਵੀ ਦਾ ਜ਼ੇਵਰ ਅਤੇ ਕੋਈ ਧੀ ਦਾ ਦਾਜ ਵੇਚ ਕੇ ਪੀਰ ਦੇ ਪੈਰਾਂ ਵਿੱਚ ਰੱਖਣ ਲਈ ਨਜ਼ਰਾਨਾ ਲੈ ਕੇ ਆਇਆ ਹੈ । ਉਹ ਬੜੇ ਅਦਬ ਨਾਲ ਝੁਕ ਕੇ ਨਜ਼ਰਾਨਾ ਪੇਸ਼ ਕਰਦੇ ਨੇ । ਹੁਣ ਰਾਤ ਦਾ ਡੇਢ ਵੱਜ ਗਿਆ ਹੈ, ਕਵਾਲੀ ਬੰਦ ਕਰ ਦਿੱਤੀ ਗਈ ਹੈ । ਪੀਰ ਸਾਬ੍ਹ ਬੜੇ ਇਖ਼ਲਾਕ ਨਾਲ ਆਪਣੇ ਸੱਜੇ-ਖੱਬੇ ਬੈਠੇ ਅਫ਼ਸਰ, ਰਈਸਾਂ ਅਤੇ ਜਾਗੀਰਦਾਰਾਂ ਨੂੰ ਉਸ ਖ਼ੇਮੇ ਵਿੱਚ ਜਾਣ ਦੀ ਦਾਅਵਤ ਦੇਂਦੇ ਨੇ ਜੋ ਦਰਗਾਹ ਜਾਂ ਮਜ਼ਾਰ ਸ਼ਰੀਫ਼ ਤੋਂ ਹਟ ਕੇ ਇਕ ਹਵੇਲੀ ਵਿੱਚ ਲਾਇਆ ਹੋਇਆ ਹੈ । ਇਸ ਖ਼ੇਮੇ ਵਿੱਚ ਖ਼ਾਸ ਲੋਕ ਜਾ ਸਕਦੇ ਨੇ ਕਿਉਂਕਿ ਇੱਥੇ ਲਾਹੌਰ, ਮੁਲਤਾਨ ਅਤੇ ਲਾਇਲਪੁਰ ਦੀਆਂ ਨਾਮੀ-ਗਰਾਮੀ ਗਾਣ ਅਤੇ ਮੁਜਰਾ ਕਰਨ ਵਾਲੀਆਂ ਪੀਰ ਸਾਬ੍ਹ ਦਾ ਇੰਤਜ਼ਾਰ ਕਰ ਰਹੀਆਂ ਨੇ । ਮੁਰੀਦਾਂ ਲਈ ਅਤੇ ਰੱਬ ਨੂੰ ਖ਼ੁਸ਼ ਕਰਨ ਲਈ ਕਵਾਲੀ ਸੀ; ਪਰ ਅਮੀਰਾਂ, ਵਜ਼ੀਰਾਂ, ਜਾਗੀਰਦਾਰਾਂ ਲਈ ਮੁਜਰਾ ਸੀ । ਖ਼ੇਮੇ ਵਿੱਚ ਅੱਪੜ ਕੇ ਪੀਰ ਸਾਬ੍ਹ ਜਾਂ ਸਜਾਦਾਨਸ਼ੀਨ ਸਾਬ੍ਹ ਆਪਣਾ ਚਮਕੀਲਾ ਗੋਟੇ ਵਾਲਾ ਚੋਲਾ ਉਤਾਰ ਦੇਂਦੇ ਨੇ । ਸਿਰ ਤੋਂ ਗੋਟੇ ਤਿੱਲੇ ਵਾਲੀ ਹਰੀ ਪੱਗ ਲਾਹ ਕੇ ਇਕ ਖ਼ਾਦਮ ਦੇ ਹਵਾਲੇ ਕਰ ਦੇਂਦੇ ਨੇ । ਖ਼ਾਦਮ ਨੇ ਇਹ ਇੱਜ਼ਤ ਇਹਤਰਾਮ ਵਾਲੀ ਪੱਗ ਇਕ ਚਾਂਦੀ ਦੇ ਥਾਲ ਵਿੱਚ ਰੱਖ ਦਿੱਤੀ । ਰੱਬ ਜਾਣੇ ਇਹ ਪੱਗ ਹੁਣ ਕਿੱਥੇ ਜਾਏਗੀ? ਸ਼ਾਇਦ ਇਹ ਪੱਗ ਨਬੀ ਬਖ਼ਸ਼ ਲੋਹਾਰ ਦੇ ਘਰ ਚਲੀ ਜਾਏ ਜਿਸ ਦੀ ਧੀ ਨੇ ਹੁਣੇ-ਹੁਣੇ ਸੋਲ੍ਹਵਾਂ ਸਾਲ ਪੂਰਾ ਕੀਤਾ ਹੈ । ਸ਼ਾਇਦ ਇਹ ਪੱਗ ਰੌਸ਼ਨ ਦੀਨ ਰਾਜ ਮਿਸਤਰੀ ਘਰ ਅੱਪੜ



ਜਾਏ ਜਿਸ ਦੀ ਧੀ ਦਾ ਹੁਸਨ ਅਜੇ ਨਵਾਂ-ਨਵਾਂ ਹੀ ਨਿਖਰਿਆ ਹੈ । ਇਹ ਪੱਗ ਬੜੀ ਇੱਜ਼ਤ ਵੱਕਾਰ ਅਤੇ ਸ਼ਰਧਾ ਵਾਲੀ ਹੈ । ਇਸ ਪਗੜੀ ਵਿੱਚ ਵਲੀਆਂ, ਫ਼ਕੀਰਾਂ ਦੀ ਮਾਰਫ਼ਤ ਅਤੇ ਵਿਰਾਸਤ ਮੌਜੂਦ ਹੈ । ਇਹ ਮੁਰਾਦਾਂ ਪੂਰੀਆਂ ਕਰਨ ਵਾਲੀ ਨੂਰ ਭਰੀ ਪਗੜੀ ਹੈ । ਪਰ ਇਹੀ ਪਗੜੀ ਜਦੋਂ ਨਬੀ ਬਖ਼ਸ਼, ਰੌਸ਼ਨ ਦੀਨ ਜਾਂ ਕਿਸੇ ਗ਼ਰੀਬ ਕਿਰਸਾਨ ਦੇ ਘਰ ਅੱਪੜਦੀ ਹੈ ਤਾਂ ਉਸ ਘਰ ਵਿੱਚ ਕਵਾਰੀਆਂ ਮਾਸੂਮ ਜਵਾਨੀਆਂ ਸਹਿਮ ਕੇ ਮੁਰਝਾ ਜਾਂਦੀਆਂ ਨੇ । ਪੀਰ ਸਾਬ੍ਹ ਦਾ ਖ਼ਾਦਮ ਚੁੱਪ ਕਰ ਕੇ ਜਿਸ ਘਰ ਪਗੜੀ ਰੱਖ ਆਉਂਦਾ ਹੈ ਤਾਂ ਇਹ ਚੁੱਪ ਜਾਂ ਖ਼ਾਮੋਸ਼ੀ ਚੀਕ-ਚੀਕ ਕੇ ਐਲਾਨ ਕਰਦੀ ਹੈ ਕਿ ਘਰ ਵਾਲਿਉ ਤੁਹਾਨੂੰ ਵਧਾਈ ਹੋਵੇ, ਤੁਹਾਡੀ ਬਹੂ ਬੇਟੀ ਉੱਪਰ ਕਿਬਲਾ, ਕਾਅਬਾ ਪੀਰ ਸਾਬ੍ਹ ਦੀ ਰਹਿਮਤ ਬਰਕਤ ਵਾਲੀ ਨਜ਼ਰ ਪੈ ਗਈ ਹੈ । ਹੁਣ ਤੁਸੀਂ ਜੇ ਚਾਹੁੰਦੇ ਹੋ ਕਿ ਇਹ ਰੱਬ ਦੀ ਰਹਿਮਤ ਤੁਹਾਡੇ ਉੱਤੇ ਕਾਇਮ ਰਹੇ, ਤੁਹਾਡੀਆਂ ਖੇਤੀਆਂ ਹਰੀਆਂ ਰਹਿਣ, ਤੁਹਾਡੇ ਘਰ ਨੂੰ ਕੋਈ ਅੱਗ ਨਾ ਲਾਵੇ, ਤੁਹਾਡੇ ਮਵੇਸ਼ੀ ਨਾ ਚੋਰੀ ਹੋਣ ਜਾਂ ਤੁਹਾਡੇ ਵਿਹੜੇ ਪੁਲਿਸ ਹੱਥਕੜੀਆਂ ਲੈ ਕੇ ਨਾ ਆਏ ਜਾਂ ਤੁਸੀ ਜੇਲ੍ਹ ਤੋਂ ਬੱਚ ਜਾਉ ਤਾਂ ਇਸ ਪਗੜੀ ਨੂੰ ਰਾਜ਼ੀ ਖ਼ੁਸ਼ੀ ਕਬੂਲ ਕਰ ਲਵੋ। ਕੁਝ ਦਿਨਾਂ ਪਿੱਛੋਂ ਮੈਨੂੰ ਆਪਣੇ ਦਫ਼ਤਰ ਵਿੱਚ ਇਕ ਚਿੱਠੀ ਮਿਲੀ, ਜਿਸ ਉੱਤੇ ਲਿਖਿਆ ਸੀ 'ਜਨਾਬ ਡਿਪਟੀ ਕਮਿਸ਼ਨਰ ਸਾਬ੍ਹ, ਹਮਾਰੇ ਘਰ ਮੇ ਪਗੜੀ ਆ ਗਈ ਹੈ । ਖ਼ੁਦਾ ਕੇ ਲੀਏ ਮੁਝੇ ਬਚਾਉ। ਸਕੀਨਾ ਬੀਬੀ, ਦੁਖ਼ਤਰ ਗ਼ੁਲਾਮ ਮੁਹੰਮਦ, ਗਾਉ ਰਜਬਾਨਾ।' ਮੈਂ ਇਸ ਕੁੜੀ ਦਾ ਖ਼ਤ ਵਾਰ ਵਾਰ ਪੜ੍ਹਿਆ, ਪੁਲਿਸ ਅਤੇ ਮੈਜਿਸਟਰੇਟਾਂ ਨੂੰ ਪੁੱਛਿਆ ਤਾਂ ਪੂਰੀ ਗੱਲ ਸਮਝ ਵਿੱਚ ਆ ਗਈ। ਉਸੇ ਰਾਤ ਮੈਂ ਸਕੀਨਾ ਬੀਬੀ ਦੇ ਘਰ ਛਾਪਾ ਮਾਰਿਆ। ਸਕੀਨਾ ਤਾਂ ਬੱਚ ਗਈ ਪਰ ਅਫ਼ਸੋਸ ਕਿ ਪਗੜੀ ਸਾਡੇ ਹੱਥ ਨਾ ਆਈ।"

ਮੈਂ ਇਕ ਮਸ਼ਹੂਰ ਮਾਅਰੂਫ਼ ਅਤੇ ਬੜੇ ਹੀ ਕਾਬਲ ਅਤੇ ਈਮਾਨਦਾਰ ਡਿਪਟੀ ਕਮਿਸ਼ਨਰ ਸਵਰਗੀ ਕੁਦਰਤਉੱਲਾਹ ਸ਼ਹਾਬ ਦਾ ਅੱਖੀਂ ਡਿੱਠਾ ਅਤੇ ਉਨ੍ਹਾਂ ਦੀ ਹੱਥੀਂ ਲਿਖੀ ਲਿਖਤ ਇਸ ਕਰ ਕੇ ਸੁਣਾ ਦਿੱਤੀ ਹੈ ਕਿ ਮੇਰੀਆਂ ਗੱਲਾਂ ਨੂੰ ਵਹਿਮ ਗੁਮਾਨ ਜਾਂ ਝੂਠ ਸਮਝ ਕੇ ਆਪਣੇ ਸ਼ੱਕ ਦੀ ਸੂਲੀ ਨਾ ਚਾੜ੍ਹ ਸਕੇ ਕੋਈ ।

ਮੈਂ ਸਵਰਗੀ ਕੁਦਰਤਉੱਲਾਹ ਨੂੰ ਪੀਰਾਂ ਵਾਂਗ ਮੰਨਣ ਵਾਲਾ ਹਾਂ । ਮੈਂ ਇਸ ਫ਼ਰਿਸ਼ਤੇ ਦਾ ਬੜਾ ਵੱਡਾ ਫ਼ੈਨ ਹਾਂ । ਇਸ ਕਰ ਕੇ ਮੇਰਾ ਸ਼ੌਕ ਹੈ ਕਿ ਇਸ ਬੰਦੇ ਦਾ ਥੋੜ੍ਹਾ ਜਿਹਾ ਪਿਛੋਕੜ ਵੀ ਦੱਸਾਂ। ਇਹ ਇਮਾਨਦਾਰ ਇਨਸਾਨ

ਦਾ ਖ਼ਨਵਾਦਾ ਅਤੇ ਇਸ ਦੀ ਜੰਮਣ ਭੋਇੰ ਚਮਕੌਰ ਸਾਹਿਬ ਹੈ । ਇਸ ਨੇ ਅੱਧੀ ਪੜ੍ਹਾਈ ਰੋਪੜ ਵਿੱਚ ਕੀਤੀ ਅਤੇ ਫਿਰ ਜੰਮੂ ਚਲਾ ਗਿਆ ਜਿੱਥੇ ਇਸ ਦਾ ਬਾਪ ਜੰਮੂ ਵੱਲੋਂ ਗਿਲਗਿਤ ਦਾ ਗਵਰਨਰ ਸੀ । ਇਸ ਦਾ ਬਾਪ ਜ਼ਿਲ੍ਹਾ ਅੰਬਾਲਾ ਵਿੱਚ ਦਸਵੀਂ ਵਿੱਚੋਂ ਅੱਵਲ ਆਇਆ ਸੀ । ਕੁਦਰਤਉੱਲਾਹ ਨੇ ੧੯੪੭ ਤੋਂ ਪਹਿਲਾਂ ਆਈ.ਸੀ.ਐਸ. ਦਾ ਇਮਤਿਹਾਨ ਪਾਸ ਕਰ ਕੇ ਬਿਹਾਰ ਦੇ ਜ਼ਿਲ੍ਹਾ ਭਾਗਲਪੁਰ ਅਤੇ ਫ਼ਿਰ ਔਰੰਗਾਬਾਦ ਡਿਪਟੀ ਕਮਿਸ਼ਨਰ ਬਣ ਕੇ ਨੌਕਰੀ ਕੀਤੀ । ਇਹ ਉਹ ਸ਼ਖ਼ਸ ਹੈ ਜਿਸ ਨੇ ਅੰਗਰੇਜ਼ ਹਕੂਮਤ ਦੀ ਮਰਜ਼ੀ ਵਿਰੁੱਧ ਬੰਗਾਲ ਦੇ ਸੋਕੇ ਵੇਲੇ ਗੋਦਾਮ ਦਾ ਜੰਦਰਾ ਤੋੜ ਕੇ ਭੁੱਖ ਨਾਲ ਮਰਦੇ ਹੋਏ ਲੋਕਾਂ ਨੂੰ ਹਜ਼ਾਰਾਂ ਮਣ ਚੌਲ ਵੰਡ ਦਿੱਤੇ। ਹਿੰਦੁਸਤਾਨ ਦੀ ਵੰਡ ਪਿੱਛੋਂ ਇਹ ਕਰਾਚੀ ਆ ਗਿਆ ਅਤੇ ਜਨਰਲ ਅਯੂਬ ਖ਼ਾਂ ਵੇਲੇ ਝੰਗ ਦਾ ਡੀ.ਸੀ. ਲੱਗਾ। ਅਯੂਬ ਖ਼ਾਨ ਨੇ ਇਸ ਨੂੰ ਆਖਿਆ, "ਨਾ ਤੇਰੀ ਕੋਈ ਜਾਇਦਾਦ ਏ, ਨਾ ਤੇਰਾ ਆਪਣਾ ਘਰ ਹੈ, ਮੈਂ ਤੈਨੂੰ ਝੰਗ ਵਿੱਚ ਅੱਠ ਮੁਰੱਬੇ ਜ਼ਮੀਨ ਅਲਾਟ ਕਰ ਦੇਂਦਾ ਹਾਂ।" ਇਸ ਅੱਲਾਹ ਵਾਲੇ ਨੇ ਆਖਿਆ, "ਜਨਾਬ, ਕਬਰ ਲਈ ਚੰਦ ਗਜ਼ ਜ਼ਮੀਨ ਦੀ ਲੋੜ ਹੁੰਦੀ ਹੈ ਤੇ ਉਹ ਕਿਧਰੋਂ ਲੱਭ ਹੀ ਜਾਏਗੀ, ਇਹ ਮੁਰੱਬੇ ਮੈਨੂੰ ਨਹੀਂ ਚਾਹੀਦੇ।" ਇਹ ਸ਼ਖ਼ਸ ਵੱਡੇ-ਵੱਡੇ ਅਹੁਦਿਆਂ ਉੱਤੇ ਰਹਿ ਕੇ ਵੀ ਆਪਣਾ ਘਰ ਨਾ ਬਣਾ ਸਕਿਆ। ਅਖ਼ੀਰ ਜਨਰਲ ਯਹਿਯਾ ਖ਼ਾਨ ਦੇ ਮਾਰਸ਼ਲ ਲਾਅ ਵਿੱਚ ਕੁਦਰਤਉੱਲਾਹ ਨੇ ਉਸ ਜਨਰਲ ਦੀ ਬਦਕਾਰੀ, ਸ਼ਰਾਬਨੋਸ਼ੀ ਅਤੇ ਬਦਕਿਰਦਾਰੀ ਵੇਖ ਕੇ ਉਸ ਦੇ ਨਾਜਾਇਜ਼ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਗ਼ਰੀਬ ਨੂੰ ਮੁਲਕ ਹੀ ਛੱਡਣਾ ਪਿਆ। ਇਹ ਵਿਚਾਰਾ ਇਕ ਦਿਨ ਲੰਦਨ ਦੇ ਕਿਸੇ ਗ਼ਰੀਬ ਜਿਹੇ ਇਲਾਕੇ ਵਿੱਚ ਇਸ ਦੁਨੀਆਂ ਨੂੰ ਸਲਾਮ ਕਰ ਕੇ ਆਪਣੇ ਰੱਬ ਨੂੰ ਜਾ ਮਿਲਿਆ। ਇਸ ਦੀ ਅੱਠ ਸੌ ਸਫ਼ੇ ਦੀ ਜੀਵਨੀ ਕਈ ਵਾਰ ਪੜ੍ਹ ਚੁੱਕਾ ਅਤੇ ਰੋ ਚੁੱਕਾ ਹਾਂ । ਫਿਰ ਵੀ ਇਸ ਕਿਤਾਬ ਨੂੰ ਆਪਣੀਆਂ ਅੱਖਾਂ ਸਾਹਮਣੇ ਰੱਖਦਾ ਹਾਂ । ਦੁਆ ਹੈ ਰੱਬ ਇਸ ਆਪਣੇ ਬੰਦੇ ਨੂੰ ਬਹਿਸ਼ਤ ਵਿੱਚ ਥਾਂ ਦੇਵੇ ਤੇ ਸਾਡੇ ਜਿਹੇ ਗੁਨਾਹਗਾਰ ਨੂੰ ਸਿੱਧੀ ਰਾਹ ਵਿਖਾਵੇ। ਆਮੀਨ।

ਮੈਨੂੰ ਮਾਫ਼ ਕਰਿਉ, ਮੈਂ ਅੱਜ ਤਕ ਜੋ ਵੀ ਲਿਖਿਐ, ਆਪਣੇ ਮਨ ਦੀ ਹੀ ਮੌਜ ਕੀਤੀ ਹੈ । ਇਹ ਕਦੀ ਸੋਚਿਆ ਹੀ ਨਹੀਂ ਕਿ ਮੇਰੇ ਪਾਠਕ ਕੀ ਆਖਣਗੇ। ਮਾਫ਼ੀ ਮੰਗਦੇ ਹੋਏ ਅਰਜ਼ ਕਰਾਂਗਾ ਕਿ ਸੱਚ ਤਾਂ ਇਹ ਹੈ ਕਿ ਮੈਂ ਇਹ ਸਭ ਕੁਝ ਆਪਣੀ ਹੀ ਜ਼ਾਤ ਲਈ ਲਿਖ ਰਿਹਾ ਹੁੰਦਾ ਹਾਂ ।



ਨਾ ਕਦੀ ਕਿਸੇ ਦਾ ਲਿਹਾਜ਼ ਕੀਤਾ, ਨਾ ਪਾਠਕਾਂ ਦੀ ਮਰਜ਼ੀ ਵੇਖੀ ਅਤੇ ਨਾ ਜ਼ਮਾਨੇ ਤੋਂ ਡਰ ਕੇ ਆਪਣੇ ਕਲਮ ਨੂੰ ਸ਼ਰਮਸਾਰ ਕੀਤਾ, ਕਿਉਂਕਿ ਡਰ ਡਰ ਕੇ ਜੰਗ ਲੜਨ ਵਾਲਾ ਹਾਰ ਜਾਂਦਾ ਹੈ । ਜ਼ਮਾਨੇ ਨੂੰ ਮੁੱਖ ਰੱਖ ਕੇ ਜਾਂ ਜ਼ਮਾਨੇ ਦਾ ਲਿਹਾਜ਼ ਕਰ ਕੇ ਲਿਖਣ ਵਾਲਾ ਆਪਣੀ ਲਿਖਤ ਨਾਲ ਇਨਸਾਫ਼ ਨਹੀਂ ਕਰ ਸਕਦਾ। ਨਾਲੇ ਸੋਚ ਸੋਚ ਕੇ ਪਿਆਰ ਕਰਨ ਵਾਲੇ ਦੇ ਪਿਆਰ ਵਿੱਚ ਵੀ ਵਿਹਾਰ ਨਹੀਂ ਹੁੰਦਾ। ਸੱਚੇ-ਸੁੱਚੇ ਖ਼ਿਆਲ ਅਤੇ ਜਜ਼ਬੇ ਨੂੰ ਖ਼ੌਫ਼ ਜਾਂ ਕਿਸੇ ਦੇ ਲਿਹਾਜ਼ ਦੀ ਹੱਥਕੜੀ ਮਾਰਨ ਦੀ ਕੋਸ਼ਿਸ਼ ਕਰਨ ਵਾਲਾ ਲੇਖਕ ਬਦਦਿਆਨਤ ਅਤੇ ਬੇਈਮਾਨ ਹੁੰਦਾ ਹੈ । ਮੈਂ ਇੱਜ਼ਤਦਾਰ ਅਖਵਾਉਣ ਦੀ ਬਜਾਏ ਈਮਾਨਦਾਰ ਅਖਵਾਉਣਾ ਬਿਹਤਰ ਸਮਝਦਾ ਹਾਂ। ਆਪਣੀ ਕਹਾਣੀ 'ਬੁੱਕਲ' ਵਿੱਚ ਮੈਂ ਇਸਲਾਮੀ ਕਾਨੂੰਨ ਹਲਾਲੇ ਬਾਰੇ ਅਤੇ 'ਅੱਥਰੀ' ਨਾਵਲ ਵਿੱਚ ਨਿਕਾਹ ਬਾਰੇ ਜੋ ਲਿਖਿਆ, ਉਹ ਸਿੱਧੀ ਸਾਵੀਂ ਮੌਲਵੀਆਂ ਨਾਲ ਜੰਗ ਹੈ । ਲੋਕਾਂ ਨੇ ਵੀ ਆਖਿਆ ਕਿ ਸੱਪ ਦੀ ਖੁੱਡ ਵਿੱਚ ਉਂਗਲ ਨਾ ਦੇ। ਪਰ ਮੈਂ ਆਪਣੀ ਲਿਖਤ ਵਿੱਚ ਨਾ ਯਾਰਾਂ ਦੀ ਯਾਰੀ ਦਾ ਲਿਹਾਜ਼ ਕੀਤਾ ਅਤੇ ਨਾ ਹੀ ਦੁਸ਼ਮਣਾਂ ਦੀ ਲਾਠੀ ਤੋਂ ਡਰਿਆ। ਲੰਦਨ ਲਾਇਬ੍ਰੇਰੀ ਵਿੱਚ ਰੱਖੀਆਂ ਹੋਈਆਂ ਮੇਰੀਆਂ ਕਿਤਾਬਾਂ ਉੱਤੇ ਕਿਸੇ ਨੇ ਮੈਨੂੰ ਗ਼ੱਦਾਰ, ਕਿਸੇ ਨੇ ਬੇਈਮਾਨ ਅਤੇ ਹੋਰ ਪਤਾ ਨਹੀਂ ਕੀ ਕੁਝ ਲਿਖਿਆ ਹੋਇਆ ਹੈ । ਪਰ ਉਸੇ ਹੀ ਕਿਤਾਬ ਉੱਤੇ ਇਨ੍ਹਾਂ ਗੱਲਾਂ ਦਾ ਜਵਾਬ ਦੇਂਦੇ ਹੋਏ ਕਿਸੇ ਨੇ ਇਕੋ ਹੀ ਫ਼ਿਕਰਾ ਲਿਖ ਕੇ ਗੱਲ ਮੁਕਾ ਦਿੱਤੀ ਹੈ । ਉਹ ਲਿਖਦਾ ਹੈ 'ਅਮੀਨ ਮਲਿਕ ਦੀ ਕਾਮਯਾਬੀ ਅਤੇ ਸੱਚ ਤੋਂ ਸੜਨ ਵਾਲਿਉ, ਸ਼ਰਮ ਕਰੋ।' ਮੈਂ ਸੋਚਦਾ ਹਾਂ ਕਿ ਮੇਰਾ ਵਿਰੋਧ ਨਾ ਹੁੰਦਾ ਤਾਂ ਮੇਰੀਆਂ ਲਿਖਤਾਂ ਦੀ ਫ਼ਸਲ ਦੀ ਗੋਡੀ ਵੀ ਕੋਈ ਨਾ ਕਰਦਾ । ਗ਼ੱਦਾਰ ਆਖਣ ਵਾਲੇ ਨੂੰ ਇਹੀ ਆਖਾਂਗਾ ਕਿ ਗ਼ੱਦਾਰ ਤਾਂ ਉਹ ਹੁੰਦਾ ਹੈ ਜਿਹੜਾ ਆਪਣੀ ਜ਼ਮੀਰ ਅਤੇ ਸੱਚਾਈ ਦੇ ਮੋਰਚੇ ਉੱਤੇ ਬੈਠੀ ਫ਼ੌਜ ਵਿਰੁੱਧ ਸਾਜ਼ਸ਼ ਕਰੇ। ਮੈਂ ਤਾਂ ਹਮੇਸ਼ਾ ਸੱਚ ਦੇ ਮੋਢੇ ਨਾਲ ਮੋਢਾ ਲਾ ਕੇ ਲੜਿਆ ਹਾਂ। ਤਾਂ ਹੀ ਤਾਂ ਝੂਠ ਹਰ ਵੇਲੇ ਮੇਰੇ ਨਾਲ ਆਢਾ ਲਾਈ ਰੱਖਦਾ ਹੈ ।

ਬਹਿਰਹਾਲ, ਰੱਬ ਜਾਣੇ ਚੰਗਾ ਹਾਂ ਜਾਂ ਮੰਦਾ, ਮੈਂ ਤਾਂ ਆਪਣੀ ਆਦਤ ਦੇ ਛਾਬੇ ਤੋਂ ਲੀੜਾ ਲਾਹ ਦਿੱਤਾ ਹੈ । ਇਹ ਸੌਦਾ ਦੁਨੀਆਂ ਹੀ ਵੇਖ ਕੇ ਖ਼ਰੀਦਣ ਦਾ ਫ਼ੈਸਲਾ ਕਰ ਸਕਦੀ ਹੈ ।

ਤੇ ਚਲੋ ਹੁਣ ਆਪਣੇ ਲੇਖ ਦੇ ਅਸਲ ਵਿਸ਼ੇ ਵੱਲ ਪਰਤਦੇ ਹੋਏ ਬਸ਼ੀਰ ਮਰਾਸੀ ਜਾਂ ਪੀਰ ਮਰਾਸੀ ਨੂੰ ਅੱਗੇ ਤੋਰਦੇ ਹੋਏ ਇਸ ਲੇਖ ਦਾ ਅੰਤ ਕਰਨ ਦਾ ਵੀ ਕੋਈ ਆਹਰ ਕਰੀਏ ।

ਮੈਂ ਬਸ਼ੀਰ ਸ਼ਾਹ ਦੇ ਡੇਰੇ ਸ਼ੁਦਾਅ ਦੇ ਮਾਰੇ ਹੋਏ ਸ਼ਰਧਾਲੂਆਂ ਵਿੱਚ ਸ਼ੁਦਾਈ ਬਣ ਕੇ ਕੁਝ ਚਿਰ ਬੈਠਾ ਰਿਹਾ ਕਿ ਪੀਰ ਸਾਬ੍ਹ ਦਾ ਹੁਨਰ, ਚਾਲੇ, ਫ਼ਨ ਅਤੇ ਰੰਗਬਾਜ਼ੀ ਵੇਖਾਂ। ਪਿੰਡ ਰੰਗਲੇ ਵਾਲਾ 'ਬਸ਼ੀਰਾ ਹਰਾਮ ਦਾ' ਅੱਜ ਪੀਰ ਸਈਅਦ ਬਸ਼ੀਰ ਸ਼ਾਹ ਬਣ ਕੇ ਮੇਰੇ ਸਾਹਮਣੇ ਬੈਠਾ ਹੋਇਆ ਸੀ ਅਤੇ ਮੈਂ ਸੋਚ ਰਿਹਾ ਸਾਂ ਕਿ ਇਹ ਉਹੀ ਬਸ਼ੀਰਾ ਮਰਾਸੀ ਏ ਜਿਹੜਾ ਜੁਗਤ ਕਰਨੋਂ ਕਦੀ ਵੀ ਬਾਜ਼ ਨਹੀਂ ਸੀ ਆਉਂਦਾ? ਅੱਜ ਉਹ ਆਪਣੇ ਚਿਹਰੇ ਉੱਤੇ ਸੰਜੀਦਗੀ ਦੀ ਚਾਦਰ ਤਾਣ ਕੇ ਅੱਧਖੁੱਲ੍ਹੀਆਂ ਅੱਖਾਂ ਨਾਲ ਮੋਹਤਬਰ ਬਣਿਆ ਹੋਇਆ ਖ਼ਾਮੋਸ਼ ਬੈਠਾ ਸੀ । ਇਹ ਢਿੱਡ ਦੀ ਭੁੱਖ ਕਿਵੇਂ ਇਨਸਾਨ ਨੂੰ ਆਪਣੀ ਅਸਲ ਆਦਤ, ਹਾਲਤ, ਖ਼ਸਲਤ **(Character)** ਅਤੇ ਫ਼ਿਤਰਤ **(Nature)** ਬਦਲਣ ਲਈ ਮਜਬੂਰ ਕਰ ਦੇਂਦੀ ਹੈ । ਇਹ ਚਾਰੇ ਆਦਤਾਂ, ਹਾਲਤਾਂ ਬਦਲਣੀਆਂ ਬੜੀਆਂ ਔਖੀਆਂ ਹਨ। ਮੱਝ ਦਾ ਕੱਟੀ-ਕੱਟਾ ਕਿਸੇ ਬੱਕਰੀ ਦੇ ਪੱਠੇ-ਪਠੂਰੇ ਵਾਂਗ ਨੱਚ ਟੱਪ ਨਹੀਂ ਸਕਦਾ ਕਿਉਂਕਿ ਕੋਈ ਵੀ ਆਪਣੀ ਫ਼ਿਤਰਤ ਵਿਰੁੱਧ ਜਾ ਕੇ ਕੁਝ ਨਹੀਂ ਕਰ ਸਕਦਾ । ਜਿਵੇਂ ਦੋ-ਤਿੰਨ ਇਕੱਠੀਆਂ ਬੈਠੀਆਂ ਜ਼ਨਾਨੀਆਂ ਦਾ ਚੁੱਪ ਰਹਿਣਾ ਉਨ੍ਹਾਂ ਦੀ ਮਰਜ਼ੀ ਦੀ ਮੌਤ ਹੈ, ਇੰਞ ਹੀ ਬਸ਼ੀਰੇ ਲਈ ਆਪਣੀ ਆਦਤ ਅਤੇ ਖ਼ਸਲਤ ਵਿਰੁੱਧ ਸ਼ਰਾਫ਼ਤ ਦਾ ਜ਼ਹਿਰ ਖਾਣਾ ਜਾਂ ਚੁੱਪ ਰਹਿਣਾ ਬੜਾ ਹੀ ਔਖਾ ਸੀ; ਪਰ ਕੀ ਕੀਤਾ ਜਾਏ, ਇਸ ਰੋਟੀ ਲਈ ਆਦਤਾਂ ਹੀ ਨਹੀਂ, ਭੈਣਾਂ ਦੇ ਜਵਾਨ ਵੀਰ, ਵਹੁਟੀਆਂ ਦੇ ਲਾੜੇ ਅਤੇ ਮਾਵਾਂ ਨੂੰ ਪੁੱਤਰਾਂ ਦਾ ਵਿਛੋੜਾ ਵੀ ਝੱਲਣਾ ਪੈਂਦਾ ਹੈ । ਬਸ਼ੀਰ ਉੱਤੇ ਮੈਨੂੰ ਤਰਸ ਵੀ ਆ ਰਿਹਾ ਸੀ ਤੇ ਖ਼ੁਸ਼ ਵੀ ਸਾਂ ਕਿ ਪਿੰਡ ਦੇ ਭੁੱਖੇ ਜਿਹੇ ਲੋਕਾਂ ਵਿੱਚ ਰਹਿ ਕੇ ਸਿਵਾਏ ਵਗਾਰਾਂ ਤੋਂ, ਬਸ਼ੀਰੇ ਨੂੰ ਲੱਭਦਾ ਵੀ ਕੀ ਸੀ। ਅੱਜ ਇਕ ਉੱਚੀ ਗੱਦੀ 'ਤੇ ਬੈਠਾ ਆਪਣੀ ਭੋਇੰ ਉੱਤੇ ਬੈਠੇ ਸ਼ਰਧਾਲੂਆਂ ਉੱਤੇ ਰਾਜ ਕਰ ਰਿਹਾ ਸੀ । ਮੈਂ ਇਨ੍ਹਾਂ ਹੀ ਸੋਚਾਂ ਵਿੱਚ ਸਾਂ ਕਿ ਵੇਖਿਆ ਅੱਠ-ਨੌਂ ਸਾਲ ਦਾ ਇਕ ਬਾਲ ਪੀਰ ਸਾਬ੍ਹ ਦੇ ਪੈਰਾਂ ਕੋਲ ਬੈਠਾ ਹੋਇਆ ਸੀ ਤੇ ਉਸ ਦਾ ਇਕ ਪੈਰ ਤਲੀ ਵਿੱਚੋਂ ਕੁਝ ਕੁੱਬਾ ਜਿਹਾ ਸੀ । ਉਹ ਕੁੱਬੇ ਜਿਹੇ ਲੰਗੜੇ ਪੈਰ ਵਾਲਾ ਨਿਚੱਲਾ ਨਹੀਂ ਸੀ ਬੈਠਦਾ । ਕਦੀ ਕਿਸੇ ਦਾ ਲੀੜਾ ਖਿੱਚਦਾ ਤੇ ਕਦੀ ਕਿਸੇ ਬਾਲ ਨੂੰ ਛੇੜਦਾ। ਬਸ਼ੀਰ ਉਸ ਨੂੰ ਵੇਖ ਕੇ ਕੁਝ ਚਿਰ ਤਾਂ ਸਬਰ ਕਰਦਾ ਰਿਹਾ ਪਰ ਜਦੋਂ ਮਾਂ ਨੇ ਵੀ ਆਪਣੇ ਬਾਲ ਨੂੰ ਨਾ ਠਾਕਿਆ ਤਾਂ ਬਸ਼ੀਰੇ ਦੀ ਅਸਲ ਫ਼ਿਤਰਤ ਬੇਚੈਨ ਹੋ ਗਈ। ਉਹ ਬਾਲ ਨੂੰ ਆਖਣ ਲੱਗਾ, "ਓਏ ਬਹਿ ਜਾ ਓਏ ਅਮਨ ਨਾਲ, ਅੱਗੇ ਹੀ ਤੇਰਾ ਪੈਰ



ਇੰਞ ਹੈ ਜਿਵੇਂ ਟਾਂਗੇ ਵਾਲਾ ਖੇਰਾ ਹੁੰਦੈ।" ਅੱਗੇ ਤਾਂ ਕਦੀ ਮੈਨੂੰ ਸ਼ੱਕ ਪੈਂਦਾ ਸੀ ਕਿ ਇਹ ਪੀਰ ਬਣ ਕੇ ਬੈਠਾ ਬਸ਼ੀਰਾ ਮਰਾਸੀ ਹੀ ਹੈ ਵੀ ਕਿ ਨਹੀਂ, ਪਰ ਹੁਣ ਇਹ ਸ਼ੱਕ ਨਿਕਲ ਗਿਆ ਸੀ । ਇਕ ਕੁੱਬੇ ਜਿਹੇ ਪੈਰ ਨੂੰ ਸਸਤੇ ਜਿਹੇ ਖੇਰੇ ਨਾਲ ਤਸ਼ਬੀਹ **(Comparison)** ਦੇਣਾ ਇਕ ਏਨਾ ਕੁ ਡੂੰਘਾ ਅਤੇ ਜ਼ਹੀਨ ਮਖ਼ੌਲ ਸੀ ਕਿ ਮਰਾਸੀ ਤੋਂ ਸਿਵਾ ਕਿਸੇ ਦੇ ਵੱਸ ਦਾ ਰੋਗ ਹੀ ਨਹੀਂ ਸੀ । ਏਨੇ ਮਹੀਨ ਮਖ਼ੌਲ ਉੱਤੇ ਮੇਰੇ ਲਈ ਹਾਸਾ ਡੱਕਣਾ ਔਖਾ ਹੋ ਗਿਆ ਤੇ ਮੈਂ ਗੋਡਿਆਂ ਵਿੱਚ ਮੂੰਹ ਦੇ ਕੇ ਰੱਜ ਕੇ ਹੱਸ ਲਿਆ। ਨਿੱਕੇ ਮੋਟੇ ਮਖ਼ੌਲ ਦੀ ਤਾਂ ਮੈਨੂੰ ਵਿੱਸ ਨਹੀਂ ਚੜ੍ਹਦੀ, ਪਰ ਜੇ ਮਖ਼ੌਲ ਕੱਲਰੀ ਨਾਗਨ ਵਰਗਾ ਹੋਵੇ ਤਾਂ ਜ਼ਹਿਰ ਚੜ੍ਹ ਹੀ ਜਾਂਦਾ ਹੈ । ਛੀਂਬੇ ਸੱਪ ਜਿਹੀ ਟਿਚਕਰ ਤਾਂ ਮੈਨੂੰ ਸੁੰਘ ਕੇ ਛੱਡ ਜਾਂਦੀ ਹੈ । ਲੜੇ ਵੀ ਤੇ ਮੱਛਰ ਤੋਂ ਵੱਧ ਕੁਝ ਨਹੀਂ ਕਰਦੀ।

ਯਾਦ ਆਇਆ ਕਿ ਬਤੌਰ ਪਟਵਾਰੀ, ਸ਼ਾਇਰ-ਏ-ਆਜ਼ਮ ਸਵਰਗੀ ਸ਼ਿਵ ਕੁਮਾਰ ਬਟਾਲਵੀ ਘਰ ਨੂੰ ਆ ਰਿਹਾ ਸੀ ਤਾਂ ਉਸ ਨੂੰ ਗਲੀ ਵਿੱਚ ਬੈਠਾ ਕੁੱਤਾ ਪੈ ਗਿਆ। ਸ਼ਿਵ ਕੁਮਾਰ ਨੇ ਪੈਰ ਉੱਤੇ ਹੀ ਕੁੱਤੇ ਨੂੰ ਆਖਿਆ, "ਤੇਰੀ ਜੇ ਇਕ ਮਰਲਾ ਜ਼ਮੀਨ ਵੀ ਹੁੰਦੀ ਤਾਂ ਤੈਨੂੰ ਦੱਸ ਦੇਂਦਾ ਕਿ ਪਟਵਾਰੀ ਕੀ ਹੁੰਦੈ।" ਇਹ ਸ਼ਿਅਰ ਵਰਗਾ ਮਖ਼ੌਲ ਵੀ ਸ਼ਿਵ ਕੁਮਾਰ ਹੀ ਕਰ ਸਕਦਾ ਸੀ ਜਾਂ ਪਾਕਿਸਤਾਨ ਵਿੱਚ ਇਕ ਬਹੁਤ ਵੱਡਾ ਉਰਦੂ ਸ਼ਾਇਰ ਮੁਨੀਰ ਨਿਆਜ਼ੀ ਜੋ ਕਦੀ-ਕਦੀ ਪੰਜਾਬੀ ਵੀ ਲਿਖਦਾ ਸੀ, ਸਗੋਂ ਅੱਜ ਤਕ ਉਹ ਪੰਜਾਬੀ ਦੇ ਇਕ ਸ਼ਿਅਰ ਨਾਲ ਹੀ ਜ਼ਿੰਦਾ ਹੈ। ਉਹ ਸ਼ਿਅਰ ਤਾਂ ਸੁਣਿਆ ਹੀ ਹੋਵੇਗਾ ਅਖੇ 'ਕੁਝ ਸ਼ਹਿਰ ਦੇ ਲੋਕ ਵੀ ਜ਼ਾਲਮ ਸਨ, ਕੁਝ ਸਾਨੂੰ ਮਰਨ ਦਾ ਸ਼ੌਕ ਵੀ ਸੀ।' ਇਹ ਸ਼ਾਇਰ ਵੀ ਕਦੀ-ਕਦੀ ਅਜਿਹਾ ਮਖ਼ੌਲ ਕਰ ਜਾਂਦੈ ਜੋ ਬੰਦੇ ਨੂੰ ਡੰਗ ਵਾਂਗ ਵੱਜ ਜਾਂਦੈ। ਪਾਕਿਸਤਾਨ ਵਿੱਚ ਉਰਦੂ ਸਾਹਿਤਕਾਰ ਜ਼ਨਾਨੀ ਰੇਹਾਨਾ ਵਾਹਵਾ ਹੀ ਨੰਗਾ-ਧੜੰਗਾ ਜਿਹਾ ਖੁਲ੍ਹ-ਡੁੱਲ੍ਹ ਕੇ ਲਿਖਦੀ। ਉਸ ਦੀਆਂ ਬੇਬਾਕ (ਨਿਡਰ) ਅਤੇ ਸੰਗ ਝੱਕ ਤੋਂ ਬੇਨਿਆਜ਼ ਹਰਕਤਾਂ ਵੇਖ ਕੇ ਆਖਣ ਲੱਗਾ, "ਮੈਂ ਆਪਣੀ ਬੀਵੀ ਨੂੰ ਆਖਿਐ, ਰੇਹਾਨਾ ਤੋਂ ਸਿਵਾ ਤੈਨੂੰ ਕਿਸੇ ਕੋਲੋਂ ਪਰਦਾ ਕਰਨ ਦੀ ਲੋੜ ਨਹੀਂ।"

ਗੱਲ ਹੋ ਰਹੀ ਸੀ ਪੀਰ ਬਸ਼ੀਰ ਸ਼ਾਹ ਦੀ। ਮੈਂ ਵਾਹਵਾ ਚਿਰ ਉਸ ਦੇ ਡੇਰੇ ਜਾਂ ਆਸਤਾਨੇ ਉੱਤੇ ਬੈਠਾ ਉਸ ਨੂੰ ਤਾੜਦਾ ਰਿਹਾ ਪਰ ਉਸ ਦੇ ਸ਼ਰਧਾਲੂਆਂ ਦੇ ਹੁੰਦੇ ਹੋਏ ਉਸ ਨੂੰ ਮਿਲਣ ਦਾ ਸਵਾਦ ਵੀ ਨਹੀਂ ਸੀ ਆਉਣਾ। ਬੈਠੇ ਹੋਏ ਸ਼ਰਧਾਲੂ ਵੀ ਆਪਣੇ ਸ਼ੁਦਾਅ ਦੇ ਪੂਰੇ ਜੋਬਨ 'ਤੇ ਸਨ। ਬਸ਼ੀਰਾ

ਕਿਸੇ ਨੂੰ ਫੂਕ ਮਾਰ ਦੇਂਦਾ, ਕਿਸੇ ਨੂੰ ਤਵੀਤ ਲਿਖ ਕੇ ਫੜਾਉਂਦਾ ਅਤੇ ਕਿਸੇ ਨੂੰ ਸਿਰਫ਼ ਥਾਪੜਾ ਹੀ ਦੇਂਦਾ। ਜਿਹੜਾ ਵੀ ਕੋਈ ਧੇਲੀ ਪੌਲਾ ਫੜਾਉਣ ਲੱਗਦਾ, ਉਹ ਹੱਥ ਨਹੀਂ ਸੀ ਲਾਉਂਦਾ। ਸਿਰਫ਼ ਇਸ਼ਾਰਾ ਕਰਦਾ ਕਿ ਪਿੱਛੇ ਇਕ ਗੱਤੇ ਦਾ ਡੱਬਾ ਸੀ, ਉਸ ਵਿੱਚ ਸੁੱਟ ਦਿਉ। ਇਸ ਹਰਕਤ ਦਾ ਮਤਲਬ ਸੀ ਕਿ ਮਾਇਆ ਨੂੰ ਹੱਥ ਲਾਉਣਾ ਸਾਡੇ ਲਈ ਹਰਾਮ ਹੈ । ਅਸੀਂ ਪੈਸੇ-ਧੇਲੇ ਦੇ ਲਾਭ-ਲੋਭ ਤੋਂ ਮੁਕਤੀ ਹਾਸਲ ਕਰ ਚੁੱਕੇ ਹਾਂ । ਰਾਤ ਨੂੰ ਪੀਰੀ-ਮੁਰੀਦੀ ਦੀ ਮਦਾਰੀ ਮੁੱਕਦੇ ਹੀ ਪੀਰ ਸਾਬ੍ਹ ਡੱਬੇ ਨੂੰ ਚੁੰਮ੍ਹ ਕੇ ਚੁੱਕਦੇ ਤੇ ਅੰਦਰ ਜਾ ਕੇ ਝੋਲੀ ਵਿੱਚ ਢੇਰੀ ਲਾ ਲੈਂਦੇ। ਪੀਰ ਸਾਬ੍ਹ ਦੀ ਖੇਡ ਭਖੀ ਹੋਈ ਸੀ ਤੇ ਮੇਲਾ ਮਘਿਆ ਹੋਇਆ ਸੀ। ਇਸ ਹਾਲਤ ਵਿੱਚ ਉਸ ਨੂੰ ਮਿਲ ਕੇ ਉਸ ਦੀ ਖੇਡ ਖ਼ਰਾਬ ਨਹੀਂ ਸਾਂ ਕਰਨਾ ਚਾਹੁੰਦਾ ਕਿਉਂਕਿ ਮੇਰਾ ਮਿਲਣਾ ਅਤੇ ਆਪਣੀ ਪਛਾਣ ਕਰਾਉਣਾ ਬਸ਼ੀਰੇ ਲਈ ਭੁਚਾਲ ਤੋਂ ਘੱਟ ਨਹੀਂ ਸੀ । ਰੰਗਲੇ ਦਾ ਮਰਾਸੀ ਸ਼ਾਹਦਰੇ ਦਾ ਪੀਰ ਬਣ ਕੇ ਉੱਚੀ ਗੱਦੀ ਉੱਤੇ ਬੈਠਾ ਫੜਿਆ ਜਾਵੇ ਤਾਂ ਇਹ ਗ੍ਰਿਫ਼ਤਾਰੀ ਬੜੀ ਹੀ ਪ੍ਰੇਸ਼ਾਨੀ ਵਾਲੀ ਗੱਲ ਸੀ । ਮੈਂ ਇਸ ਉਡੀਕ ਦਾ ਦੁੱਖ ਸਹਿ ਲਿਆ ਪਰ ਬਸ਼ੀਰੇ ਨੂੰ ਪ੍ਰੇਸ਼ਾਨ ਨਾ ਕੀਤਾ ਅਤੇ ਨਾ ਹੀ ਉਸ ਦੀ ਰੋਜ਼ੀ ਵਿੱਚ ਲੱਤ ਮਾਰੀ ।

ਜਦੋਂ ਸ਼ਰਧਾ ਦੀ ਭੰਗ ਵਰਗੀ ਸ਼ਰਦਾਈ ਪੀ ਕੇ ਸਿਰਫਿਰਿਆ ਸਿਰ ਮਾਰਨ ਵਾਲਾ ਕੋਈ ਟਾਵਾਂ ਬੰਦਾ ਹੀ ਰਹਿ ਗਿਆ ਤਾਂ ਮੈਂ ਵੀ ਬੰਬ ਬਣ ਕੇ ਪੀਰ ਬਸ਼ੀਰ ਉੱਤੇ ਡਿੱਗਾ। ਮੈਂ ਹੌਲੀ-ਹੌਲੀ ਉਸ ਕੋਲ ਗਿਆ ਤਾਂ ਉਸ ਨੇ ਕੋਟ ਪਤਲੂਨ ਵਾਲਾ ਸ਼ਰਧਾਲੂ ਵੇਖ ਕੇ ਅੱਖਾਂ ਪੂਰੀਆਂ ਹੀ ਖੋਲ੍ਹ ਕੇ ਵੇਖਿਆ। ਮੈਂ ਸਲਾਮ ਕਰ ਕੇ ਗੋਡਿਆਂ ਨੂੰ ਹੱਥ ਲਾਉਣ ਦੀ ਬਜਾਏ ਉਸ ਨਾਲ ਹੱਥ ਮਿਲਾਇਆ ਤਾਂ ਪੀਰ ਸਾਬ੍ਹ ਨੂੰ ਇਸ ਗੁਸਤਾਖ਼ੀ ਦਾ ਗੁੱਸਾ ਜਾਂ ਆਪਣੀ ਝੂਠੀ ਪੀਰੀ ਦਾ ਸ਼ਾਇਦ ਖ਼ੌਫ਼ ਮਹਿਸੂਸ ਹੋਇਆ। ਮੂੰਹ ਉੱਤੇ ਪ੍ਰੇਸ਼ਾਨੀ ਜਿਹੀ ਦੀ ਬਦਲੀ ਛਾ ਗਈ। ਮੈਂ ਆਪਣੇ ਹਾਸੇ ਨੂੰ ਨੱਥ ਪਾ ਕੇ ਡੱਕਿਆ ਤੇ ਕੰਨ ਦੇ ਨੇੜੇ ਮੂੰਹ ਕਰ ਕੇ ਆਖਿਆ, "ਪੀਰ ਬਸ਼ੀਰ ਸਾਬ੍ਹ, ਮੈਂ ਤੇਰੇ ਪਿੰਡ ਰੰਗਲੇ ਦੀ ਮਿੱਟੀ ਹਾਂ, ਜਿੱਥੇ ਅਸੀਂ ਇਕੱਠੇ ਹੀ ਛੱਪੜ ਵਿੱਚ ਨਹਾਂਦੇ ਹੁੰਦੇ ਸਾਂ।"

ਉਸ ਨੇ ਇੱਕਾ ਦੁੱਕਾ ਬੈਠੇ ਹੋਏ ਮੁਰੀਦਾਂ ਉੱਤੇ ਝਾਤੀ ਮਾਰੀ ਤੇ ਹੌਲੀ ਨਾਲ ਮੈਨੂੰ ਆਖਣ ਲੱਗਾ, "ਓਏ ਤੂੰ ਮਾਂ ਫ਼ਾਤਮਾ ਦਾ ਪੁੱਤਰ ਮੀਨਾ ਤੇ ਨਹੀਂ?" ਜਦੋਂ ਸਾਰੇ ਭੇਤ ਖੁੱਲ੍ਹ ਗਏ ਤੇ ਆਖਣ ਲੱਗਾ, "ਤੂੰ ਪਰਾਂਹ ਡੱਠੀ ਹੋਈ ਮੰਜੀ ਉੱਤੇ ਬਹਿ ਜਾ ਤੇ ਮੈਂ ਇਹ ਦੋ-ਚਾਰ ਭਾਰੂ ਟੋਰ ਕੇ ਆਉਨਾ।"



ਮੈਂ ਸ਼ਬਦ 'ਭਾਰੂ' ਸੁਣ ਕੇ ਹਾਸੇ ਨੂੰ ਹੋਠਾਂ ਵਿੱਚ ਘੁੱਟੀ ਰੱਖਿਆ ਤੇ ਬਸ਼ੀਰਾ ਵੀ ਮੁਸਕਰਾਏ ਬਗੈਰ ਨਾ ਰਹਿ ਸਕਿਆ। ਫਿਰ ਪਤਾ ਨਹੀਂ ਭਰਾਵਾਂ ਨੂੰ ਕੀ ਆਖਿਆ ਕਿ ਉਹ ਗੋਡਿਆਂ ਨੂੰ ਹੱਥ ਲਾਉਂਦੇ-ਲਾਉਂਦੇ ਚਲੇ ਗਏ। ਪੀਰ ਸਾਬ੍ਹ ਮੈਨੂੰ ਆਪਣੇ ਹੁਜਰੇ ਵਿੱਚ ਲੈ ਗਏ ਤੇ ਬੂਹਾ ਢੋਅ ਕੇ ਅਸੀਂ ਖੁੱਲ੍ਹ ਕੇ ਹੱਸੇ। ਬੜਾ ਚਿਰ ਸਾਡੀ ਜੱਫੀ ਨਾ ਛੁੱਟੀ। ਅਸੀਂ ਸ਼ਾਹਦਰੇ ਦੀ ਬਜਾਏ ਰੰਗਲਾ ਸਮਝ ਕੇ ਹੱਸ ਰਹੇ ਸਾਂ। ਬੁਢਾਪਾ ਭੁੱਲ ਕੇ ਜਵਾਨੀ ਮਨਾ ਰਹੇ ਸਾਂ। ਹਾਲ ਭੁੱਲ ਕੇ ਅਤੀਤ ਹੰਢਾ ਰਹੇ ਸਾਂ ਤੇ ਨਲਕੇ ਭੁੱਲ ਕੇ ਛੱਪੜ ਵਿੱਚ ਨਹਾ ਰਹੇ ਸਾਂ। ਵਿਹਲੇ ਹੋਏ ਤਾਂ ਬਸ਼ੀਰੇ ਨੇ ਆਪਣੀ ਅਸਲ ਖ਼ਸਲਤ ਨੂੰ ਵਰਤਦੇ ਹੋਏ ਆਖਿਆ, "ਓਏ ਸੁਣਿਐ ਤੂੰ ਰੇਲਵਾਈ ਵਿੱਚ ਅਫ਼ਸਰ ਲੱਗ ਗਿਐਂ? ਸੁਣਾ ਵੱਢੀ ਦੇ ਕਿੰਨੇ ਕੁ ਆਹੂ ਲਾਹੁੰਦੈਂ?"

ਮੈਂ ਕਿਹਾ, "ਮੈਂ ਤਾਂ ਵੱਢੀ ਨਹੀਂ ਖਾਂਦਾ, ਤੂੰ ਅੱਜਕੱਲ੍ਹ ਜੋ ਕੁਝ ਗ਼ਰੀਬਾਂ ਦੇ ਮੂੰਹੋਂ ਖੋਹ ਕੇ ਖਾ ਰਿਹੈਂ ਉਸ ਦੀ ਗੱਲ ਕਰ।"

"ਬੱਲੇ ਓਏ ਸ਼ੇਰਾ! ਅਖੇ ਮੈਂ ਵੱਢੀ ਨਹੀਂ ਖਾਂਦਾ, ਸੱਪ ਕਹਿੰਦੈ ਮੈਂ ਡੱਡੀ ਨਹੀਂ ਖਾਂਦਾ। ਓਏ ਤੂੰ ਤਾਂ ਨਿੱਕਾ ਹੁੰਦਾ ਵੀ ਲੋਕਾਂ ਦੇ ਖੇਤਾਂ ਵਿੱਚੋਂ ਝੋਨੇ ਦਾ ਸੱਥਰ ਚੋਰੀ ਕਰ ਕੇ ਨੈਤੇ ਕਸ਼ਮੀਰੀ ਦੀ ਹੱਟੀ ਦੇ ਸਾਰੇ ਪਕੌੜੇ ਨੁਗਦੀ ਖਾ ਗਿਆ ਸੈਂ, ਵੱਢੀ ਕਿਉਂ ਨਹੀਂ ਖਾਂਦਾ? ਤੇਰੇ ਲੀੜਿਆਂ ਵਿੱਚੋਂ ਤਾਂ ਅਜੇ ਵੀ ਪਕੌੜਿਆਂ ਦੇ ਤੇਲ ਦੀ ਬੋਅ ਆਉਂਦੀ ਏ।"

ਮੈਂ ਕਿਹਾ, "ਚੁੱਪ ਕਰ ਓਏ ਝੂਠਿਆ ਪੀਰਾ। ਰੱਬ ਕੋਲੋਂ ਡਰ। ਮਾਜ਼ੀ ਦੀਆਂ ਉਹ ਪੁਰਾਣੀਆਂ ਗੱਲਾਂ ਮੇਰੇ ਬਚਪਨ ਦੀ ਨਾਦਾਨੀ ਅਤੇ ਲੜਕਪਨ ਦੀ ਇਕ ਹਸੀਨ ਸ਼ਰਾਰਤ ਸੀ। ਉਹ ਸਭ ਕੁਝ ਵੇਲੇ ਦੇ ਵਹਿਣ ਵਿੱਚ ਰੁੜ੍ਹ ਗਿਐ।"

ਅੱਗੋਂ ਉਹ ਵੀ ਬਸ਼ੀਰਾ ਹਰਾਮ ਦਾ ਸੀ। ਆਖਣ ਲੱਗਾ, "ਓਏ ਚੁੱਪ ਕਰ ਓਏ ਮੀਨਿਆ, ਤੂੰ ਰੰਗਲੇ ਦਾ ਚੋਰ ਲਾਹੌਰ ਆ ਕੇ ਵਲੀ ਅੱਲਾਹ ਬਣ ਗਿਐਂ। ਰੰਗਲੇ ਦੀ ਮਿੱਟੀ ਵਿੱਚ ਉੱਗੀ ਹੋਈ ਛਿੱਤਰ ਉੱਤੇ ਥੋਰ ਨੂੰ ਲਾਹੌਰ ਆ ਕੇ ਫੁੱਲ ਗੁਲਾਬ ਦੇ ਕਿਵੇਂ ਲੱਗ ਗਏ? ਆਦਤਾਂ ਮੌਤ ਨਾਲ ਜਾਂਦੀਆਂ ਨੇ।"

ਮੈਂ ਆਖਿਆ, "ਪੀਰ ਸਾਬ੍ਹ, ਰੰਗਲੇ ਦਾ ਬਸ਼ੀਰਾ ਮਰਾਸੀ ਸ਼ਾਹਦਰੇ ਆ ਕੇ ਸਈਅਦ ਬਸ਼ੀਰ ਸ਼ਾਹ ਬਣ ਸਕਦੈ ਤਾਂ ਮੈਂ ਬਚਪਨ ਦੀ ਨਿੱਕੀ ਜਿਹੀ ਸ਼ਰਾਰਤ ਕਿਉਂ ਨਹੀਂ ਛੱਡ ਸਕਦਾ?"

ਉਸ ਹਰਾਮੀ ਨੇ ਫਿਰ ਟੋਕ ਮਾਰੀ ਤੇ ਆਖਣ ਲੱਗਾ, "ਚਲੋ ਸਾਰੀ ਉਮਰ ਝੂਠ ਮਾਰਨ ਵਾਲੇ ਨੂੰ ਸੱਚਾ ਆਖਣ ਦਾ ਗੁਨਾਹ ਵੀ ਖੱਟ ਲੈਨੇ ਆਂ।

ਪਰ ਹੁਣ ਤੂੰ ਬਾਲ ਪ੍ਰਵਾਰ ਦੀ ਸੁਣਾ।"

ਮੈਂ ਦੱਸਿਆ ਕਿ ਵਿਆਹ ਨੂੰ ਚਿਰ ਹੋ ਗਿਆ ਹੈ। ਹੁਣ ਤਾਂ ਤਿੰਨ ਬਾਲ ਨੇ। ਬਸ਼ੀਰੇ ਨੇ ਫਿਰ ਬਕਵਾਸ ਕੀਤੀ ਤੇ ਆਖਣ ਲੱਗਾ, "ਸੁਣਾ, ਚਮਨ ਮਸੀਹ ਦੇ ਪਿਉ ਲਹਿਣੇ ਈਸਾਈ ਵੱਲ ਢੁਕਿਆ ਸੈਂ ਕਿ ਜੰਞ ਫੇਰੂ ਨਾਈ ਹੋਰਾਂ ਦੇ ਘਰ ਗਈ ਸੀ? ਇਨ੍ਹਾਂ ਤੋਂ ਸਿਵਾ ਤੈਨੂੰ ਕਿਧਰੇ ਢੋਈ ਨਹੀਂ ਸੀ ਮਿਲ ਸਕਦੀ ਤੇ ਨਾ ਕਿਸੇ ਨੇ ਤੈਨੂੰ ਘਾਹ ਪਾਉਣਾ ਸੀ।"

ਮੈਂ ਰੱਜ ਕੇ ਹੱਸ ਲਿਆ ਤੇ ਦੱਸਿਆ ਕਿ ਮੇਰਾ ਵਿਆਹ ਲੰਦਨ ਹੋਇਆ ਸੀ। ਬਸ਼ੀਰੇ ਨੇ ਤਿੰਨ ਵੇਰਾਂ ਉੱਚੀ-ਉੱਚੀ ਲੰਦਨ ਆਖਿਆ ਤੇ ਨਾਲ ਹੀ ਆਖਣ ਲੱਗਾ, "ਬੱਲੇ ਓਏ ਸ਼ੇਰਾ, ਲੰਦਨ ਤੋਂ ਉਰੇ ਖਲੋਂਦਾ ਈ ਨਹੀਂ। ਹੋ ਸਕਦੈ ਕੋਈ ਅਣਭੋਲ ਜਿਹੇ ਓਭੜ ਢਹੇ ਚੜ੍ਹ ਗਏ ਹੋਣ। ਕਿੱਥੇ ਲੰਦਨ ਤੇ ਕਿੱਥੇ ਰੰਗਲੇ ਦਾ ਝੋਨਾ ਚੋਰ।"

ਮੈਂ ਕਿਹਾ, "ਬਸ਼ੀਰਿਆ, ਹੁਣ ਭੌਂਕਣਾ ਬੰਦ ਕਰ ਤੇ ਦੱਸ ਕਿ ਤੇਰਾ ਬਾਕੀ ਮਰਾਸ ਵਾਧਾ ਕਿੱਥੇ ਈ ਤੇ ਛੱਬਾ ਕਿੱਥੇ ਰਹਿੰਦੈ?"

ਉਹ ਆਖਣ ਲੱਗਾ, "ਵੇਖ ਓਏ ਬੇਹਿਦਾਇਤਿਆ, ਕਿਸੇ ਸਈਅਦ ਨਾਲ ਗੁਸਤਾਖ਼ੀ ਕਰੇਂਗਾ ਤਾਂ ਖੜ੍ਹੇ-ਖਲੋਤੇ ਨੂੰ ਅੱਗ ਲੱਗ ਜਾਊ। ਤਮੀਜ਼ ਨਾਲ ਪੁੱਛ ਕਿ ਤੇਰਾ ਬਾਕੀ ਸਈਅਦ ਵਾਧਾ ਅਤੇ ਪੀਰ ਪਰਾਗਾ ਕਿੱਥੇ ਹੈ?"

ਮੈਂ ਹਾਸੇ ਨੂੰ ਡੱਕ ਕੇ ਆਖਿਆ, "ਪੀਰ ਬਸ਼ੀਰ ਸ਼ਾਹ, ਸ਼ੁਕਰ ਕਰ ਮੈਂ ਤੇਰੇ ਮਰਾਸ ਵਾਧੇ ਨੂੰ ਕੁਤੀਰ ਵਾੜਾ ਨਹੀਂ ਆਖਿਆ। ਪਰ ਹੁਣ ਤੂੰ ਆਪਣੇ ਜੀਆਂ ਦੀ ਸੁਣਾ।"

ਉਹ ਥੋੜ੍ਹਾ ਸੰਜੀਦਾ ਸਗੋਂ ਰੰਜੀਦਾ ਜਿਹਾ ਹੋ ਕੇ ਆਖਣ ਲੱਗਾ, "ਬੀਵੀ ਰੱਬ ਨੂੰ ਪਿਆਰੀ ਹੋ ਗਈ ਤੇ ਪਿਛਲੇ ਸਾਲ ਨਿੱਕਾ ਭਰਾ ਛੱਬਾ ਵੀ ਚਲਾਣਾ ਕਰ ਗਿਆ। ਦੋ ਜਵਾਨ ਪੁੱਤਰ ਗੱਦੀ ਨਸ਼ੀਨ ਦੁਬਈ ਚਲੇ ਗਏ। ਬਥੇਰਾ ਆਖਿਆ ਕਿ ਕੀ ਰੱਖਿਐ ਦੁਬਈ ਵਿੱਚ, ਮੇਰੀ ਗੱਦੀ ਸੰਭਾਲੋ। ਉੱਥੇ ਜੋ ਮਹੀਨੇ ਪਿੱਛੋਂ ਮਿਲਦੈ, ਮੈਂ ਹਫ਼ਤੇ ਵਿੱਚ ਕਮਾ ਲੈਂਦਾ ਹਾਂ ਤੇ ਗੱਦੀ ਉੱਤੇ ਬਹਿ ਕੇ ਰਾਜ ਕਰਨਾ ਵੱਖਰਾ ਹੈ।"

ਮੈਂ ਕਿਹਾ, "ਹੁਣ ਸਭ ਕੁਝ ਕੋਲ ਏ ਤਾਂ ਵਿਆਹ ਕਿਉਂ ਨਹੀਂ ਕਰ ਲੈਂਦਾ?"

ਕਹਿਣ ਲੱਗਾ, "ਸੋਚ ਰਿਹਾ ਹਾਂ ਕਿ ਜੇ ਕਿਧਰੇ ਹੱਥ ਅੜ ਗਿਆ ਜਾਂ ਕੋਈ ਵਾਹਵਾ ਸ਼ੁਦੈਣ ਜਿਹੀ ਮੁਰਦਣੀ ਟੇਟੇ ਚੜ੍ਹ ਗਈ ਤਾਂ ਮਲਕੜੇ ਹੀ



ਅਟੇਰ ਲਵਾਂ। ਜੇ ਇੰਞ ਦਾ ਡੁੱਗ ਲੱਗ ਗਿਆ ਤਾਂ ਤੈਨੂੰ ਵੀ ਸੱਦਾਂਗਾ ਸਰਬਾਲ੍ਹਾ ਬਣਾਣ ਲਈ।"

ਇੰਞ ਹੀ ਅਸਾਂ ਪੂਰੀ ਬੇਤਕੁੱਲਫ਼ੀ ਵਿੱਚ ਖੁੱਲ੍ਹ-ਡੁੱਲ੍ਹ ਕੇ ਇਕ-ਦੂਜੇ ਉੱਤੇ ਤਾਅਨੇ ਮਿਹਣਿਆਂ ਦੀ ਚਾਂਦਮਾਰੀ ਕੀਤੀ ਤੇ ਆਪਣੇ ਖ਼ੁਸ਼ੀਆਂ ਭਰੇ ਅਤੀਤ ਦੀ ਪੀਂਘ ਦਾ ਭਰਪੂਰ ਹੂਟਾ ਲਿਆ। ਫਿਰ ਹੌਲੀ-ਹੌਲੀ ਮਖ਼ੌਲ ਦੇ ਮਾਹੌਲ ਵਿੱਚੋਂ ਨਿਕਲ ਕੇ ਅਸੀਂ ਸੰਜੀਦਗੀ ਵੱਲ ਪਰਤੇ ਤਾਂ ਮੈਂ ਆਖਿਆ, "ਬਸ਼ੀਰ ਇਹ ਸਭ ਕੁਝ ਕਿਉਂ ਤੇ ਕਿਵੇਂ ਹੋਇਆ?"

ਉਸ ਆਖਿਆ, "ਵੇਖ ਅਮੀਨ, ਜਦੋਂ ਭੁੱਖਾਂ ਪੈਂਦੀਆਂ ਨੇ ਜਾਂ ਲੋੜਾਂ ਮੂੰਹ ਅੱਡ ਲੈਂਦੀਆਂ ਨੇ ਤਾਂ ਕੂੰਜਾਂ ਵੀ ਆਪਣਾ ਦੇਸ਼ ਛੱਡਣ ਲਈ ਮਜਬੂਰ ਹੋ ਜਾਂਦੀਆਂ ਨੇ । ਮੇਰੇ ਵੱਡੇ-ਵਡੇਰਿਆਂ ਨੇ ਤਾਂ ਉਸ ਪਿੰਡ ਵਿੱਚ ਰੋ ਪਿਟ ਕੇ ਜ਼ਿੰਦਗੀ ਦਾ ਪੈਂਡਾ ਕਟ ਲਿਆ ਸੀ। ਮੈਂ ਤੇਰੇ ਨਾਲੋਂ ਛੇ-ਸੱਤ ਵਰ੍ਹੇ ਵੱਡਾ ਹਾਂ ਤੇ ਇਹ ਪਿੰਡ ਰੰਗਲਾ ਬੜੇ ਦੂਲੇ ਅਤੇ ਸਾਊ ਸਰਦਾਰਾਂ ਦਾ ਸੀ । ਉਹ ਆਪ ਵੀ ਚੰਗਾ ਖਾਂਦੇ ਤੇ ਚੰਗੀ ਪੀਂਦੇ ਸਨ। ਪਿੰਡ ਦੇ ਕੰਮੀ-ਕਮੀਣਾਂ ਦਾ ਵੀ ਧਿਆਨ ਰੱਖਦੇ ਜਿਸ ਕਰ ਕੇ ਰੋਟੀ ਟੁਕ ਵੱਲੋਂ ਹੱਥ ਤੰਗ ਨਹੀਂ ਸੀ । ਫਿਰ '47 ਆਇਆ ਤੇ ਉਹ ਸਾਡੇ ਗਲ ਲੱਗ ਕੇ ਰੋਂਦੇ ਹੋਏ ਹਿੰਦੁਸਤਾਨ ਚਲੇ ਗਏ। ਅੱਠ ਦਸ ਘਰ ਈਸਾਈ ਤੇ ਛੇ ਘਰ ਮੁਸਲਮਾਨਾਂ ਦੇ ਸਨ। ਅਸਾਂ ਉਨ੍ਹਾਂ ਦੇ ਭਰੇ ਹੋਏ ਘਰਾਂ ਨੂੰ ਲੁੱਟ ਕੇ ਆਪਣੇ ਘਰ ਭਰ ਲਏ ਤੇ ਮੱਝਾਂ-ਗਾਵਾਂ ਵੀ ਘਰੀਂ ਬੰਨ੍ਹ ਲਈਆਂ। ਤੂੰ ਵੇਖਿਆ ਹੀ ਹੋਣੈ, ਕੰਮੀ ਹੋ ਕੇ ਵੀ ਅਸੀਂ ਚੌਧਰੀਆਂ ਵਾਲੀ ਜ਼ਿੰਦਗੀ ਗੁਜ਼ਾਰ ਰਹੇ ਸਾਂ । ਅਸਾਂ ਪਹਿਲਵਾਨੀ ਕਰਨ ਲਈ ਅਖਾੜੇ ਗੋਡ ਲਏ। ਪਰ ਕਿੰਨਾ ਕੁ ਚਿਰ? ਲੁੱਟਿਆ ਹੋਇਆ ਮਾਲ ਮੁੱਕ ਗਿਆ, ਮੱਝਾਂ ਵਿਕ ਗਈਆਂ ਤੇ ਪਹਿਲਵਾਨੀ ਛੁਟ ਗਈ। ਗ਼ਰੀਬੀ ਥੋੜ੍ਹੇ ਚਿਰ ਲਈ ਕਿਧਰੇ ਪ੍ਰਾਹੁਣੀਂ ਚਲੀ ਗਈ ਪਰ ਮੁੜ ਉਹ ਸਾਡੀਆਂ ਬਰੂਹਾਂ ਉੱਤੇ ਆਣ ਬੈਠੀ। ਉੱਧਰ ਤੁਸਾਂ ਪਨਾਹਗੀਰਾਂ ਨੇ ਘਰਾਂ ਉੱਤੇ ਮੱਲਾਂ ਮਾਰ ਲਈਆਂ ਤੇ ਜ਼ਮੀਨਾਂ ਅਲਾਟ ਕਰਾ ਕੇ ਮਾਲਕ ਬਣ ਬੈਠੇ ਸਾਰੇ ਪਿੰਡ ਦੇ । ਅਸਾਂ ਸੋਚਿਆ ਕੌਮ ਦੇ ਗੁੱਜਰ ਚੌਧਰੀ ਲੋਕ ਨੇ, ਕੰਮੀ ਕਮੀਨ ਦੇ ਸਿਰ ਉੱਤੇ ਹੱਥ ਰੱਖਣਗੇ। ਪਰ ਵਟ ਨਾ ਖਾਈਂ ਮੀਨਿਆ, ਇਹ ਚੌਧਰੀ ਤਾਂ ਬਾਸਮਤੀ ਵੇਚ ਦੇਂਦੇ ਤੇ ਝੋਨੇ ਦੇ ਮੋਟੇ ਚੌਲ ਖਾਂਦੇ ਸਨ। ਇਹ ਤਾਂ ਰਾਤ ਨੂੰ ਡੋਈ ਚੱਟ ਕੇ ਝੱਟ ਲੰਘਾਣ ਵਾਲੇ ਲੋਕ ਸਨ। ਕਿਸੇ ਨੂੰ ਸਿਰ ਦੀ ਜੂੰ ਨਹੀਂ ਸਨ ਦੇਂਦੇ। ਤੂੰ ਤੇ ਚੌਥੀ ਜਮਾਤ ਪਾਸ ਕਰ ਕੇ ਚਲਾ ਗਿਆ ਸੈਂ, ਪਿੱਛੋਂ ਰੱਜੇ-ਪੁੱਜੇ ਗੁੱਜਰਾਂ ਦੇ ਘਰ ਨੱਚਦੀ ਹੋਈ ਭੁੱਖ

ਜਿਹੜੀ ਅਸਾਂ ਵੇਖੀ ਏ, ਰੱਬ ਬਚਾਏ ਉਸ ਤੋਂ । ਈਮਾਨ ਨਾਲ, ਕੁੱਤੇ ਵੀ ਭੁੱਖ ਦੇ ਮਾਰੇ ਜੂਹ ਛੱਡ ਗਏ। ਕਾਂ ਤਕ ਦੌੜ ਗਏ। ਸਾਡੇ ਜਿਹੇ, ਜ਼ਿਮੀਂਦਾਰਾਂ ਦੇ ਘਰੋਂ ਲੱਸੀ ਦੀ ਲੱਪ ਮੰਗ ਕੇ ਪੀ ਲੈਂਦੇ ਸਨ ਪਰ ਪਤਾ ਨਹੀਂ ਇਹ ਪਨਾਹਗੀਰ ਕਿੱਥੋਂ ਆਏ ਕਿ ਕੁਝ ਲੱਸੀ ਪੀ ਲੈਂਦੇ, ਕੁਝ ਦੀ ਕੜ੍ਹੀ ਪਕਾ ਲੈਂਦੇ, ਬਾਕੀ ਕੁੱਜੇ ਵਿੱਚ ਪਾ ਲੈਂਦੇ ਤੇ ਸੱਤਾਂ ਦਿਨਾਂ ਪਿੱਛੋਂ ਜ਼ਨਾਨੀਆਂ ਖੱਟੀ ਲੱਸੀ ਨਾਲ ਸਿਰ ਧੋ ਲੈਂਦੀਆਂ। ਲੱਸੀ ਪੁਣ ਕੇ ਜੋ ਛਿੱਡੀ ਨਿਕਲਦੀ ਉਹ ਪਹਿਲਾਂ ਕਾਂ ਖਾ ਲਿਆ ਕਰਦੇ ਸਨ, ਪਰ ਹੁਣ ਉਹ ਚੌਧਰਾਣੀ ਮੁੰਡੇ ਦੇ ਸਿਰ ਵਿੱਚ ਮਲ ਲੈਂਦੀ ਸੀ । ਬਸ ਭੁੱਖੇ ਰਹਿ ਰਹਿ ਕੇ ਜ਼ਮੀਨਾਂ ਹੀ ਖ਼ਰੀਦੀ ਜਾਂਦੇ ਸਨ । ਇਸ ਭੁੱਖ ਦੇ ਢੇਕੇ ਪਿੰਡ ਰਹਿ ਕੇ ਅੱਗ ਲਾਣੀ ਸੀ ਤੇਰੇ ਮਾਮਿਆਂ ਦੇ ਪਿੰਡ ਨੂੰ?"

ਬਸ਼ੀਰੇ ਦੀਆਂ ਗੱਲਾਂ ਵੀਹ ਵਿਸਵੇ ਸੱਚੀਆਂ ਸਨ ਕਿਉਂਕਿ ਕੁਝ ਚਿਰ ਪਹਿਲਾਂ ਮਰਨ ਵਾਲੇ ਅਬਦੁਲ ਵਾਹਿਦ ਨੇ ਮੈਨੂੰ ਵੀ ਆਖਿਆ ਸੀ ਕਿ ਏਨੀ ਸਾਰੀ ਕੋਠੀ ਪਾ ਕੇ ਪੈਸੇ ਬਰਬਾਦ ਕਰਨ ਨਾਲੋਂ ਰੰਗਲੇ ਇਕ ਮੁਰੱਬਾ ਜ਼ਮੀਨ ਖ਼ਰੀਦ ਲੈਂਦਾ ਤਾਂ ਚੰਗਾ ਸੀ। ਪਰ ਮੈਨੂੰ ਥੋੜ੍ਹੀ ਜਿਹੀ ਨਮੋਸ਼ੀ ਹੋਈ ਤੇ ਮੈਂ ਆਖਿਆ, "ਓਏ ਬਸ਼ੀਰਿਆ! ਮੇਰੀ ਗੋਦ ਵਿੱਚ ਬਹਿ ਕੇ ਦਾੜ੍ਹੀ ਤਾਂ ਨਾ ਪੁੱਟ।" ਉਹ ਹੱਸ ਕੇ ਆਖਣ ਲੱਗਾ, "ਓਏ ਤੇਰੇ ਸਾਕਾਂ ਨੇ ਸਾਡਾ ਬੂਟਾ ਪੁੱਟ ਛੱਡਿਐ। ਸਾਡਾ ਜੱਦੀ ਪੁਸ਼ਤੀ ਪਿੰਡ ਛੁਡਾ ਦਿੱਤੈ, ਤੂੰ ਦਾੜ੍ਹੀ ਨੂੰ ਰੋਨੈਂ?"

ਮੈਂ ਕਿਹਾ, "ਚੱਲ ਛੱਡ ਬਸ਼ੀਰਿਆ, ਤੇਰਾ ਕੀ ਵਿਗੜਿਐ? ਲੋਕਾਂ ਤੈਨੂੰ ਕੰਜੂਸੀ ਦੀ ਲੱਤ ਮਾਰੀ ਤੇ ਤੇਰਾ ਕੁੱਬ ਨਿਕਲ ਆਇਆ। ਉਨ੍ਹਾਂ ਦੀ ਬੁਰਾਈ ਤੈਨੂੰ ਜੱਚ ਗਈ ਤੇ ਤੇਰਾ ਕੰਮ ਸਕਾਰਥਾ ਹੋ ਗਿਆ। ਹੁਣ ਤੂੰ ਉੱਚੀ ਗੱਦੀ ਉੱਤੇ ਬਹਿ ਕੇ ਇਨਸਾਨਾਂ ਵਰਗੀਆਂ ਭੇਡਾਂ ਉੱਤੇ ਰਾਜ ਕਰ ਰਿਹੈਂ। ਛੱਡ ਸਾਰੀਆਂ ਗੱਲਾਂ, ਤੂੰ ਇਹ ਸੁਣਾ ਕਿ ਇਹ ਸਾਰਾ ਕੁਝ ਕਿਵੇਂ ਹੋਇਆ? ਇਹ ਖੁੱਲ੍ਹਾ-ਡੁੱਲ੍ਹਾ ਡੇਰਾ ਕਿੱਥੋਂ ਲਿਆ ਅਤੇ ਇਹ ਭੇਡਾਂ ਭਾਰੂ ਕਿਵੇਂ ਇਕੱਠੇ ਕੀਤੇ?"

ਉਹ ਆਖਣ ਲੱਗਾ, "ਈਮਾਨ ਨਾਲ ਮੈਨੂੰ ਤਾਂ ਕੁਝ ਵੀ ਨਹੀਂ ਕਰਨਾ ਪਿਆ। ਭੁੱਖਾਂ ਦਾ ਫਾਂਡਾ ਖਾ ਕੇ ਪਿੰਡੋਂ ਦੌੜਿਆ ਤੇ ਇਕ ਜਾਣੂ ਬੰਦੇ ਕੋਲ ਸ਼ਾਹਦਰੇ ਆ ਗਿਆ । ਰਾਜਾਂ ਮਿਸਤਰੀਆਂ ਨਾਲ ਮਜ਼ਦੂਰੀ ਕਰ ਕੇ ਇਕ ਨਿੱਕੀ ਜਿਹੀ ਕੋਠੜੀ ਕਿਰਾਏ ਉੱਤੇ ਲੈ ਕੇ ਰਹਿਣ ਲੱਗ ਪਿਆ। ਨਾਈ ਨੂੰ ਦੇਣ ਲਈ ਪੈਸੇ ਕੋਲ ਕੋਈ ਨਹੀਂ ਸਨ ਤਾਂ ਮਜਬੂਰਨ ਦਾੜ੍ਹੀ ਹੀ ਰੱਖ ਲਈ। ਬਹੁਤੀ ਵਧੀ ਹੋਈ ਦਾੜ੍ਹੀ ਵੇਖ ਕੇ ਮੁਹੱਲੇ ਵਾਲੇ ਝੁਕ ਕੇ ਸਲਾਮ ਕਰਨ ਲੱਗ ਪਏ ਤੇ ਮੈਂ ਰੱਬ ਰੱਬ ਕਰਦੇ ਹੋਏ ਸਿਰ ਉੱਤੇ ਪਿਆਰ ਦੇਂਦਾ ਰਿਹਾ। ਇਕ



ਦਿਨ ਇਕ ਬਿਮਾਰ ਬਾਲ ਚੁੱਕੀ ਫਿਰਦੀ ਜ਼ਨਾਨੀ ਨੇ ਆਖਿਆ ਕਿ ਬਾਬਾ ਜੀ ਇਸ ਨੂੰ ਬੜੇ ਦਿਨਾਂ ਤੋਂ ਕੱਸ ਚੜ੍ਹੀ ਹੋਈ ਏ, ਕੁਝ ਦਮ ਕਰ ਕੇ ਫੂਕ ਮਾਰ ਦਿਉ। ਉਹ ਲੋਕਾਂ ਦੇ ਯਕੀਨ ਵਾਲੇ ਚੁੱਲ੍ਹੇ ਵਿੱਚ ਮਾਰੀ ਹੋਈ ਮੇਰੀ ਪਹਿਲੀ ਫੂਕ ਸੀ । ਮੈਂ ਆਪਣੇ ਮੂੰਹ ਵਿੱਚ ਐਵੇਂ ਬੁੜ ਬੁੜ ਕਰ ਕੇ ਉਸ ਬਾਲ ਨੂੰ ਫੂਕ ਮਾਰ ਦਿੱਤੀ ਤੇ ਨਾਲ ਹੀ ਦਿਲ ਵਿੱਚ ਆਖਿਆ ਕਿ ਰੱਬਾ ਤੂੰ ਹੀ ਇੱਜ਼ਤਾਂ ਰੱਖਣ ਵਾਲਾ ਏਂ। ਉਸ ਬਾਲ ਨੂੰ ਇਕ ਦਿਨ ਅਰਾਮ ਤੇ ਆਖ਼ਰ ਆ ਹੀ ਜਾਣਾ ਸੀ । ਨਾਲੇ ਨਾ ਵੀ ਆਉਂਦਾ ਤਾਂ ਮੈਂ ਕਿਹੜਾ ਉਸ ਬੀਬੀ ਨੂੰ ਅਸ਼ਟਾਮ ਲਿਖ ਕੇ ਦਿੱਤਾ ਸੀ । ਕਿਸੇ ਵੀ ਪੀਰ-ਫ਼ਕੀਰ ਦੀ ਹਰ ਫੂਕ ਕਾਰੇ ਤੇ ਨਹੀਂ ਆ ਜਾਂਦੀ। ਉਸ ਬਾਲ ਦੀ ਮਾਂ ਨੇ ਕਿਸੇ ਹੋਰ ਮਾਂ ਨੂੰ ਦੱਸਿਆ ਹੋਸੀ ਕਿ ਬਾਬੇ ਦੀ ਫੂਕ ਨਾਲ ਮੇਰਾ ਪੁੱਤਰ ਠੀਕ ਹੋ ਗਿਐ। ਬਸ ਫਿਰ, ਫੂਕਾਂ ਸ਼ੁਰੂ ਹੋ ਗਈਆਂ। ਵੇਖਦਿਆਂ-ਵੇਖਦਿਆਂ ਹੀ ਅੱਜ ਹੋਰ ਤੇ ਕੱਲ੍ਹ ਹੋਰ। ਕਈ ਤਵੀਤ ਮੰਗਣ ਵਾਲੇ ਵੀ ਆ ਗਏ। ਰਾਤ ਨੂੰ ਕਦੀ-ਕਦੀ ਖੀਰ, ਮਿੱਠੇ ਚੌਲ ਅਤੇ ਹਲਵਾ ਮੇਰੀ ਕੋਠੜੀ ਵਿੱਚ ਆਉਣ ਲੱਗ ਪਿਆ। ਮੈਂ ਕਿਸੇ ਨੂੰ ਕੁਝ ਵੀ ਨਹੀਂ ਸੀ ਆਖਿਆ ਪਰ ਉਹ ਆਪੇ ਹੀ ਮੈਨੂੰ ਸ਼ਾਹ ਜੀ ਕਹਿਣ ਲੱਗ ਪਏ। ਮੈਨੂੰ ਆਉਂਦੀ ਤਾਂ ਨਹੀਂ ਸੀ ਪਰ ਕੰਮ ਰਿੜ੍ਹਦਾ ਵੇਖ ਕੇ ਨਮਾਜ਼ ਵੀ ਪੜ੍ਹਨ ਲੱਗ ਪਿਆ। ਪੜ੍ਹਦਾ ਤਾਂ ਕੁਝ ਨਹੀਂ ਸਾਂ, ਉੱਤੇ ਥੱਲੇ ਹੋਣ ਦੀ ਡਰਿੱਲ ਹੀ ਕਰਨੀ ਆਉਂਦੀ ਸੀ। ਕੰਮ ਹੋਰ ਵਧਿਆ ਤਾਂ ਮੈਂ ਹਰਾ ਚੋਗਾ ਅਤੇ ਹਰੇ ਰੰਗ ਦੀ ਟੋਪੀ ਖ਼ਰੀਦ ਲਈ। ਪਹਿਲੇ ਦਿਨ ਫੂਕ ਮਰਵਾਣ ਵਾਲੀ ਬੀਬੀ ਜਦੋਂ ਸ਼ਾਮ ਨੂੰ ਦੋ ਪਰੌਂਠੇ ਤੇ ਕੜਾਹ ਦਾ ਠੂਠਾ ਲੈ ਕੇ ਆਈ ਤਾਂ ਮੈਂ ਡਰਦੇ-ਡਰਦੇ ਨੇ ਪੁੱਛਿਆ, ਸੁਣਾ ਪੁੱਤਰ ਬੱਚੇ ਦਾ ਕੀ ਹਾਲ ਏ? ਜ਼ਨਾਨੀ ਆਖਣ ਲੱਗੀ, ਬਾਬਾ ਜੀ ਤੁਹਾਡੀ ਫੂਕ ਮਾਰਨ ਦੀ ਦੇਰ ਸੀ, ਕਾਕਾ ਦਿਨੋ ਦਿਨ ਨੌਂ ਬਰ ਨੌਂ ਹੋ ਗਿਆ। ਬਸ ਫਿਰ, ਮੇਰੀਆਂ ਫੂਕਾਂ ਗਲੀ ਵਿੱਚੋਂ ਨਿਕਲ ਕੇ ਮੁਹੱਲੇ ਵਿੱਚ ਫੈਲ ਗਈਆਂ। ਕੋਈ ਵਰ੍ਹਾ ਖੰਡ ਹੀ ਲੱਗਾ ਹੋਵੇਗਾ ਕਿ ਮੈਂ ਪੀਰ ਬਸ਼ੀਰ ਸ਼ਾਹ ਬਣ ਗਿਆ ਤੇ ਮੇਰੀਆਂ ਕਰਾਮਾਤਾਂ ਦੀ ਧੁੰਮ (Fame) ਪੈ ਗਈ।"

ਮੈਂ ਉਸ ਦੀ ਗੱਲ ਡੱਕ ਕੇ ਪੁੱਛਿਆ, "ਬਸ਼ੀਰਿਆ ਤੂੰ ਤਾਂ ਅਲਫ਼ੋਂ ਬੇ ਨਹੀਂ ਪੜ੍ਹਿਆ ਤੇ ਇਹ ਤਵੀਤ ਕਿਵੇਂ ਲਿਖਦੈਂ?"

ਉਹ ਹੱਸ ਕੇ ਆਖਣ ਲੱਗਾ, "ਜੇ ਮੈਂ ਨਹੀਂ ਪੜ੍ਹਿਆ ਤਾਂ ਇਹ ਤਵੀਤ ਲੈਣ ਵਾਲੇ ਕਿਹੜੇ ਆਲਮ ਫ਼ਾਜ਼ਲ ਨੇ। ਨਾਲੇ ਤਵੀਤ ਗੱਲ ਪਾਉਣ ਲਈ ਹੁੰਦੈ, ਉਹਦਾ ਪਾਠ ਕੌਣ ਕਰਦਾ ਈ? ਨਾਲੇ ਜੇ ਇਹ ਏਨੇ ਸਿਆਣੇ ਹੁੰਦੇ ਤਾਂ ਮੇਰੇ ਕੋਲੋਂ ਹੀ ਤਵੀਤ ਲੈਣ ਆਉਂਦੇ? ਮੈਂ ਇਕ ਕਾਗ਼ਜ਼ ਉੱਤੇ ਕੀੜੀ

ਕਾਢੇ ਵਾਹ ਦੇਂਦਾ ਹਾਂ ਤੇ ਨਾਲ ਹੀ ਹੁਕਮ ਦੇਂਦਾ ਹਾਂ ਕਿ ਬਾਹਰ ਗਲੀ ਵਿੱਚ ਮੋਚੀ ਨਜ਼ੀਰੀ ਕੋਲੋਂ ਹੁਣੇ ਹੀ ਮੜ੍ਹਾ ਲਵੋ। ਰੁਪਿਆ ਮੋਚੀ ਮੱਠਦਾ ਏ ਤੇ ਵਿੱਚੋਂ ਅਠਿਆਨੀ ਮੇਰੀ ਹੁੰਦੀ ਏ। ਨਾਲੇ ਇਕ ਗੱਲ ਦਾ ਚੇਤਾ ਰੱਖੀਂ, ਜਿਹੜੇ ਭਾਰੂ ਇਕ ਵੇਰਾਂ ਪੀਰਾਂ ਬਾਬਿਆਂ ਦੇ ਢਹੇ ਚੜ੍ਹ ਜਾਣ ਉਹ ਪੜ੍ਹੇ ਵੀ ਹੋਣ ਤਾਂ ਪੜ੍ਹਾਈ ਕਿਸੇ ਕੰਮ ਦੀ ਨਹੀਂ ਰਹਿੰਦੀ। ਜਦੋਂ ਅਕਲ ਹੀ ਮਾਰੀ ਜਾਏ ਤਾਂ ਪੜ੍ਹਾਈ ਟੰਗਾਂ ਖੜ੍ਹੀਆਂ ਕਰੇਗੀ? ਸਵਾਦਲੀ ਗੱਲ ਤਾਂ ਇਹ ਹੈ ਕਿ ਜੇ ਸਾਡੀ ਦੁਆ, ਤਵੀਤ, ਜਾਂ ਫੂਕ ਨਾਲ ਉਨ੍ਹਾਂ ਦਾ ਕੰਮ ਸੰਵਰ ਜਾਏ ਤਾਂ ਸਾਡੀ ਬੱਲੇ ਬੱਲੇ ਤੇ ਜੇ ਕੰਮ ਨਾ ਬਣੇ ਤਾਂ ਕਸੂਰ ਰੱਬ ਦੇ ਖਾਤੇ ਪਾ ਦੇਂਦੇ ਨੇ ਕਿ ਰੱਬ ਨੇ ਮਨਜ਼ੂਰ ਨਹੀਂ ਕੀਤਾ। ਭਲਾਈ ਸਾਡੀ ਝੋਲੀ ਤੇ ਬੁਰਾਈ ਅਸਮਾਨਾਂ ਵੱਲ। ਇੰਵ ਬਾਬਿਉ! ਸਾਡੀਆਂ ਪੰਜੇ ਹੀ ਘਿਉ ਵਿੱਚ। ਇਸ ਕੰਮ ਵਿੱਚ ਭੋਲਿਆ, ਥੋੜ੍ਹੀ ਜਿਹੀ ਅਕਲ ਨਾਲ ਚਾਲਾਕੀ ਦਾ ਅਜਿਹਾ ਵਾੜਾ ਬਣਾਉ ਕਿ ਭੇਡਾਂ ਆਪੇ ਹੀ ਆਣ ਵੜਨ।"

ਮੈਂ ਪੀਰ ਬਸ਼ੀਰ ਸ਼ਾਹ ਦੀਆਂ ਹੁਸ਼ਿਆਰੀਆਂ ਅਤੇ ਸ਼ੁਦਾਈਆਂ ਦੇ ਸ਼ੁਦਾਅ ਦੇ ਕਿੱਸੇ ਸੁਣ ਕੇ ਬੜਾ ਹੀ ਹੱਸਿਆ ਤੇ ਪੁੱਛਿਆ, "ਹੁਣ ਬਾਕੀ ਜੀਆ ਜੰਤ ਦੀ ਸੁਣਾ ਕਿ ਉਹ ਕਿੱਥੇ ਈ?" ਉਹ ਭੋਰਾ ਕੁ ਉੱਛਲ ਗਿਆ ਤੇ ਡੂੰਘਾ ਜਿਹਾ ਸਾਹ ਲੈ ਕੇ ਆਖਣ ਲੱਗਾ, "ਤੇਰੇ ਹਾਣ ਦਾ ਨਿੱਕਾ ਭਰਾ ਛੱਬਾ ਤਾਂ ਜਵਾਨੀ ਵਿੱਚ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ। ਤੇਰੀ ਭਰਜਾਈ ਵੀ ਦੁਨੀਆਂ ਤੋਂ ਚਲੀ ਗਈ ਤੇ ਇਸੇ ਕਰ ਕੇ ਪਿੰਡ ਛੱਡ ਕੇ ਇੱਥੇ ਆ ਗਿਆ। ਦੋ ਪੁੱਤਰ ਨੇ ਜਿਨ੍ਹਾਂ ਨੂੰ ਮੁਰੀਦਾਂ ਦੀ ਮਦਦ ਨਾਲ ਦੁਬਈ ਘੱਲ ਦਿੱਤਾ। ਹੁਣ ਕੱਲੀ-ਕੱਲੀ ਜਾਨ ਏ, ਸੋਚਦਾ ਹਾਂ ਕਿ ਗ਼ਰੀਬੀ ਮੁੱਕੀ ਤੇ ਟੱਬਰ ਨਾ ਰਿਹਾ। ਛੋਲੇ ਲੱਭੇ ਤਾਂ ਚੱਬਣ ਵਾਲੇ ਦੰਦ ਵੀ ਚਲੇ ਗਏ।"

ਬਸ਼ੀਰਾ ਭਾਵੇਂ ਕਿੰਨੇ ਵੀ ਚੰਗੇ ਹਾਲ ਵਿੱਚ ਸੀ ਪਰ ਗਵਾਚ ਗਏ ਵੇਲੇ ਨੂੰ ਅੱਜ ਵੀ ਯਾਦ ਕਰ ਕੇ ਇਕ ਆਹ ਭਰਦਾ ਸੀ। ਕਿਸੇ ਜਜ਼ਬਾਤੀ ਇਨਸਾਨ ਲਈ ਮਾਜ਼ੀ ਵਰਗੀ ਗਵਾਚੀ ਹੋਈ ਸ਼ੈਅ ਉਸ ਦੇ ਕੁੱਛੜੋਂ ਨਹੀਂ ਲਹਿੰਦੀ ਭਾਵੇਂ ਮਾਜ਼ੀ ਕਿੱਡਾ ਵੀ ਬੁਰਾ ਹੋਵੇ।

ਮੈਂ ਆਪਣੀ ਇਸ ਖ਼ੁਸ਼ਗਵਾਰ ਜਿਹੀ ਮੁਲਾਕਾਤ ਕਰ ਕੇ ਉੱਠਦੇ ਹੋਏ ਆਖਿਆ, "ਬਸ਼ੀਰ! ਯਾਰ ਕਿਸੇ ਦਿਨ ਮੇਰੇ ਘਰ ਆ। ਅਸੀਂ ਰੰਗਲੇ ਦੇ ਰੰਗੀਨ ਜ਼ਮਾਨੇ ਨੂੰ ਯਾਦ ਕਰ ਕੇ ਆਪਣੇ ਬਚਪਨ ਅਤੇ ਲੜਕਪਨ ਦਾ ਸਵਾਦ ਲਵਾਂਗੇ।"

ਉਸ ਨੇ ਸਿੱਧਾ ਹੀ ਇਨਕਾਰ ਕਰਦੇ ਹੋਏ ਆਖਿਆ, "ਵੇਖ ਮੀਨਿਆ, ਤੂੰ ਬੁਰਾ ਨਾ ਮਨਾਈਂ, ਮੇਰੇ ਲਈ ਆਉਣਾ ਔਖਾ ਈ। ਇਕ ਤਾਂ ਦਿਹਾੜੀ ਮਰਦੀ



ਏ, ਦੂਜਾ ਦੁਕਾਨਦਾਰੀ ਦਾ ਇਹ ਅਸੂਲ ਹੈ ਕਿ ਹੱਟੀ ਨੂੰ ਇਕ ਦਿਨ ਵੀ ਬੰਦ ਨਾ ਕੀਤਾ ਜਾਏ।" ਮੈਨੂੰ ਗੱਲ ਦੀ ਸਮਝ ਤਾਂ ਆ ਗਈ ਪਰ ਚਸਕਾ ਲੈਣ ਲਈ ਆਖਿਆ, "ਓਏ ਲਾਹਨਤੀਆ, ਤੂੰ ਕਿਹੜਾ ਰਾਜਾਂ-ਮਿਸਤਰੀਆਂ ਨਾਲ ਕੰਮ ਕਰਨੈ ਜਿਹੜੀ ਦਿਹਾੜੀ ਮਰ ਜਾਏਗੀ।" ਬਸ਼ੀਰ ਨੇ ਤੁਰੰਤ ਜਵਾਬ ਦਿੱਤਾ ਤੇ ਆਖਣ ਲੱਗਾ, "ਰਾਜਾਂ ਨਾਲ ਮਜ਼ਦੂਰੀ ਕਰਦਿਆਂ ਦਿਹਾੜੀ ਗਵਾਚ ਜਾਏ ਤਾਂ ਕਮ-ਅਜ਼-ਕਮ ਇਕ ਦਿਨ ਦਾ ਅਰਾਮ ਤਾਂ ਮਿਲ ਜਾਂਦੈ। ਮੇਰੀ ਦਿਹਾੜੀ ਵਿੱਚ ਅਰਾਮ ਵੀ ਹੈ ਤੇ ਮਜ਼ਦੂਰੀ ਵੀ ਪੂਰੀ ਲੱਭ ਜਾਂਦੀ ਏ; ਜਿਸ ਨੂੰ ਮਿਹਨਤ ਤੋਂ ਬਗੈਰ ਦਿਹਾੜੀ ਮਿਲ ਜਾਏ ਉਹ ਦਿਹਾੜੀ ਕਿਉਂ ਛੱਡੇ? ਕਮਲਿਆ ਹੱਥ ਹਿਲਾਏ ਬਗੈਰ ਪੈਰਾਂ ਵਿੱਚ ਪੈਸੇ ਆ ਜਾਣ ਤਾਂ ਕੌਣ ਛੱਡਦਾ ਈ?"

ਮੈਂ ਆਪਣੀ ਮੱਤ ਮੂਜਬ ਆਖ ਬੈਠਾ, "ਓਏ ਬਸ਼ੀਰ, ਇਹ ਮਜ਼ਦੂਰ, ਅਨਪੜ੍ਹ ਅਤੇ ਮਾਸੂਮ ਜਿਹੇ ਲੋਕ ਨੇ। ਇਨ੍ਹਾਂ ਗ਼ਰੀਬਾਂ ਦਾ ਲਹੂ ਚੂਸਣਾ ਛੱਡ ਕੇ ਰੱਬ ਕੋਲੋਂ ਡਰ।"

ਉਹ ਸੋਚੇ ਬਗੈਰ ਪੈਰ 'ਤੇ ਹੀ ਬੋਲਿਆ ਤੇ ਆਖਣ ਲੱਗਾ, "ਜਦੋਂ ਮੈਂ ਅਤੇ ਮੇਰੇ ਬਾਲ ਭੁੱਖੇ ਮਰ ਰਹੇ ਸਨ, ਉਸ ਵੇਲੇ ਰੱਬ ਤਾਂ ਕਿਸੇ ਕੋਲੋਂ ਨਹੀਂ ਸੀ ਡਰਿਆ। ਇਹ ਪੈਸੇ ਵਾਲੇ ਮੇਰਾ ਲਹੂ ਪੀਂਦੇ ਰਹਿਣ ਤੇ ਖ਼ੈਰਸੱਲਾ, ਮੈਨੂੰ ਪਿੰਡ ਵਿੱਚੋਂ ਕੋਈ ਲੱਸੀ ਮੰਗਿਆਂ ਵੀ ਨਾ ਦੇਵੇ ਤਾਂ ਸੱਤੇ ਖ਼ੈਰਾਂ। ਹੁਣ ਆਖ਼ਰੀ ਉਮਰ ਵਿੱਚ ਮੈਂ ਰੱਜ ਕੇ ਰੋਟੀ ਖਾਣ ਲੱਗਾ ਹਾਂ ਤੇ ਰੱਬ ਕੋਲੋਂ ਡਰ ਕੇ ਭੁੱਖਾ ਕਿਵੇਂ ਮਰ ਜਾਵਾਂ?"

ਮੈਨੂੰ ਪਤਾ ਲੱਗ ਗਿਆ ਕਿ ਬਸ਼ੀਰਾ ਹਰਾਮਦਾ ਹੁਣ ਚੱਲ ਟੁਰਿਆ ਹੈ। ਉਸ ਦੇ ਮੂੰਹੋਂ ਗੁਸਤਾਖ਼ੀ ਅਤੇ ਕੁਫ਼ਰ ਦੇ ਕਲਮੇ ਨਹੀਂ ਸੁਣਨੇ ਚਾਹੀਦੇ। ਮੈਂ ਕਿਹਾ, "ਯਾਦ ਕਰ ਓਏ ਬਸ਼ੀਰਿਆ, ਕਦੀ ਤੂੰ ਦੁਆ ਮੰਗਦਾ ਹੁੰਦਾ ਸੈਂ ਕਿ ਰੱਬਾ ਮੇਰੇ ਵੀ ਦਿਨ ਫੇਰ ਦੇ। ਅੱਜ ਤੈਨੂੰ ਉਹ ਦਿਨ ਭੁੱਲ ਗਏ ਨੇ?"

ਉਹ ਆਖਣ ਲੱਗਾ, "ਓਏ ਜਦੋਂ ਦਿਨ ਫਿਰਦੇ ਨੇ ਤਾਂ ਬੰਦਾ ਵੀ ਫਿਰ ਜਾਂਦੈ।" ਮੈਂ ਉਸ ਦੇ ਮੂੰਹ ਅੱਗੇ ਹੱਥ ਰੱਖ ਕੇ ਆਖਿਆ, "ਚੰਗਾ ਬਸ਼ੀਰਿਆ ਤੂੰ ਦਿਹਾੜੀਆਂ ਲਾਈ ਜਾ ਤੇ ਰੱਜ ਕੇ ਰੋਟੀ ਖਾਈ ਜਾ। ਪਰ ਯਾਦ ਰੱਖੀਂ ਦੋਸਤਾ, ਤੂੰ ਸਈਅਦ ਬਣ ਕੇ ਜਿਹੜਾ ਇਹ ਪੀਰੀ-ਮੁਰੀਦੀ ਦਾ ਜਾਲ ਵਿਛਾਇਐ, ਇਸ ਦਾ ਕੋਈ ਭਾਂਡਾ ਭੰਨ ਕੇ ਇਨ੍ਹਾਂ ਲੋਕਾਂ ਨੂੰ ਕੋਈ ਇਹ ਦੱਸ ਦੇਵੇ ਕਿ ਤੁਹਾਡਾ ਪੀਰ ਪਿੰਡ ਰੰਗਲੇ ਦਾ ਜੱਦੀ ਪੁਸ਼ਤੀ ਮਰਾਸੀ ਅਤੇ ਕੋਰਾ ਚਿੱਟਾ ਅਨਪੜ੍ਹ ਹੈ ਤਾਂ ਤੇਰੇ ਪੱਲੇ ਕੀ ਰਹੇਗਾ? ਇਹ ਲੋਕ ਤੇਰਾ ਕੀ ਹਾਲ ਕਰਨਗੇ।"

ਬਸ਼ੀਰਾ ਠਹਾਕਾ ਮਾਰ ਕੇ ਹੱਸਿਆ ਤੇ ਦੋ ਸ਼ਬਦਾਂ ਵਿੱਚ ਗੱਲ ਮੁਕਾਂਦੇ ਹੋਏ ਆਖਣ ਲੱਗਾ, "ਤੂੰ ਦੂਰ ਕਾਹਨੂੰ ਜਾਨੈਂ। ਇਹ ਭਾਂਡਾ ਤੂੰ ਹੀ ਭੰਨ ਕੇ ਵੇਖ ਲੈ, ਜੇ ਤੇਰੀਆਂ ਇਨ੍ਹਾਂ ਨੇ ਲੀਰਾਂ ਨਾ ਲਾਹ ਦਿੱਤੀਆਂ। ਮੇਰੇ ਕਿਸੇ ਗ਼ਰੀਬ ਗ਼ੁਰਬੇ ਮੁਰੀਦ ਨੂੰ ਕਿਸੇ ਨਿੱਕੀ ਮੋਟੀ ਗ਼ਲਤੀ ਤੋਂ ਥਾਣੇਦਾਰ ਸੱਦ ਲਵੇ ਤੇ ਮੈਂ ਉਸ ਦੇ ਪਿੱਛੇ ਥਾਣੇ ਜਾਂਦਾ ਹਾਂ ਤੇ ਥਾਣੇਦਾਰ ਉੱਠ ਕੇ ਮਿਲਦਾ ਹੈ। ਥਾਣੇਦਾਰ ਨੂੰ ਇਹ ਵੀ ਪਤਾ ਹੈ ਕਿ ਉਸ ਨੇ ਮੇਰੀ ਗੱਲ ਨਾ ਮੰਨੀ ਤਾਂ ਸ਼ਾਮ ਨੂੰ ਲੋਕਾਂ ਦਾ ਜਲੂਸ ਥਾਣੇ ਨੂੰ ਅੱਗ ਲਾ ਦੇਵੇਗਾ। ਸੁਣ ਓਏ ਸ਼ੁਦਾਈਆ, ਜਦੋਂ ਅੰਨ੍ਹੀ ਸ਼ਰਧਾ ਦਾ ਸ਼ੁਦਾਅ ਬੰਦੇ ਨੂੰ ਅੰਨ੍ਹਾ ਬੋਰਾ ਕਰ ਦੇਵੇ ਤਾਂ ਪੜ੍ਹੇ-ਲਿਖੇ ਅਫ਼ਸਰ ਵੀ ਮੇਰੇ ਜਿਹੇ ਦੇ ਪੈਰੀਂ ਡਿੱਗਦੇ ਵੇਖੇ ਨੇ। ਮੇਰੀਆਂ ਇਹ ਭੇਡਾਂ ਭਾਰੂ ਤਾਂ ਉਂਞ ਹੀ ਅਕਲੋਂ ਪੈਦਲ ਨੇ। ਇਨ੍ਹਾਂ ਦੀ ਸੋਚ ਵਿਚਾਰ ਦਾ ਤਾਂ ਕਿਸੇ ਨੇ ਨਾੜੂ ਵੀ ਨਹੀਂ ਛੇਕਿਆ।"

ਇਹ ਸਭ ਕੁਝ ਸੁਣ ਕੇ ਮੇਰੀਆਂ ਸੋਚਾਂ ਦਾ ਸਾਹ ਟੁੱਟ ਗਿਆ ਤੇ ਮੈਂ ਆਖਿਆ, "ਪੀਰ ਜੀ, ਤੁਹਾਡੀਆਂ ਖੇਡਾਂ ਮੇਰੇ ਵਾਰੇ ਵਿੱਚ ਨਹੀਂ ਆਉਂਦੀਆਂ, ਮੈਨੂੰ ਇਜਾਜ਼ਤ ਦਿਉ।" ਮੈਂ ਉੱਠ ਕੇ ਹੱਥ ਮਿਲਾਇਆ ਤੇ ਬਸ਼ੀਰ ਨੇ ਬੜੀ ਰਾਜ਼ਦਾਰੀ ਨਾਲ ਮੇਰੇ ਕੰਨ ਕੋਲ ਮੂੰਹ ਕਰ ਕੇ ਆਖਿਆ, "ਓਏ ਯਾਰ ਮੀਨਿਆ, ਹੁਣ ਤੇਰੇ ਤੋਂ ਕੀ ਲੁਕਾਅ, ਹਰ ਗੱਲ ਤੋਂ ਜਾਣੂ ਏਂ। ਤੇਰੇ ਗੋਚਰਾ ਇਕ ਕੰਮ ਏ ਜੇ ਕਰ ਦੇਵੇਂ ਤੇ।"

ਮੈਂ ਆਖਿਆ, "ਤੂੰ ਡਰ-ਡਰ ਕੇ ਕਿਉਂ ਬੋਲ ਰਿਹੈਂ, ਖੁੱਲ੍ਹ ਕੇ ਦੱਸ ਮੈਂ ਹਾਜ਼ਿਰ ਹਾਂ।"

ਉਸ ਨੇ ਕਿਹਾ, "ਰੱਬ ਦੀ ਦਿੱਤੀ ਹਰ ਸ਼ੈਅ ਮੇਰੇ ਕੋਲ ਏ ਪਰ ਮੈਂ ਇਸ ਕਮਰੇ ਵਿੱਚ ਸ਼ਾਮ ਨੂੰ ਇਕੱਲਾ ਹੁੱਸੜ ਜਾਂਦਾ ਹਾਂ। ਦੁਨੀਆਂ ਸੌਂ ਬਹਿ ਜਾਂਦੀ ਏ ਤੇ ਮੈਂ ਅੱਖਾਂ ਅੱਡ ਕੇ ਬਾਲੇ ਗਿਣਦਾ ਰਹਿੰਦਾ ਹਾਂ। ਇਕ ਕੰਮ ਹੈ ਜੋ ਮੇਰੇ ਵੱਸ ਵਿੱਚ ਨਹੀਂ । ਡਰਦਾ ਹਾਂ ਕਿ ਕਿਧਰੇ ਝੱਗਾ ਹੀ ਚੌੜ ਨਾ ਹੋ ਜਾਏ। ਕੰਮ ਇਹ ਹੈ ਕਿ ਕਿਧਰੋਂ ਸ਼ਰਾਬ ਦੀ ਬੋਤਲ ਲੱਭ ਦਿਆ ਕਰੇਂ ਤਾਂ ਦੁਆਵਾਂ ਦੇਵਾਂਗਾ।"

ਇਹ ਸੁਣ ਕੇ ਮੈਨੂੰ ਬੜਾ ਸਵਾਦ ਆਇਆ ਤੇ ਮੈਂ ਆਖਿਆ, "ਪੀਰ ਜੀ, ਸ਼ੈਅ ਤਾਂ ਤੁਸਾਂ ਉੱਤਮ ਮੰਗੀ ਏ ਕਿਉਂਕਿ ਤਨਹਾਈ ਜਾਂ ਇਕਲਾਪੇ ਵਿੱਚ ਵਿਲਕਦੇ ਬਾਲ ਨੂੰ ਚੁੱਪ ਕਰਾਣ ਲਈ ਇਹ ਬੜੀ ਹੀ ਚੰਗੀ ਲੋਰੀ ਹੈ । ਪਰ ਕੀ ਕਰਾਂ, ਮੌਲਵੀਆਂ ਦੀ ਵਾਹਰ ਅੱਜਕੱਲ੍ਹ ਇਸ ਵਿਰੁੱਧ ਹੈ ਤੇ ਮੇਰੇ ਵੱਸ ਦਾ ਰੋਗ ਨਹੀਂ।" ਅੰਦਰੋਂ ਉਂਞ ਮੈਂ ਇਹ ਪੁੰਨ ਖੱਟਣਾ ਚਾਹੁੰਦਾ ਸਾਂ।



ਬਸ਼ੀਰੇ ਆਖਿਆ, "ਜਾ ਓਏ ਨਗਰਿਆ ਇਕ ਬੋਤਲ ਨਹੀਂ ਲੱਭ ਸਕਦਾ ਤੇ ਕਾਹਦੀ ਅਫ਼ਸਰੀ ਚੁੱਕੀ ਫਿਰਦੈਂ?"

ਮੈਂ ਕਿਹਾ, "ਬਸ਼ੀਰਿਆ ਮੈਂ ਰੇਲਵੇ ਦਾ ਮੁਲਾਜ਼ਮ ਹਾਂ, ਸ਼ਰਾਬਖ਼ਾਨੇ ਦਾ ਅਫ਼ਸਰ ਨਹੀਂ।"

ਬਸ਼ੀਰੇ ਆਖਿਆ, "ਉਂਞ ਤਾਂ ਮੈਂ ਹਿੰਮਤ ਕਰਾਂ ਤਾਂ ਲੱਭ ਜਾਂਦੀ ਏ। ਇਨ੍ਹਾਂ ਭੇਡਾਂ ਨੇ ਮੇਰਾ ਕੀ ਵਗਾੜਨੈਂ? ਸ਼ਰਧਾ ਦੇ ਸ਼ੁਦਾਅ ਵਿੱਚ ਗੋਡੇ-ਗੋਡੇ ਖੁੱਭੇ ਹੋਏ ਆਪਣੇ ਪੀਰ ਨੂੰ, ਸੰਨ੍ਹ ਮਾਰਦੇ ਵੀ ਨੱਪ ਲੈਣ ਤਾਂ ਆਖਣਗੇ ਸਾਡਾ ਪੀਰ ਟੁੱਟੀ ਹੋਈ ਕੰਧ ਨੂੰ ਇੱਟਾਂ ਲਾ ਰਿਹਾ ਸੀ।"

ਇਸ ਦੇ ਨਾਲ ਹੀ ਰੰਗਲੇ ਦੇ ਬਸ਼ੀਰ ਜਾਂ ਸ਼ਾਹਦਰੇ ਦੇ ਪੀਰ ਨਾਲ ਹੱਥ ਮਿਲਾਇਆ ਤੇ ਘਰ ਨੂੰ ਆ ਗਿਆ। ਮੇਰੀ ਨਾਕਸ ਅਕਲ ਨਾਲ ਲਿਖੀ ਹੋਈ ਇਸ ਲਿਖਤ ਦੇ ਖਲਾਰ ਦਾ ਸਿੱਟਾ ਹੁਣ ਪਾਠਕ ਹੀ ਕੱਢ ਲੈਣ। ਹੋ ਸਕਦਾ ਹੈ ਕੋਈ ਇਸ ਨੂੰ ਦੋ ਘੋੜਾ ਬੋਸਕੀ ਆਖੇ ਤੇ ਕੋਈ ਕੋਰਾ ਲੱਠਾ। ਲੋਕਾਂ ਦੀਆਂ ਮਰਜ਼ੀਆਂ ਉੱਤੇ ਲੇਖਕ ਦਾ ਕੋਈ ਕਬਜ਼ਾ ਨਹੀਂ ਹੁੰਦਾ। ਮੈਂ ਤਾਂ ਏਨਾ ਹੀ ਆਖਾਂਗਾ ਕਿ ਸ਼ਰਧਾ ਨਗੂਣੇ ਪੱਥਰ ਨੂੰ ਵੀ ਭਗਵਾਨ ਬਣਾ ਦੇਂਦੀ ਹੈ । ਕੋਈ ਸ਼ੱਕ ਨਹੀਂ ਕਿ ਦੁਨੀਆਂ ਵਿੱਚ ਅੱਲਾਹ ਵਾਲੇ ਨੇਕ ਬੰਦਿਆਂ ਦਾ ਵੀ ਘਾਟਾ ਨਹੀਂ । ਪਰ ਜਦੋਂ ਅੰਨ੍ਹੀ ਸ਼ਰਧਾ ਬਸ਼ੀਰੇ ਹਰਾਮਦੇ ਵਰਗਿਆਂ ਨੂੰ ਸ਼ਰਾਬ ਉੱਤੇ ਲਾ ਦੇਵੇ ਤਾਂ ਇਨਸਾਨ ਵਾਸਤੇ ਡੁੱਬ ਮਰਨ ਵਾਲੀ ਗੱਲ ਹੈ ।

ਆਖ਼ਰੀ ਗੱਲ ਇਹੀ ਹੈ ਕਿ ਅੱਜ ਦੀ ਦੁਕਾਨਦਾਰੀ ਵਿੱਚ ਨਾ ਕੋਈ ਕਣੀ ਵਾਲਾ ਅਤੇ ਨਾ ਹੀ ਕੋਈ ਕਰਨੀ ਵਾਲਾ ਪੀਰ ਹੈ ਜੋ ਇਨਸਾਨੀ ਰੂਹ ਦੀ ਪੀੜ ਦੂਰ ਕਰ ਸਕੇ। ਇਹ ਸਭ ਕੁਝ ਸਾਡੀ ਆਪਣੀ ਹੀ ਸ਼ਰਧਾ ਦਾ ਸ਼ੁਦਾਅ ਹੈ ਜੋ ਮੜ੍ਹੀਆਂ ਦੀ ਰਾਹੇ ਪਾਈ ਬੈਠਾ ਹੈ। ਅਖ਼ੀਰ ਇਹ ਹੀ ਆਖਣਾ ਪਵੇਗਾ ਕਿ "ਆਪਣੇ ਹੀ ਲਹੂ ਦੀ ਗਰਮੀ ਹੈ ਯਾਰੋ, ਨਸ਼ਾ ਸ਼ਰਾਬ ਵਿੱਚ ਹੁੰਦਾ ਤਾਂ ਨੱਚ ਪੈਂਦੀ ਬੋਤਲ।"

43, ਆਕਲੈਂਡ ਰੋਡ, ਲੰਡਨ-ਈ 15-2 ਏ.ਐੱਨ.,
ਫ਼ੋਨ : 0208-519 21 39

(ਰੋਜ਼ਾਨਾ ਸਪੋਕਸਮੈਨ ਅਖ਼ਬਾਰ, **20 ਸਤੰਬਰ 2017** 'ਚੋਂ ਧੰਨਵਾਦ ਸਹਿਤ!)

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ

ਪਿੰਗਲਵਾੜਾ ਸੰਸਥਾ ਸਮਾਜ ਦੀ ਤਰਫੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ-ਸੰਭਾਲ ਲਈ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਦੇ ਲਈ ਸਹੀ ਇਮਾਰਤ ਅਤੇ ਨਾ ਹੀ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਇਸ ਕਠਿਨ ਰਾਹ ’ਤੇ ਚੱਲ ਪਏ; ਲੇਕਿਨ ਲੋਕ ਮਿਲਦੇ ਗਏ ਅਤੇ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉੱਤਰਾਧਿਕਾਰੀ ਡਾਕਟਰ ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

**ਪਿੰਗਲਵਾੜਾ ਦੇ ਕਾਰਜਾਂ ’ਤੇ ਇੱਕ ਝਾਤ:-**

**1. ਨਿਵਾਸ ਅਤੇ ਸੰਭਾਲ** :-1803 ਤੋਂ ਵਧੇਰੇ ਨਿਵਾਸੀਆਂ ਦੇ ਰਹਿਣ ਲਈ ਪ੍ਰਬੰਧ ਅਤੇ ਬਜ਼ੁਰਗਾਂ ਦੇ ਰਹਿਣ ਲਈ ‘ਆਪਣਾ ਘਰ’। ਪਿੰਗਲਵਾੜਾ ਸੰਸਥਾ ਦੀਆਂ ਅਲੱਗ-ਅਲੱਗ ਬ੍ਰਾਂਚਾਂ ਵਿੱਚ ਬਿਮਾਰੀ ਗ੍ਰਸਤ ਰੋਗੀਆਂ ਦੇ ਰਹਿਣ ਦਾ ਬਹੁਤ ਚੰਗਾ ਪ੍ਰਬੰਧ ਹੈ:-

31 ਅਗਸਤ 2018 ਤਕ ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ:-

| | | | |
|---|---|---|---|
| ਮਾਨਸਿਕ ਰੋਗੀ | 376 | ਏਡਜ਼ ਵਾਲੇ | 21 |
| ਅਧਰੰਗ/ ਪੋਲੀਏ ਵਾਲੇ | 148 | ਮਿਰਗੀ ਵਾਲੇ | 201 |
| ਮੰਦ-ਬੁੱਧੀ ਵਾਲੇ | 441 | ਕੈਂਸਰ ਵਾਲੇ | 01 |
| ਗੂੰਗੇ ਬਹਿਰੇ | 173 | ਸ਼ੂਗਰ ਵਾਲੇ | 87 |
| ਬਜ਼ੁਰਗ | 143 | ਸਕੂਲੀ ਬੱਚੇ | 90 |
| ਜ਼ਖ਼ਮਾਂ ਵਾਲੇ | 29 | ਲਾਵਾਰਸ ਬੱਚੇ | 03 |
| ਟੀ.ਬੀ. ਵਾਲੇ | 17 | ਠੀਕ ਹੋ ਚੁੱਕੇ ਰੋਗੀ | 32 |
| ਨੇਤਰਹੀਣ | 41 | **ਕੁੱਲ ਰੋਗੀ** | **1803** |



| **ਸ਼ਾਖਾਵਾਂ** | **ਰੋਗੀ/ਨਿਵਾਸੀ** |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 337 |
| 2. ਮਾਨਾਂਵਾਲਾ ਕੰਪਲੈਕਸ | 886 |
| 3. ਪੰਡੋਰੀ ਵੜੈਚ ਸ਼ਾਖਾ | 111 |
| 4. ਗੋਇੰਦਵਾਲ ਸ਼ਾਖਾ | 98 |
| 5. ਜਲੰਧਰ ਸ਼ਾਖਾ | 41 |
| 6. ਸੰਗਰੂਰ ਸ਼ਾਖਾ | 212 |
| 7. ਪਲਸੋਰਾ ਸ਼ਾਖਾ (ਚੰਡੀਗੜ੍ਹ) | 118 |
| **ਕੁੱਲ ਰੋਗੀ** | **1803*** |

2. **ਇਲਾਜ ਅਤੇ ਸਹੂਲਤਾਂ** :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ ਦੀਆਂ ਸੁਵਿਧਾਵਾਂ**: ਰੋਗੀਆਂ ਦੇ ਇਲਾਜ ਲਈ ਪਿੰਗਲਵਾੜਾ ਵਿਖੇ ਇਕ ਮੈਡੀਕਲ ਲੈਬੋਰਟਰੀ ਅਤੇ ਡਿਸਪੈਂਸਰੀ ਦੀ ਸੁਵਿਧਾ ਹੈ ਜਿਸ ਦਾ ਖ਼ਰਚ 90 ਲੱਖ ਰੁਪਏ ਸਾਲਾਨਾ ਹੈ।

**(ਅ) ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੰਨ 2009 ਵਿੱਚ ਅਲਟਰਾ ਸਾਊਂਡ ਕੇਂਦਰ ਦੀ ਸਥਾਪਨਾ ਕੀਤੀ ਗਈ ।

**(ੲ) ਸਹਾਇਕ ਸਟਾਫ਼** :- ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬੋਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

**(ਸ) ਖ਼ੂਨਦਾਨ ਕੈਂਪ** :- ਦੁਰਘਟਨਾ ਗ੍ਰਸਤ ਜ਼ਖਮੀਆਂ ਦੀ ਸਹਾਇਤਾ ਲਈ ਅਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਵਰ੍ਹੇ ਭਗਤ ਜੀ ਦੀ ਬਰਸੀ ’ਤੇ 5 ਅਗਸਤ ਨੂੰ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਜਾਂਦਾ ਹੈ।

**(ਹ) ਬਣਾਵਟੀ ਅੰਗ ਕੇਂਦਰ** :- ਜ਼ਰੂਰਤਮੰਦ ਅੰਗਹੀਣਾਂ ਲਈ ਭਗਤ ਪੂਰਨ

* ਰੋਗੀਆਂ ਦੀ ਗਿਣਤੀ ਹਰ ਸਾਲ ਵਧਦੀ ਜਾ ਰਹੀ ਹੈ, ਪਰੰਤੂ ਠੀਕ ਹੋ ਕੇ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਵਾਪਸ ਭੇਜ ਦਿੱਤੇ ਗਏ ਹਨ/ਜਾਂਦੇ ਹਨ ।

ਸਿੰਘ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਰਾਹੀਂ ਬਣਾਵਟੀ ਅੰਗ (ਜਿਵੇਂ ਲੱਤਾਂ ਤੇ ਬਾਹਵਾਂ) ਮੁਫ਼ਤ ਲਗਾਏ ਜਾਂਦੇ ਹਨ। ਨਵੰਬਰ 2003 ਤੋਂ ਹੁਣ ਤਕ 11618 ਬਣਾਵਟੀ ਅੰਗ ਲਗਾਏ ਗਏ ਹਨ।

(ਕ) **ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਬਧ ਰਹਿੰਦੀ ਹੈ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਵੀ ਤਿਆਰ ਰਹਿੰਦੀਆਂ ਹਨ ।

(ਖ) **ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲਿਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ Bera Test ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ।

(ਗ) **ਸਪੈਸ਼ਲ ਓਪਰੇਸ਼ਨ ਥਿਏਟਰ** :- ਮਾਨਾਂਵਾਲਾ ਕੰਪਲੈਕਸ ਵਿੱਚ ਇਕ ਆਧੁਨਿਕ ਓਪਰੇਸ਼ਨ ਥਿਏਟਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਹੱਡੀਆਂ ਦੀ ਜਨਰਲ ਸਰਜਰੀ ਅਤੇ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ਤਾਂ ਕਿ ਜਨਮ ਤੋਂ ਬਹਿਰੇ ਬੱਚਿਆਂ ਨੂੰ ਸੁਣਨ ਲੱਗ ਪਏ ਤੇ ਇਸ ਉਪਰੰਤ ਉਨ੍ਹਾਂ ਦਾ ਗੂੰਗਾਪਣ ਦੂਰ ਹੋ ਸਕੇ।

(ਘ) **ਦੰਦਾਂ ਦਾ ਕਲਿਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਦੇ ਲਈ ਦੰਦਾਂ ਦਾ ਕਲਿਨਿਕ ਵੀ ਸਥਾਪਿਤ ਕੀਤਾ ਗਿਆ ਹੈ।

(ਙ) **ਫਿਜ਼ਿਓਥਿਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਿਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 80 ਮਰੀਜ਼ਾਂ ਦੀ ਫਿਜ਼ਿਓਥਿਰੈਪੀ ਕੀਤੀ ਜਾਂਦੀ ਹੈ।

(ਚ) **ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Centre) :-** ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory centre ਸਥਾਪਿਤ ਕੀਤਾ ਗਿਆ ਹੈ।

(ਛ) **ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ



ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

(ਜ) **ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੀ Rehabilitation ਲਈ ਕੇਂਦਰ ਹੈ।

(ਝ) **ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

**2. ਮੁਫ਼ਤ ਵਿਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-**

(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਇੱਥੇ ਗ਼ਰੀਬ ਅਤੇ ਝੁੱਗੀ-ਝੌਂਪੜੀ ਵਾਲੇ 723 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ 92 ਬੱਚੇ ਪਿੰਗਲਵਾੜਾ ਦੁਆਰਾ ਪਾਲੇ-ਪੋਸੇ ਜਾ ਰਹੇ ਹਨ।

(ਅ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 156 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ ।

ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ ਜਿਸ ਵਿੱਚ 18 ਬੱਚੇ ਸਿੱਖਿਆ ਲੈ ਰਹੇ ਹਨ ।

(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੂਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ।

ਪਿੰਗਲਵਾੜਾ ਦੇ 205 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ :**

ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ ਛਾਇਆ ਹੇਠ 452 ਬੱਚੇ ਮੁਫ਼ਤ ਵਿਦਿਆ ਪ੍ਰਾਪਤ ਕਰ ਰਹੇ ਹਨ।

**(ਕ) ਦਸਤਕਾਰੀ ਸਿੱਖਿਆ ਕੇਂਦਰ :-**

ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚਲ ਰਹੇ ਹਨ। ਇਹ ਸਿਖਲਾਈ ਕੋਰਸ 6 ਮਹੀਨੇ ਦਾ ਹੁੰਦਾ ਹੈ। ਇਹ ਕੇਂਦਰ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਸਥਿਤ ਹੈ। ਮਾਨਾਂਵਾਲਾ ਦੇ ਆਸ-ਪਾਸ ਗ਼ਰੀਬ ਬੱਚੀਆਂ ਲਈ ਇਹ ਪ੍ਰਬੰਧ ਹੈ।

**(ਖ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਪਲਸੋਰਾ, (ਚੰਡੀਗੜ੍ਹ) ।**

ਇੱਥੇ 37 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਗ) ਕੰਪਿਊਟਰ ਸਿੱਖਿਆ :-**

ਸੂਚਨਾ ਅਤੇ ਟੈਕਨੌਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਘ) ਹੋਸਟਲ ਦਾ ਪ੍ਰਬੰਧ :-**

ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 176 ਲੜਕੇ ਲੜਕੀਆਂ ਦੇ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**3. ਵਾਤਾਵਰਣ ਜਾਗਰੂਕਤਾ :-**

ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਦੇ ਲਈ ਬਹੁਤ ਚਿੰਤਿਤ ਰਹਿੰਦੇ ਸਨ; ਇਸ ਲਈ ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ Soil Erosion (ਮਿੱਟੀ ਖੁਰਨ) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਹਰ ਸਾਲ ਭਗਤ ਜੀ ਦੀ ਬਰਸੀ (5 ਅਗਸਤ) ਦੇ ਮੌਕੇ 'ਤੇ ਸੰਸਥਾ ਦੇ ਸੇਵਾਦਾਰਾਂ ਵੱਲੋਂ ਦਰਖਤ ਲਾਉਣ ਦੀ ਮੁਹਿੰਮ ਚਲਾਈ ਜਾਂਦੀ ਹੈ। ਇਹ ਦਰਖਤ ਸਕੂਲਾਂ, ਕਾਲਜਾਂ, ਸ਼ਮਸ਼ਾਨ ਘਾਟਾਂ ਅਤੇ ਜਨਤਕ ਸਥਾਨਾਂ 'ਤੇ ਲਗਾਏ ਜਾਂਦੇ ਹਨ।

**(ੳ) ਨਰਸਰੀ** :- ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ ਜਿਸ ਵਿੱਚ ਲਗਭਗ ਹਰ ਸਾਲ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ** :- ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜੇ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ ਹੈ ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

(ਹ) Water Harvesting (ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ।

(ਕ) ਸੋਲਰ ਪਾਵਰ ਊਰਜਾ

**4. ਪੂਰਨ ਪ੍ਰਿੰਟਿੰਗ ਪ੍ਰੈੱਸ :-**

ਇਸ ਛਾਪੇਖ਼ਾਨੇ ਜੋ ਕਿ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਦੁਆਰਾ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨ-ਸਾਧਾਰਣ ਵਿੱਚ ਕਈ ਸਾਲਾਂ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ 'ਪੂਰਨ ਪ੍ਰਿੰਟਿੰਗ ਪ੍ਰੈੱਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖਰਚਾ 1 ਕਰੋੜ 50 ਲੱਖ ਰੁਪਏ ਹੈ। ਦਾਨੀਆਂ ਦੇ ਸਹਿਯੋਗ ਨਾਲ ਚਲਦੇ ਇਸ ਪ੍ਰੈਸ ਦੀ ਬੜੀ ਵੱਡੀ ਦੇਣ ਹੈ।

**5. ਸਮਾਜ ਕਲਿਆਣ ਸੰਬੰਧੀ ਕਾਰਜ:-**

(ੳ) **ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ। ਸੰਨ 2008 ਵਿੱਚ ਜੁਲਾਈ-ਅਗਸਤ ਵਿੱਚ, ਪੰਜਾਬ ਵਿੱਚ ਜਲੰਧਰ ਅਤੇ ਕਪੂਰਥਲਾ ਜ਼ਿਲ੍ਹਿਆਂ ਦੇ ਹੜ੍ਹ-ਪੀੜਿਤ 800 ਪਰਿਵਾਰਾਂ ਨੂੰ ਰਾਸ਼ਨ, ਘਰੇਲੂ ਸਾਮਾਨ ਅਤੇ ਕੰਬਲ ਵੰਡੇ। ਅਗਸਤ 2010 ਵਿੱਚ ਬੱਦਲ ਫਟਣ ਨਾਲ ਲੇਹ-ਲੱਦਾਖ ਵਿੱਚ ਆਏ ਹੜ੍ਹ ਦੇ ਪੀੜਿਤਾਂ ਲਈ ਡਾ. ਇੰਦਰਜੀਤ ਕੌਰ ਦੀ ਅਗਵਾਈ ਵਿੱਚ ਦੋ ਟਰੱਕ ਰਾਹਤ ਸਮੱਗਰੀ-ਰਾਸ਼ਨ, ਕੰਬਲ ਅਤੇ ਊਨੀ ਕੱਪੜੇ ਦੂਰ-ਦੁਰਾਡੇ ਲੇਹ ਦੇ ਇਲਾਕਿਆਂ ਵਿੱਚ ਵੰਡੇ ਗਏ ।

(ਅ) **ਲਾਵਾਰਸ ਲਾਸ਼ਾਂ ਦਾ ਦਾਹ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਮ ਸੰਸਕਾਰ ਪੂਰੇ ਸਤਿਕਾਰ ਨਾਲ ਕੀਤਾ ਜਾਂਦਾ ਹੈ।

(ੲ) **ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚੱਲ ਰਿਹਾ ਹੈ। ਇਕ ਬਿਰਧ ਘਰ ਮਾਨਾਂਵਾਲਾ ਕੰਪਲੈਕਸ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

(ਸ) **ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:-ਕਠਿਨ ਮਾਰਗ ਦੇ ਪਾਂਧੀ



ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਮੁੱਖ ਪਿੰਗਲਵਾੜਾ, ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)*

(iii) Pingalwara-Home for Homeless

(iv) Pingalwara-A selfless Home (Documentry by Gurmeet Sodhi—a famous American Media personality)

(v) Pingalwara Educational Endeavours

(vi) ਕੁਦਰਤੀ ਖੇਤੀ (Natural Farming)

(vii) ਪਾਣੀ ਦੀ ਸਮੱਸਿਆ

(viii) ਦਰਖ਼ਤ

* ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ **"ਏਹੁ ਜਨਮ ਤੁਮ੍ਹਾਰੇ ਲੇਖੇ"** ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ ਜੋ 30 ਜਨਵਰੀ, 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

**(ix) ਗੁਰਬਾਣੀ ਕੀਰਤਨ ਪਿੰਗਲਵਾੜਾ ਦੇ ਬੱਚਿਆਂ ਦੁਆਰਾ**:-ਇਨ੍ਹਾਂ ਬੱਚਿਆਂ ਦੁਆਰਾ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(x) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ 'ਭਗਤ ਪੂਰਨ ਸਿੰਘ

ਸਮਾਰਕ' ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ 2004 ਨੂੰ ਸਮਰਪਿਤ ਹੈ।

(xi) **ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ ਜੋ ਲਗਪਗ 180 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

1. ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. A 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।
2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।
3. ਪਿੰਗਲਵਾੜਾ ਸੰਸਥਾ ਦਾ PAN ਨੰਬਰ AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regional Department) ਰਜਿਸਟਰਾਰ ਨੰ. 115210002 ਹੈ।
4. ਪਿੰਗਲਵਾੜਾ ਦਾ ਰੋਜ਼ਾਨਾ ਖ਼ਰਚ ਸਾਢੇ ਛੇ ਲੱਖ ਰੁਪਏ ਤੋਂ ਵੱਧ ਹੈ ਜੋ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

**ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਦੀ ਫ਼ਤਿਹ ॥**



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**

(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India,Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |

| | | |
|---|---|---|
| **(IN UK)**<br>**S. GURBAKHSH SINGH**<br>**63 Peacock street, Gravesend, Kent, (U.K.)**<br>**DA12 IEG, Ph. 1474568574** | **(IN CANADA)**<br>**BIBI ABNASH KAUR KANG**<br>**(Pingalwara Soceity of Ontario (Regd.)**<br>**124 Blackmere Cir,**<br>**Brampton, ONT., L6W 4CI,**<br>**Canada**<br>**Ph: 905-450-9664, 416-674-3341**<br>**Email-abnash6@yahoo.com** | **(IN USA)**<br>**JASWANT SAWHNEY CHARITABLE TRUST**<br>**In Association with**<br>**All India Pingawara Charitable Society (Regd.)**<br>**7713 Toburk CT,**<br>**HANOVER, MD 21076-1643 U.S.A.**<br>**BIBI JATINDER KAUR DUSAJ**<br>**Ph. 410-551-8010**<br>**E-mail-kaurg 2004@yahoo.com** |



## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ। ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ।"

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ